ਦਾਦਾ ਭਗਵਾਨ ਕਥਿਤ

# ਪਾਪ-ਪੁੰਨ

ਮਨੁੱਖ ਗਤੀ

ਦੇਵ ਗਤੀ



ਨਰਕ ਗਤੀ

ਤ੍ਰਿਅੰਚ ਗਤੀ

Punjabi

ਦਾਦਾ ਭਗਵਾਨ ਕਥਿਤ

# ਪਾਪ-ਪੁੰਨ

ਮੂਲ ਗੁਜਰਾਤੀ ਸੰਕਲਨ : ਡਾ. ਨੀਰੂਬੇਨ ਅਮੀਨ

ਅਨੁਵਾਦ : ਮਹਾਤਮਾਗਣ

ਪ੍ਰਕਾਸ਼ਕ : ਸ੍ਰੀ ਅਜੀਤ ਸੀ. ਪਟੇਲ
ਦਾਦਾ ਭਗਵਾਨ ਵਿਗਿਆਨ ਫਾਊਂਡੇਸ਼ਨ,
1, ਵਰੁਣ ਅਪਾਰਟਮੈਂਟ, 37, ਸ਼੍ਰੀਮਾਲੀ ਸੁਸਾਇਟੀ,
ਨਵਰੰਗਪੁਰਾ, ਪੁਲਿਸ ਸਟੇਸ਼ਨ ਦੇ ਸਾਹਮਣੇ,
ਨਵਰੰਗਪੁਰਾ, ਅਹਿਮਦਾਬਾਦ- 380009,
Gujarat, India
ਫੋਨ : +91 79 3500 2100

Dada Bhagwan Foundation,
5, Mamta Park Society, B\h. Navgujarat College,
Usmanpura, Ahmedabad – 380014, Gujarat, India.
**Email :** info@dadabhagwan.org
**Tel :** + 91 79 3500 2100

© All Rights Reserved. No part of this publication may be shared, copied, translated or reproduced in any form (including electronic storage or audio recording) without written permission from the holder of the copyright. This publication is licensed for your personal use only.

ਪਹਿਲਾ ਸੰਸਕਰਣ : **500 ਕਾਪੀਆਂ, ਜੂਨ 2021**

ਭਾਵ ਮੁੱਲ : **'ਪਰਮ ਵਿਨੈ' ਅਤੇ**
**'ਮੈਂ ਕੁੱਝ ਵੀ ਨਹੀਂ ਜਾਣਦਾ', ਇਹ ਭਾਵ !**

ਦ੍ਰਵ ਮੁੱਲ : 40 ਰੁਪਏ

ਛਾਪਕ : ਅੰਬਾ ਮਲਟੀਪ੍ਰਿੰਟ, B-99, ਇਲੈਕਟ੍ਰੋਨਿਕਸ GIDC
ਕ-6 ਰੋਡ, ਸੈਕਟਰ-25, ਗਾਂਧੀਨਗਰ-382044
Gujarat, India
ਫੋਨ : +91 79 3500 2142

# ਤ੍ਰਿਮੰਤਰ






ਨਮੋ ਵੀਤਰਾਗਾਯ

ਨਮੋ ਅਰਿਹੰਤਾਣਮ

ਨਮੋ ਸਿੱਧਾਣਮ

ਨਮੋ ਆਯਰਿਯਾਣਮ

ਨਮੋ ਉਵਝਾਯਾਣਮ

ਨਮੋ ਲੋਏ ਸਵ੍ਹ ਸਾਹੂਣਮ

ਐਸੋ ਪੰਚ ਨਮੁਕਾਰੋ ਸਵ੍ਹ ਪਾਵਪਣਾਸਣੋ

ਮੰਗਲਾਣਮ 'ਚ ਸਵ੍ਹੇਸਿਮ

ਪੜ੍ਹਮੰ ਹਵਈ ਮੰਗਲਮ !! (1)

ਓਮ ਨਮੋ ਭਗਵਤੇ ਵਾਸੂਦੇਵਾਯ !! (2)

ਓਮ ਨਮ : ਸ਼ਿਵਾਯ !! (3)

ਜੈ ਸੱਚਿਦਾਨੰਦ





# 'ਦਾਦਾ ਭਗਵਾਨ' ਕੌਣ ?

ਜੂਨ 1958 ਦੀ ਇੱਕ ਸ਼ਾਮ ਦਾ ਕਰੀਬ 6 ਵਜੇ ਦਾ ਸਮਾਂ, ਭੀੜ ਨਾਲ ਭਰਿਆ ਸੂਰਤ ਸ਼ਹਿਰ ਦਾ ਰੇਲਵੇ ਸਟੇਸ਼ਨ, ਪਲੇਟਫਾਰਮ ਨੰ : 3 ਦੀ ਬੈਂਚ 'ਤੇ ਬੈਠੇ ਸ੍ਰੀ ਅੰਬਾਲਾਲ ਮੂਲਜੀਭਾਈ ਪਟੇਲ ਰੂਪੀ ਦੇਹਮੰਦਰ ਵਿੱਚ ਕੁਦਰਤੀ ਤੌਰ 'ਤੇ ਅਕ੍ਰਮ ਰੂਪ ਵਿੱਚ, ਕਈ ਜਨਮਾਂ ਤੋਂ ਪ੍ਰਗਟ ਹੋਣ ਲਈ ਵਿਆਕੁਲ 'ਦਾਦਾ ਭਗਵਾਨ' ਪੂਰਨ ਰੂਪ ਵਿੱਚ ਪ੍ਰਗਟ ਹੋਏ ਅਤੇ ਕੁਦਰਤ ਨੇ ਸਿਰਜਿਆ ਅਧਿਆਤਮ ਦਾ ਅਦਭੁਤ ਅਚੰਭਾ। ਇੱਕ ਹੀ ਘੰਟੇ ਵਿੱਚ ਉਹਨਾਂ ਨੂੰ ਵਿਸ਼ਵ ਦਰਸ਼ਨ ਹੋਇਆ। 'ਮੈਂ ਕੌਣ ? ਭਗਵਾਨ ਕੌਣ ? ਜਗਤ ਕੌਣ ਚਲਾਉਂਦਾ ਹੈ ? ਕਰਮ ਕੀ ਹਨ ? ਮੁਕਤੀ ਕੀ ਹੈ ? ਆਦਿ ਜਗਤ ਦੇ ਸਾਰੇ ਅਧਿਆਤਮਿਕ ਪ੍ਰਸ਼ਨਾਂ ਦਾ ਪੂਰਾ ਰਹੱਸ ਪ੍ਰਗਟ ਹੋਇਆ। ਇਸ ਤਰ੍ਹਾਂ ਕੁਦਰਤ ਨੇ ਵਿਸ਼ਵ ਦੇ ਸਾਹਮਣੇ ਇੱਕ ਅਦੁੱਤੀ ਪੂਰਨ ਦਰਸ਼ਨ ਪੇਸ਼ ਕੀਤਾ ਅਤੇ ਉਸਦੇ ਮਾਧਿਅਮ ਬਣੇ ਸ੍ਰੀ ਅੰਬਾਲਾਲ ਮੂਲਜੀ ਭਾਈ ਪਟੇਲ, ਗੁਜਰਾਤ ਦੇ ਚਰੋਤਰ ਖੇਤਰ ਦੇ ਭਾਦਰਣ ਪਿੰਡ ਦੇ ਪੱਟੀਦਾਰ, ਕਾਂਟਰੈਕਟ ਦਾ ਧੰਦਾ ਕਰਨ ਵਾਲੇ, ਫਿਰ ਵੀ ਪੂਰਨ ਰੂਪ ਵਿੱਚ ਵੀਤਰਾਗ ਪੁਰਖ!

'ਵਪਾਰ ਵਿੱਚ ਧਰਮ ਹੋਣਾ ਚਾਹੀਦਾ ਹੈ, ਧਰਮ ਵਿੱਚ ਵਪਾਰ ਨਹੀਂ', ਇਸ ਸਿਧਾਂਤ ਨਾਲ ਉਹਨਾਂ ਨੇ ਪੂਰਾ ਜੀਵਨ ਬਤੀਤ ਕੀਤਾ। ਜੀਵਨ ਵਿੱਚ ਕਦੇ ਵੀ ਉਹਨਾਂ ਨੇ ਕਿਸੇ ਕੋਲੋਂ ਪੈਸੇ ਨਹੀਂ ਸਨ ਲਏ, ਸਗੋਂ ਆਪਣੀ ਕਮਾਈ ਨਾਲ ਭਗਤਾਂ ਨੂੰ ਯਾਤਰਾ ਕਰਵਾਉਂਦੇ ਸਨ।

ਉਹਨਾਂ ਨੂੰ ਪ੍ਰਾਪਤੀ ਹੋਈ, ਉਸੇ ਤਰ੍ਹਾਂ ਕੇਵਲ ਦੋ ਹੀ ਘੰਟਿਆਂ ਵਿੱਚ ਹੋਰ ਯਾਚਕ ਜਨਾਂ (ਮੁਮੁਕਸ਼ੁ) ਨੂੰ ਵੀ ਉਹ ਆਤਮਗਿਆਨ ਦੀ ਪ੍ਰਾਪਤੀ ਕਰਵਾਉਂਦੇ ਸਨ, ਉਹਨਾਂ ਦੇ ਅਦਭੁਤ ਸਿੱਧ ਹੋਏ ਗਿਆਨ ਪ੍ਰਯੋਗ ਨਾਲ। ਉਸ ਨੂੰ ਅਕ੍ਰਮ ਮਾਰਗ ਕਿਹਾ। ਅਕ੍ਰਮ, ਭਾਵ ਬਿਨਾਂ ਕ੍ਰਮ ਦੇ, ਅਤੇ ਕ੍ਰਮ ਭਾਵ ਇੱਕ-ਇੱਕ ਪੌੜੀ, ਕ੍ਰਮ ਅਨੁਸਾਰ ਉੱਪਰ ਚੜ੍ਹਨਾ। ਅਕ੍ਰਮ ਭਾਵ ਲਿਫ਼ਟ ਮਾਰਗ, ਸ਼ਾਰਟ ਕੱਟ।

ਉਹ ਖੁਦ ਹਰ ਇੱਕ ਨੂੰ 'ਦਾਦਾ ਭਗਵਾਨ ਕੌਣ ?' ਦਾ ਰਹੱਸ ਦੱਸਦੇ ਹੋਏ ਕਹਿੰਦੇ ਸਨ ਕਿ "ਇਹ ਜੋ ਤੁਹਾਨੂੰ ਦਿਸਦੇ ਹਨ ਇਹ ਦਾਦਾ ਭਗਵਾਨ ਨਹੀਂ ਹਨ, ਇਹ ਤਾਂ 'ਏ.ਐਮ.ਪਟੇਲ' ਹਨ। ਅਸੀਂ ਗਿਆਨੀ ਪੁਰਖ ਹਾਂ ਅਤੇ ਅੰਦਰ ਜੋ ਪ੍ਰਗਟ ਹੋਏ ਹਨ, ਉਹ 'ਦਾਦਾ ਭਗਵਾਨ' ਹਨ। ਦਾਦਾ ਭਗਵਾਨ ਤਾਂ ਚੌਦਾਂ ਲੋਕਾਂ ਦੇ ਨਾਥ ਹਨ। ਉਹ ਤੁਹਾਡੇ ਵਿੱਚ ਵੀ ਹਨ, ਸਾਰਿਆਂ ਵਿੱਚ ਹਨ। ਤੁਹਾਡੇ ਵਿੱਚ ਅਵਿਅਕਤ, ਅਪ੍ਰਗਟ ਰੂਪ ਵਿੱਚ ਹਨ ਅਤੇ 'ਇੱਥੇ' ਸਾਡੇ ਅੰਦਰ ਸੰਪੂਰਨ ਰੂਪ ਵਿੱਚ ਪ੍ਰਗਟ ਹੋਏ ਹਨ। ਦਾਦਾ ਭਗਵਾਨ ਨੂੰ ਮੈਂ ਵੀ ਨਮਸਕਾਰ ਕਰਦਾ ਹਾਂ।"

# ਆਤਮਗਿਆਨ ਪ੍ਰਾਪਤੀ ਦਾ ਪ੍ਰਤੱਖ ਲਿੰਕ

"ਮੈਂ ਤਾਂ ਕੁੱਝ ਲੋਕਾਂ ਨੂੰ ਆਪਣੇ ਹੱਥੋਂ ਸਿੱਧੀ ਦੇਣ ਵਾਲਾ ਹਾਂ। ਪਿੱਛੇ ਅਨੁਯਾਈ ਚਾਹੀਦੇ ਹਨ ਕਿ ਨਹੀਂ ਚਾਹੀਦੇ ? ਪਿੱਛੇ ਲੋਕਾਂ ਨੂੰ ਮਾਰਗ ਤਾਂ ਚਾਹੀਦਾ ਹੈ ਨਾ ?"

**-ਦਾਦਾਸ਼੍ਰੀ**

ਪਰਮ ਪੂਜਨੀਕ ਦਾਦਾਸ਼੍ਰੀ ਦੇਸ਼ਾਂ-ਵਿਦੇਸ਼ਾਂ ਵਿੱਚ ਘੁੰਮ ਕੇ ਸਾਧਕਾਂ ਨੂੰ ਸਤਿਸੰਗ ਅਤੇ ਆਤਮਗਿਆਨ ਦੀ ਪ੍ਰਾਪਤੀ ਕਰਵਾਉਂਦੇ ਸਨ। ਆਪ ਨੇ ਆਪਣੇ ਜੀਵਨਕਾਲ ਵਿੱਚ ਹੀ ਡਾ. ਨੀਰੂਬੇਨ ਅਮੀਨ (ਨੀਰੂਮਾਂ) ਨੂੰ ਆਤਮਗਿਆਨ ਪ੍ਰਾਪਤ ਕਰਵਾਉਣ ਦੀ ਸਿੱਧੀ ਦਿੱਤੀ ਸੀ। ਦਾਦਾਸ਼੍ਰੀ ਦੇ ਸਰੀਰ ਛੱਡਣ (ਅਕਾਲ ਚਲਾਣੇ) ਤੋਂ ਬਾਅਦ ਨੀਰੂਮਾਂ ਉਸੇ ਤਰ੍ਹਾਂ ਹੀ ਸਾਧਕਾਂ ਨੂੰ ਸਤਿਸੰਗ ਅਤੇ ਆਤਮਗਿਆਨ ਦੀ ਪ੍ਰਾਪਤੀ, ਨਿਮਿਤ ਭਾਵ ਨਾਲ ਕਰਵਾ ਰਹੇ ਸਨ। ਪੂਜਨੀਕ ਦੀਪਕਭਾਈ ਦੇਸਾਈ ਨੂੰ ਵੀ ਦਾਦਾਸ਼੍ਰੀ ਨੇ ਸਤਿਸੰਗ ਕਰਨ ਦੀ ਸਿੱਧੀ ਦਿੱਤੀ ਸੀ। ਨੀਰੂਮਾਂ ਦੀ ਹਾਜ਼ਰੀ ਵਿੱਚ ਹੀ ਉਹਨਾਂ ਦੇ ਆਸ਼ੀਰਵਾਦ ਨਾਲ ਪੂਜਨੀਕ ਦੀਪਕਭਾਈ ਦੇਸ਼ਾਂ-ਵਿਦੇਸ਼ਾਂ ਵਿੱਚ ਕਈ ਥਾਵਾਂ 'ਤੇ ਜਾ ਕੇ ਸਾਧਕਾਂ ਨੂੰ ਆਤਮਗਿਆਨ ਕਰਵਾ ਰਹੇ ਹਨ, ਜੋ ਨੀਰੂਮਾਂ ਦੇ ਸਰੀਰ ਛੱਡਣ ਤੋਂ ਬਾਅਦ ਅੱਜ ਵੀ ਜਾਰੀ ਹੈ। ਇਸ ਆਤਮਗਿਆਨ ਪ੍ਰਾਪਤੀ ਦੇ ਬਾਅਦ ਹਜ਼ਾਰਾਂ ਸਾਧਕ ਸੰਸਾਰ ਵਿੱਚ ਰਹਿੰਦੇ ਹੋਏ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਵੀ ਮੁਕਤ ਰਹਿ ਕੇ ਆਤਮ ਰਮਣਤਾ ਦਾ ਅਨੁਭਵ ਕਰਦੇ ਹਨ।

ਗ੍ਰੰਥ ਵਿੱਚ ਲਿਖੀ ਬਾਣੀ ਮੋਕਸ਼ ਪ੍ਰਾਪਤ ਕਰਨ ਵਾਲਿਆਂ ਲਈ ਬਹੁਤ ਜ਼ਿਆਦਾ ਉਪਯੋਗੀ ਸਿੱਧ ਹੋਵੇਗੀ, ਪਰ ਮੋਕਸ਼ ਪ੍ਰਾਪਤ ਕਰਨ ਵਾਲਿਆਂ ਲਈ ਆਤਮਗਿਆਨ ਪ੍ਰਾਪਤ ਕਰਨਾ ਜ਼ਰੂਰੀ ਹੈ। ਅਕ੍ਰਮ ਮਾਰਗ ਦੇ ਦੁਆਰਾ ਆਤਮਗਿਆਨ ਦੀ ਪ੍ਰਾਪਤੀ ਦਾ ਰਾਹ ਅੱਜ ਵੀ ਖੁੱਲ੍ਹਾ ਹੈ। ਜਿਵੇਂ ਜਗਦਾ ਹੋਇਆ ਦੀਵਾ ਹੀ ਦੂਜੇ ਦੀਵੇ ਨੂੰ ਜਗਾ ਸਕਦਾ ਹੈ, ਉਸੇ ਤਰ੍ਹਾਂ ਪ੍ਰਤੱਖ ਆਤਮਗਿਆਨੀ ਤੋਂ ਆਤਮਗਿਆਨ ਪ੍ਰਾਪਤ ਕਰਕੇ ਹੀ ਖੁਦ ਦਾ ਆਤਮਾ ਜਾਗ ਸਕਦਾ ਹੈ।

# ਬੇਨਤੀ

ਪਰਮ ਪੂਜਨੀਕ 'ਦਾਦਾ ਭਗਵਾਨ' ਦੇ ਪ੍ਰਸ਼ਨ-ਉੱਤਰੀ ਸਤਿਸੰਗ ਵਿੱਚ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਵਿੱਚ ਉਹਨਾਂ ਦੇ ਸ਼੍ਰੀਮੁੱਖ ਤੋਂ ਅਧਿਆਤਮ ਅਤੇ ਵਿਹਾਰ ਗਿਆਨ ਸਬੰਧੀ ਜੋ ਬਾਣੀ ਨਿਕਲੀ, ਉਸਨੂੰ ਰਿਕਾਰਡ ਕਰਕੇ, ਸੰਕਲਨ ਅਤੇ ਸੰਪਾਦਨ ਕਰਕੇ ਕਿਤਾਬਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਉਸੇ ਸਾਕਸ਼ਾਤ ਸਰਸਵਤੀ ਦਾ ਅਦਭੁਤ ਸੰਕਲਨ ਇਸ ਪੁਸਤਕ ਵਿੱਚ ਹੋਇਆ ਹੈ, ਜੋ ਸਾਡੇ ਸਭ ਲਈ ਵਰਦਾਨ ਰੂਪ ਸਾਬਿਤ ਹੋਵੇਗੀ।

ਪ੍ਰਸਤੁਤ ਅਨੁਵਾਦ ਦੀ ਵਾਕ ਰਚਨਾ ਪੰਜਾਬੀ ਵਿਆਕਰਣ ਦੇ ਮਾਪਦੰਡ 'ਤੇ ਸ਼ਾਇਦ ਪੂਰੀ ਨਾ ਉੱਤਰੇ, ਪਰੰਤੂ ਪੂਜਨੀਕ ਦਾਦਾਸ਼੍ਰੀ ਦੀ ਗੁਜਰਾਤੀ ਬਾਣੀ ਦਾ ਅੱਖਰ-ਅੱਖਰ ਪੰਜਾਬੀ ਅਨੁਵਾਦ ਕਰਨ ਦਾ ਯਤਨ ਕੀਤਾ ਗਿਆ ਹੈ, ਤਾਂ ਕਿ ਵਾਚਕ ਨੂੰ ਇਹ ਅਨੁਭਵ ਹੋਵੇ ਕਿ ਦਾਦਾਜੀ ਦੀ ਹੀ ਬਾਣੀ ਸੁਣੀ ਜਾ ਰਹੀ ਹੈ। ਫਿਰ ਵੀ ਦਾਦਾਸ਼੍ਰੀ ਦੇ ਆਤਮਗਿਆਨ ਦਾ ਸਹੀ ਆਸ਼ਯ, ਜਿਵੇਂ ਦਾ ਤਿਵੇਂ ਤਾਂ, ਤੁਹਾਨੂੰ ਗੁਜਰਾਤੀ ਭਾਸ਼ਾ ਵਿੱਚ ਹੀ ਪ੍ਰਾਪਤ ਹੋਵੇਗਾ। ਜਿਨ੍ਹਾਂ ਨੇ ਗਿਆਨ ਦੀ ਗਹਿਰਾਈ ਵਿੱਚ ਜਾਣਾ ਹੋਵੇ, ਗਿਆਨ ਦਾ ਸਹੀ ਮਰਮ ਸਮਝਣਾ ਹੋਵੇ, ਉਹ ਇਸ ਹੇਤੂ ਗੁਜਰਾਤੀ ਭਾਸ਼ਾ ਸਿੱਖਣ, ਇਹ ਸਾਡਾ ਅਨੁਰੋਧ ਹੈ।

ਅਨੁਵਾਦ ਸਬੰਧੀ ਕਮੀਆਂ ਲਈ ਆਪ ਜੀ ਤੋਂ ਮਾਫ਼ੀ ਚਾਹੁੰਦੇ ਹਾਂ।

# ਪਾਠਕਾਂ ਨੂੰ...

1. ਇਸ ਪੁਸਤਕ ਵਿੱਚ ਮੁਦ੍ਰਿਤ ਪਾਠ ਸਮੱਗਰੀ ਹਿੰਦੀ ਪੁਸਤਕ 'ਪਾਪ-ਪੁੰਨ' ਦਾ ਪੰਜਾਬੀ ਰੂਪਾਂਤਰ ਹੈ।
2. ਇਸ ਪੁਸਤਕ ਵਿੱਚ 'ਆਤਮਾ' ਸ਼ਬਦ ਦਾ ਪ੍ਰਯੋਗ ਸੰਸਕ੍ਰਿਤ ਅਤੇ ਗੁਜਰਾਤੀ ਭਾਸ਼ਾ ਦੀ ਤਰ੍ਹਾਂ ਪੁਲਿੰਗ ਵਿੱਚ ਕੀਤਾ ਗਿਆ ਹੈ।
3. ਜਿੱਥੇ-ਜਿੱਥੇ 'ਚੰਦੂਭਾਈ' ਨਾਮ ਦਾ ਪ੍ਰਯੋਗ ਕੀਤਾ ਗਿਆ ਹੈ, ਉੱਥੇ-ਉੱਥੇ ਪਾਠਕ ਆਪਣਾ ਨਾਮ ਸਮਝ ਕੇ ਪਠਨ ਕਰਨ।
4. ਪੁਸਤਕ ਵਿੱਚ ਜੇ ਕੋਈ ਗੱਲ ਤੁਸੀਂ ਸਮਝ ਨਾ ਸਕੇ ਤਾਂ ਪ੍ਰਤੱਖ ਸਤਿਸੰਗ ਵਿੱਚ ਪਧਾਰ ਕੇ ਸਮਾਧਾਨ ਪ੍ਰਾਪਤ ਕਰਨਾ।
5. **ਦਾਦਾਸ਼੍ਰੀ ਦੇ ਸ਼੍ਰੀਮੁੱਖ ਤੋਂ ਨਿਕਲੇ ਕੁੱਝ ਗੁਜਰਾਤੀ ਸ਼ਬਦ ਉਸੇ ਤਰ੍ਹਾਂ ਰੱਖੇ ਗਏ ਹਨ, ਕਿਉਂਕਿ ਉਹਨਾਂ ਸ਼ਬਦਾਂ ਲਈ ਹਿੰਦੀ ਜਾਂ ਪੰਜਾਬੀ ਵਿੱਚ ਇਹੋ ਜਿਹਾ ਕੋਈ ਸ਼ਬਦ ਨਹੀਂ ਹੈ, ਜੋ ਉਸਦਾ ਪੂਰਨ ਅਰਥ ਦੇ ਸਕੇ। ਜਦੋਂ ਕਿ ਉਹਨਾਂ ਸ਼ਬਦਾਂ ਦੇ (ਸਮਾਨਾਰਥੀ ਸ਼ਬਦ) ਵਿੱਚ ਅਰਥ ਦੇ ਰੂਪ ਵਿੱਚ ਦਿੱਤੇ ਗਏ ਹਨ।**

**-ਡਾ. ਨੀਰਬੇਨ ਅਮੀਨ**

# ਸੰਪਾਦਕੀ

ਸਾਡੇ ਭਾਰਤ ਵਿੱਚ ਤਾਂ ਪਾਪ-ਪੁੰਨ ਦੀ ਸਮਝ ਜਦੋਂ ਬੱਚਾ ਰੁੜ੍ਹਨ ਲੱਗੇ ਉਦੋਂ ਤੋਂ ਹੀ ਦਿੱਤੀ ਜਾਂਦੀ ਹੈ। ਛੋਟਾ ਬੱਚਾ ਜੀਵ-ਜੰਤੂ ਮਾਰ ਰਿਹਾ ਹੋਵੇ, ਤਾਂ ਮਾਂ ਫਟਾਕ ਦੇਣੀ ਉਸਦੇ ਹੱਥ 'ਤੇ ਮਾਰ ਦਿੰਦੀ ਹੈ ਅਤੇ ਕ੍ਰੋਧ ਕਰਕੇ ਕਹਿੰਦੀ ਹੈ, 'ਨਹੀਂ ਮਾਰਦੇ, ਪਾਪ ਲੱਗਦਾ ਹੈ!' ਬਚਪਨ ਤੋਂ ਹੀ ਬਾਲਕ ਨੂੰ ਸੁਣਨ ਨੂੰ ਮਿਲਦਾ ਹੈ, 'ਗਲਤ ਕਰੇਂਗਾ ਤਾਂ ਪਾਪ ਲੱਗੇਗਾ, ਇੰਝ ਨਹੀਂ ਕਰਦੇ।' ਕਈ ਵਾਰ ਮਨੁੱਖ ਨੂੰ ਦੁੱਖ ਆਉਂਦਾ ਹੈ, ਤਾਂ ਰੋ ਪੈਂਦਾ ਹੈ, ਕਹੇਗਾ ਮੇਰੇ ਕਿਹੜੇ ਜਨਮ ਦੇ ਪਾਪਾਂ ਦੀ ਸਜ਼ਾ ਭੁਗਤ ਰਿਹਾ ਹਾਂ। ਚੰਗਾ ਹੋ ਜਾਵੇ ਤਾਂ ਕਹਿਣਗੇ 'ਪੁੰਨਸ਼ਾਲੀ ਹੈ'। ਇਸ ਤਰ੍ਹਾਂ ਪਾਪ-ਪੁੰਨ ਸ਼ਬਦ ਦਾ ਪ੍ਰਯੋਗ ਆਪਣੇ ਵਿਹਾਰ ਵਿੱਚ ਅਕਸਰ ਹੁੰਦਾ ਰਹਿੰਦਾ ਹੈ।

ਭਾਰਤ ਵਿੱਚ ਤਾਂ ਕੀ, ਵਿਸ਼ਵ ਦੇ ਤਮਾਮ ਲੋਕ ਪਾਪ-ਪੁੰਨ ਨੂੰ ਸਵੀਕਾਰ ਕਰਦੇ ਹਨ ਅਤੇ ਉਹਨਾਂ ਵਿੱਚੋਂ ਕਿਸ ਤਰ੍ਹਾਂ ਛੁੱਟਿਆ ਜਾਵੇ, ਉਸਦੇ ਉਪਾਅ ਵੀ ਦੱਸੇ ਗਏ ਹਨ।

ਪਰ ਪਾਪ-ਪੁੰਨ ਦੀ ਯਥਾਰਥ (ਵਾਸਤਵਿਕ) ਪਰਿਭਾਸ਼ਾ ਕੀ ਹੈ ? ਯਥਾਰਥ ਸਮਝ ਕੀ ਹੈ ? ਪਿਛਲੇ ਜਨਮ, ਇਸ ਜਨਮ ਅਤੇ ਅਗਲੇ ਜਨਮ ਦੇ ਨਾਲ ਪਾਪ-ਪੁੰਨ ਦਾ ਕੀ ਸਬੰਧ ਹੈ ? ਜੀਵਨ ਵਿਹਾਰ ਵਿੱਚ ਪਾਪ-ਪੁੰਨ ਦੇ ਫ਼ਲ ਕਿਸ ਤਰ੍ਹਾਂ ਭੁਗਤਣੇ ਪੈਂਦੇ ਹਨ ? ਪੁੰਨ ਅਤੇ ਪਾਪ ਦੇ ਪ੍ਰਕਾਰ ਕਿਹੋ ਜਿਹੇ ਹੁੰਦੇ ਹਨ ? ਉੱਥੋਂ ਲੈ ਕੇ ਠੇਠ ਮੋਕਸ਼ ਮਾਰਗ ਵਿੱਚ ਪਾਪ-ਪੁੰਨ ਦੀ ਕੀ ਉਪਯੋਗਿਤਾ ਹੈ ? ਮੋਕਸ਼ ਪ੍ਰਾਪਤੀ ਲਈ ਪਾਪ-ਪੁੰਨ ਦੋਵੇਂ ਜ਼ਰੂਰੀ ਹਨ ਜਾਂ ਦੋਵਾਂ ਤੋਂ ਮੁਕਤ ਹੋਣਾ ਪਵੇਗਾ ?

ਪਾਪ-ਪੁੰਨ ਦੀਆਂ ਇੰਨੀਆਂ ਸਾਰੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਹਨ, ਕਿ ਇਹਨਾਂ ਵਿੱਚ ਸੱਚ ਕੀ ਹੈ ? ਉਹ ਸਮਾਧਾਨ ਕਿੱਥੋਂ ਮਿਲੇਗਾ ? ਪਾਪ-ਪੁੰਨ ਦੀ ਯਥਾਰਥ ਸਮਝ ਦੀ ਘਾਟ ਦੇ ਕਾਰਣ ਕਈ ਉਲਝਣਾਂ ਖੜ੍ਹੀਆਂ ਹੋ ਜਾਂਦੀਆਂ ਹਨ। ਪੁੰਨ ਅਤੇ ਪਾਪ ਦੀ ਪਰਿਭਾਸ਼ਾ ਕਿਤੇ ਵੀ ਕਲੀਅਰ ਕੱਟ ਅਤੇ ਸ਼ਾਰਟ ਕੱਟ (ਸਪਸ਼ਟ ਅਤੇ ਸੰਖੇਪ) ਵਿੱਚ ਦੇਖਣ ਨੂੰ ਨਹੀਂ ਮਿਲਦੀ। ਇਸ ਲਈ ਪਾਪ-ਪੁੰਨ ਲਈ ਤਰ੍ਹਾਂ-ਤਰ੍ਹਾਂ ਦੀਆਂ ਪਰਿਭਾਸ਼ਾਵਾਂ ਆਮ ਮਨੁੱਖ ਨੂੰ ਉਲਝਾਉਂਦੀਆਂ ਹਨ ਅਤੇ ਅੰਤ ਵਿੱਚ ਪੁੰਨ ਬੰਨ੍ਹਣਾ ਅਤੇ ਪਾਪ ਕਰਨ ਤੋਂ ਰੁਕਣਾ ਤਾਂ ਹੁੰਦਾ ਹੀ ਨਹੀਂ।

ਪਰਮ ਪੂਜਨੀਕ ਦਾਦਾਸ਼੍ਰੀ ਨੇ ਉਹ ਪਰਿਭਾਸ਼ਾ ਬਹੁਤ ਹੀ ਸਰਲ, ਸਿੱਧੀ ਅਤੇ ਸੋਹਣੇ ਢੰਗ ਨਾਲ ਦੇ ਦਿੱਤੀ ਹੈ ਕਿ 'ਦੂਸਰਿਆਂ ਨੂੰ ਸੁੱਖ ਦੇਣ ਨਾਲ ਪੁੰਨ ਬੰਨ੍ਹਦਾ ਹੈ ਅਤੇ ਦੂਸਰਿਆਂ ਨੂੰ ਦੁੱਖ ਦੇਣ ਨਾਲ ਪਾਪ ਬੰਨ੍ਹਦਾ ਹੈ।' ਹੁਣ ਇੰਨੀ ਹੀ ਜਾਗ੍ਰਿਤੀ ਸਾਰਾ ਦਿਨ ਰੱਖੇ ਤਾਂ ਉਸ ਵਿੱਚ ਸਾਰਾ ਹੀ ਧਰਮ ਆ ਗਿਆ ਅਤੇ ਅਧਰਮ ਛੁੱਟ ਗਿਆ!

ਅਤੇ ਭੁੱਲ ਕੇ ਵੀ ਕਿਸੇ ਨੂੰ ਦੁੱਖ ਦੇ ਦਿੱਤਾ ਜਾਵੇ ਤਾਂ ਉਸਦਾ ਤੁਰੰਤ ਹੀ ਪ੍ਰਤੀਕ੍ਰਮਣ ਕਰ ਲਓ। ਪ੍ਰਤੀਕ੍ਰਮਣ ਮਤਲਬ ਜਿਸਨੂੰ ਬਾਣੀ ਤੋਂ, ਵਰਤਨ ਤੋਂ ਜਾਂ ਮਨ ਤੋਂ ਵੀ ਦੁੱਖ ਪਹੁੰਚਿਆ ਹੋਵੇ, ਤਾਂ ਤੁਰੰਤ ਹੀ ਉਸਦੇ ਅੰਦਰ ਬਿਰਾਜਮਾਨ ਆਤਮਾ, ਸ਼ੁੱਧਾਤਮਾ ਤੋਂ ਮਾਫ਼ੀ ਮੰਗ ਲਓ, ਹਿਰਦੇ ਪੂਰਵਕ ਪਛਤਾਵਾ ਹੋਣਾ ਚਾਹੀਦਾ ਹੈ ਅਤੇ ਫਿਰ ਤੋਂ ਇਹੋ ਜਿਹਾ ਨਹੀਂ ਕਰਾਂਗਾ, ਇਹ ਦ੍ਰਿੜ੍ਹ ਨਿਸ਼ਚਾ ਹੋ ਜਾਣਾ ਚਾਹੀਦਾ ਹੈ। ਇੰਨਾ ਹੀ, ਬਸ। ਅਤੇ ਉਹ ਵੀ ਮਨ ਵਿੱਚ, ਪਰ ਦਿਲ ਤੋਂ ਕਰ ਲਓ, ਤਾਂ ਵੀ ਉਸਦਾ ਐਗਜ਼ੈਕਟ (ਯਥਾਰਥ) ਫ਼ਲ ਮਿਲਦਾ ਹੈ।

ਪਰਮ ਪੂਜਨੀਕ ਦਾਦਾਸ੍ਰੀ ਕਹਿੰਦੇ ਹਨ, 'ਜੀਵਨ ਪੁੰਨ ਅਤੇ ਪਾਪ ਦੇ ਉਦੈ ਅਨੁਸਾਰ ਚੱਲਦਾ ਹੈ, ਦੂਸਰਾ ਕੋਈ ਚਲਾਉਣ ਵਾਲਾ ਨਹੀਂ ਹੈ। ਫਿਰ ਕਿੱਥੇ ਕਿਸੇ ਨੂੰ ਦੋਸ਼ ਜਾਂ ਸ਼ਾਬਾਸ਼ੀ ਦੇਣਾ ਰਿਹਾ ? ਇਸ ਲਈ ਪਾਪ ਦਾ ਉਦੈ ਹੋਵੇ, ਤਾਂ ਜ਼ਿਆਦਾ ਯਤਨ ਕੀਤੇ ਬਿਨਾਂ ਸ਼ਾਂਤ ਬੈਠਾ ਰਹਿ ਅਤੇ ਆਤਮਾ ਦਾ ਕਰ। ਪੁੰਨ ਜੇ ਫ਼ਲ ਦੇਣ ਲਈ ਸਾਹਮਣੇ ਹੋਇਆ ਤਾਂ ਫਿਰ ਸੈਂਕੜੇ ਯਤਨ ਕਿਸ ਲਈ ? ਅਤੇ ਪੁੰਨ ਜਦ ਫ਼ਲ ਦੇਣ ਲਈ ਸਾਹਮਣੇ ਨਹੀਂ ਹੋਇਆ ਤਾਂ ਫਿਰ ਸੈਂਕੜੇ ਯਤਨ ਕਿਸ ਲਈ ? ਇਸ ਲਈ ਤੂੰ ਧਰਮ ਕਰ।

ਪਾਪ-ਪੁੰਨ ਸਬੰਧੀ ਆਮ ਪ੍ਰਸ਼ਨਾਂ ਤੋਂ ਲੈ ਕੇ ਸੂਖ਼ਮ-ਅਤਿ ਸੂਖ਼ਮ ਪ੍ਰਸ਼ਨਾਂ ਦੇ ਵੀ ਓਨੇ ਹੀ ਸਰਲ, ਸੰਖੇਪ ਵਿੱਚ ਅਤੇ ਪੂਰੇ ਅਸਰ ਵਾਲੇ ਸਮਾਧਾਨਕਾਰੀ ਉੱਤਰ ਇੱਥੇ ਮਿਲਦੇ ਹਨ, ਪਰਮ ਪੂਜਨੀਕ ਦਾਦਾਸ੍ਰੀ ਦੀ ਆਪਣੀ ਦੇਸੀ ਸ਼ੈਲੀ ਵਿੱਚ! ਮੋਕਸ਼ ਪ੍ਰਾਪਤੀ ਲਈ ਕੀ ਪੁੰਨ ਦੀ ਜ਼ਰੂਰਤ ਹੈ ? ਜੇ ਜ਼ਰੂਰਤ ਹੈ ਤਾਂ ਕਿਹੜਾ ਅਤੇ ਕਿਹੋ ਜਿਹਾ ਪੁੰਨ ਚਾਹੀਦਾ ਹੈ ?

ਪੁੰਨ ਤਾਂ ਚਾਹੀਦਾ ਹੀ ਹੈ ਪਰੰਤੂ ਪੁੰਨਿਆਨੁਬੰਧੀ ਪੁੰਨ ਚਾਹੀਦੇ ਹਨ। ਇੰਨਾ ਹੀ ਨਹੀਂ ਪਰੰਤੂ ਮੋਕਸ਼ ਦੇ ਆਸ਼ਯ ਦੇ ਨਾਲ ਹੀ ਪੁੰਨ ਬੰਨ੍ਹਿਆ ਹੋਣਾ ਚਾਹੀਦਾ ਹੈ। ਜਿਸ ਵਿੱਚ ਕਿ ਉਸ ਪੁੰਨ ਦੇ ਫ਼ਲ ਸਰੂਪ ਮੋਕਸ਼ ਪ੍ਰਾਪਤੀ ਦੇ ਸਾਰੇ ਸਾਧਨ ਅਤੇ ਅੰਤਿਮ ਸਾਧਨ ਆਤਮਗਿਆਨੀ ਦਾ ਮਿਲੇ! ਫਿਰ ਪੁੰਨਿਆਨੁਬੰਧੀ ਪੁੰਨ ਮੋਕਸ਼ ਦੇ ਹੇਤੂ ਲਈ ਬੰਨ੍ਹਿਆ ਹੋਇਆ ਹੋਵੇ ਤਾਂ ਉਸਦੇ ਨਾਲ : (1) ਕ੍ਰੋਧ-ਮਾਨ-ਮਾਇਆ-ਲੋਭ ਘਟੇ ਹੋਏ ਹੋਣੇ ਚਾਹੀਦੇ ਹਨ, ਕਸ਼ਾਏ ਮੰਦ ਹੋ ਜਾਣੇ ਚਾਹੀਦੇ ਹਨ। (2) ਖੁਦ ਦੇ ਕੋਲ ਹੋਵੇ ਉਹ ਦੂਸਰਿਆਂ ਲਈ ਲੁਟਾ ਦੇਵੇ ਅਤੇ (3) ਹਰ ਕਿਰਿਆ ਵਿੱਚ ਬਦਲੇ ਦੀ ਇੱਛਾ ਨਾ ਰੱਖੇ ਤਾਂ ਹੀ ਉਹ ਪੁੰਨ ਮੋਕਸ਼ ਲਈ ਕੰਮ ਆਵੇਗਾ, ਨਹੀਂ ਤਾਂ ਦੂਸਰੇ ਪੁੰਨ ਤਾਂ ਭੌਤਿਕ ਸੁੱਖ ਦੇ ਕੇ ਬਰਫ਼ ਦੀ ਤਰ੍ਹਾਂ ਪਿਘਲ ਜਾਣਗੇ!

ਇਹੋ ਜਿਹੀ ਪਾਪ-ਪੁੰਨ ਦੀ ਯਥਾਰਥ ਸਮਝ ਤਾਂ ਪ੍ਰਗਟ ਗਿਆਨੀ ਪੁਰਖ ਕੋਲੋਂ ਹੀ ਸਤਿਸੰਗ ਵਿੱਚ ਪ੍ਰਸ਼ਨ-ਉੱਤਰ ਦੁਆਰਾ ਪ੍ਰਾਪਤ ਹੋਈ ਹੈ, ਜਿਸਦੀ ਪੇਸ਼ਕਾਰੀ ਇਸ ਸੰਕਲਨ ਵਿੱਚ ਹੋਈ ਹੈ।

**ਡਾ. ਨੀਰੂਬੇਨ ਅਮੀਨ ਦੇ ਜੈ ਸੱਚਿਦਾਨੰਦ**

# ਪਾਪ-ਪੁੰਨ

## ਪਾਪ-ਪੁੰਨ ਦੀ ਨਾ ਮਿਲੇ ਕਿਤੇ ਵੀ ਇਹੋ ਜਿਹੀ ਪਰਿਭਾਸ਼ਾ

**ਪ੍ਰਸ਼ਨਕਰਤਾ** : ਪਾਪ ਅਤੇ ਪੁੰਨ ਭਲਾ ਕੀ ਚੀਜ਼ ਹੈ ?

**ਦਾਦਾਸ਼੍ਰੀ** : ਪਾਪ ਅਤੇ ਪੁੰਨ ਦਾ ਅਰਥ ਕੀ ਹੈ ? ਕੀ ਕਰੀਏ ਤਾਂ ਪੁੰਨ ਹੋਵੇਗਾ ? ਪਾਪ–ਪੁੰਨ ਦਾ ਉਤਪਾਦਨ ਕਿੱਥੋਂ ਹੁੰਦਾ ਹੈ ? ਤਾਂ ਕਹੀਏ, 'ਇਹ ਜਗਤ ਜਿਸ ਤਰ੍ਹਾਂ ਦਾ ਹੈ ਉਸ ਤਰ੍ਹਾਂ ਦਾ ਜਾਣਿਆ ਨਹੀਂ ਹੈ ਲੋਕਾਂ ਨੇ, ਇਸ ਲਈ ਖੁਦ ਨੂੰ ਜਿਵੇਂ ਠੀਕ ਲੱਗੇ ਉਸ ਤਰ੍ਹਾਂ ਵਰਤਦੇ ਹਨ। ਅਰਥਾਤ ਕਿਸੇ ਜੀਵ ਨੂੰ ਮਾਰਦੇ ਹਨ, ਕਿਸੇ ਨੂੰ ਦੁੱਖ ਦਿੰਦੇ ਹਨ, ਕਿਸੇ ਨੂੰ ਤ੍ਰਾਸ ਪਹੁੰਚਾਉਂਦੇ ਹਨ।'

ਕਿਸੇ ਵੀ ਜੀਵ ਮਾਤਰ ਨੂੰ ਕੋਈ ਵੀ ਤ੍ਰਾਸ ਪਹੁੰਚਾਉਣਾ ਜਾਂ ਦੁੱਖ ਦੇਣਾ, ਉਸ ਨਾਲ ਪਾਪ ਬੰਨ੍ਹਿਆ ਜਾਂਦਾ ਹੈ। ਕਿਉਂਕਿ ਗੌਡ ਇਜ਼ ਇਨ ਐਵਰੀ ਕ੍ਰੀਏਚਰ ਵੈਦਰ ਵਿਜ਼ਿਬਲ ਐਂਡ ਇਨਵਿਜ਼ਿਬਲ। (ਅੱਖਾਂ ਨਾਲ ਦਿਖਾਈ ਦੇਣ ਵਾਲੇ ਜਾਂ ਨਾ ਦਿਖਾਈ ਦੇਣ ਵਾਲੇ, ਹਰ ਇੱਕ ਜੀਵ ਮਾਤਰ ਵਿੱਚ ਭਗਵਾਨ ਹੈ।) ਇਸ ਜਗਤ ਦੇ ਲੋਕ, ਹਰ ਇੱਕ ਜੀਵ ਮਾਤਰ ਭਗਵਾਨ ਸਰੂਪ ਹੀ ਹੈ। ਇਹ ਦਰਖਤ ਹੈ, ਉਸ ਵਿੱਚ ਵੀ ਜੀਵ ਹੈ। ਹੁਣ ਇੰਝ ਤਾਂ ਲੋਕ ਮੂੰਹ ਨਾਲ ਬੋਲਦੇ ਜ਼ਰੂਰ ਹਨ ਕਿ ਸਭ ਅੰਦਰ ਭਗਵਾਨ ਹੈ, ਪਰ ਅਸਲ ਵਿੱਚ ਉਸਦੀ ਸ਼ਰਧਾ ਵਿੱਚ ਨਹੀਂ ਹੈ। ਇਸ ਲਈ ਦਰਖਤ ਨੂੰ ਕੱਟਦੇ ਹਨ, ਐਵੇਂ ਹੀ ਬਿਨਾਂ ਕੰਮ ਤੋਂ ਤੋੜਦੇ ਰਹਿੰਦੇ ਹਨ, ਇਸ ਲਈ ਸਭ ਨੁਕਸਾਨ ਕਰਦੇ ਹਨ। ਜੀਵ ਮਾਤਰ ਨੂੰ ਕੁੱਝ ਵੀ ਨੁਕਸਾਨ ਪਹੁੰਚਾਉਣਾ, ਉਸ ਨਾਲ ਪਾਪ ਬੰਨ੍ਹਿਆ ਜਾਂਦਾ ਹੈ ਅਤੇ ਕਿਸੇ ਵੀ ਜੀਵ ਨੂੰ ਕੁੱਝ ਵੀ ਸੁੱਖ ਦੇਣਾ, ਉਸ ਨਾਲ ਪੁੰਨ ਬੰਨ੍ਹਿਆ ਜਾਂਦਾ ਹੈ। ਤੁਸੀਂ ਬਗੀਚੇ ਵਿੱਚ ਪਾਣੀ ਛਿੜਕਦੇ ਹੋ ਤਾਂ ਜੀਵਾਂ ਨੂੰ ਸੁੱਖ ਹੁੰਦਾ ਹੈ ਜਾਂ ਦੁੱਖ ? ਸੁੱਖ ਦਿੰਦੇ ਹੋ, ਉਸ ਨਾਲ ਪੁੰਨ ਬੰਨ੍ਹਦਾ ਹੈ। ਬਸ, ਇੰਨਾ ਹੀ ਸਮਝਣਾ ਹੈ।

ਪੂਰੇ ਜਗਤ ਦੇ ਜੋ ਧਰਮ ਹਨ, ਉਹਨਾਂ ਨੂੰ ਸਾਰ ਦੇ ਰੂਪ ਵਿੱਚ ਜੇ ਕਹਿਣਾ ਹੋਵੇ ਤਾਂ ਇੱਕ ਹੀ ਗੱਲ ਸਮਝਾ ਦਿਓ ਸਭ ਨੂੰ, ਕਿ ਜੇ ਤੁਹਾਨੂੰ ਸੁੱਖ ਚਾਹੀਦਾ ਹੈ ਤਾਂ ਦੂਸਰੇ ਜੀਵਾਂ ਨੂੰ ਸੁੱਖ ਦਿਓ ਅਤੇ ਦੁੱਖ ਚਾਹੀਦਾ ਹੈ ਤਾਂ ਦੁੱਖ ਦਿਓ। ਜੋ ਅਨੁਕੂਲ ਹੋਵੇ ਉਹ ਕਰੋ, ਇਹ ਪੁੰਨ ਅਤੇ ਪਾਪ ਕਹਾਉਂਦਾ ਹੈ। ਸੁੱਖ ਚਾਹੀਦਾ ਹੈ ਤਾਂ ਸੁੱਖ ਦਿਓ, ਉਸ ਨਾਲ ਕ੍ਰੈਡਿਟ ਜਮ੍ਹਾਂ ਹੋਵੇਗਾ ਅਤੇ ਦੁੱਖ ਚਾਹੀਦਾ ਹੈ ਤਾਂ ਦੁੱਖ ਦਿਓ, ਉਸ ਨਾਲ ਡੈਬਿਟ ਜਮ੍ਹਾਂ ਹੋਵੇਗਾ। ਉਸਦਾ ਫ਼ਲ ਤੁਹਾਨੂੰ ਚਖਣਾ ਪਵੇਗਾ।

# ਚੰਗਾ-ਮਾੜਾ, ਪਾਪ-ਪੁੰਨ ਦੇ ਆਧਾਰ ’ਤੇ

ਕੀ ਕਦੇ-ਕਦੇ ਸੰਜੋਗ ਚੰਗੇ ਆਉਂਦੇ ਹਨ ?

**ਪ੍ਰਸ਼ਨਕਰਤਾ :** ਚੰਗੇ ਵੀ ਆਉਂਦੇ ਹਨ।

**ਦਾਦਾਸ਼੍ਰੀ :** ਉਹਨਾਂ ਮਾੜੇ ਅਤੇ ਚੰਗੇ ਸੰਜੋਗਾਂ ਨੂੰ ਕੌਣ ਭੇਜਦਾ ਹੋਵੇਗਾ ? ਆਪਣੇ ਹੀ ਪੁੰਨ ਅਤੇ ਪਾਪ ਦੇ ਆਧਾਰ ’ਤੇ ਸੰਜੋਗ ਆ ਮਿਲਦੇ ਹਨ। ਇਸ ਤਰ੍ਹਾਂ ਹੈ, ਇਸ ਦੁਨੀਆ ਨੂੰ ਕੋਈ ਚਲਾਉਣ ਵਾਲਾ ਨਹੀਂ ਹੈ। ਜੇ ਕੋਈ ਚਲਾਉਣ ਵਾਲਾ ਹੁੰਦਾ ਤਾਂ ਪਾਪ-ਪੁੰਨ ਦੀ ਜ਼ਰੂਰਤ ਨਹੀਂ ਸੀ।

**ਪ੍ਰਸ਼ਨਕਰਤਾ :** ਇਸ ਜਗਤ ਨੂੰ ਚਲਾਉਣ ਵਾਲਾ ਕੌਣ ਹੈ ?

**ਦਾਦਾਸ਼੍ਰੀ :** ਪਾਪ ਅਤੇ ਪੁੰਨ ਦਾ ਪਰਿਣਾਮ। ਪਾਪ ਅਤੇ ਪੁੰਨ ਦੇ ਪਰਿਣਾਮ ਨਾਲ ਇਹ ਜਗਤ ਚਲ ਰਿਹਾ ਹੈ। ਕੋਈ ਭਗਵਾਨ ਨਹੀਂ ਚਲਾਉਂਦੇ ਹਨ। ਕੋਈ ਇਸ ਵਿੱਚ ਹੱਥ ਨਹੀਂ ਪਾਉਂਦਾ ਹੈ।

# ਪੁੰਨ ਪ੍ਰਾਪਤੀ ਦੀਆਂ ਪੌੜੀਆਂ

**ਪ੍ਰਸ਼ਨਕਰਤਾ :** ਹੁਣ ਪੁੰਨ ਅਨੇਕ ਪ੍ਰਕਾਰ ਦੇ ਹਨ, ਤਾਂ ਕਿਸ-ਕਿਸ ਤਰ੍ਹਾਂ ਦੇ ਕੰਮ ਕਰੀਏ ਕਿ ਪੁੰਨ ਕਹਾਉਣਗੇ ਅਤੇ ਪਾਪ ਕਹਾਉਣਗੇ ?

**ਦਾਦਾਸ਼੍ਰੀ :** ਜੀਵ ਮਾਤਰ ਨੂੰ ਸੁੱਖ ਦੇਣਾ, ਉਸ ਵਿੱਚ ਫਸਟ ਪ੍ਰੈਫਰੈਂਸ (ਪਹਿਲਾ ਮਹੱਤਵ) ਮਨੁੱਖ। ਮਨੁੱਖ ਦਾ ਹੋ ਗਿਆ ਤਾਂ ਫਿਰ ਦੂਸਰਾ ਪ੍ਰੈਫਰੈਂਸ ਪੰਜ ਇੰਦਰੀ ਜੀਵ। ਤੀਸਰੇ ਪ੍ਰੈਫਰੈਂਸ ਵਿੱਚ ਚਾਰ ਇੰਦਰੀ, ਤਿੰਨ ਇੰਦਰੀ, ਦੋ ਇੰਦਰੀ, ਇੱਕ ਇੰਦਰੀ, ਇਸ ਤਰ੍ਹਾਂ ਉਹਨਾਂ ਨੂੰ ਸੁੱਖ ਦਿਓ, ਉਸ ਨਾਲ ਹੀ ਪੁੰਨ ਹੁੰਦਾ ਹੈ ਅਤੇ ਉਹਨਾਂ ਨੂੰ ਦੁੱਖ ਦਿਓ, ਉਸ ਨਾਲ ਪਾਪ ਹੁੰਦਾ ਹੈ।

**ਪ੍ਰਸ਼ਨਕਰਤਾ :** ਭੌਤਿਕ ਸੁੱਖ ਮਿਲਦੇ ਹਨ, ਉਹਨਾਂ ਨੇ ਕਿਸ ਤਰ੍ਹਾਂ ਦੇ ਕਰਮ ਕੀਤੇ ਹੋਣਗੇ ਜਿਸ ਨਾਲ ਉਹ ਮਿਲਦੇ ਹਨ ?

**ਦਾਦਾਸ਼੍ਰੀ :** ਜੇ ਕੋਈ ਦੁਖੀ ਹੁੰਦਾ ਹੋਵੇ, ਉਸ ਨੂੰ ਸੁੱਖ ਦਿਓ, ਉਸ ਨਾਲ ਪੁੰਨ ਬੰਨ੍ਹਦਾ ਹੈ ਅਤੇ ਪਰਿਣਾਮ ਸਰੂਪ ਉਸੇ ਤਰ੍ਹਾਂ ਦਾ ਸੁੱਖ ਸਾਨੂੰ ਵੀ ਮਿਲਦਾ ਹੈ। ਕਿਸੇ ਨੂੰ ਦੁੱਖ ਦਿਓ, ਤਾਂ ਤੁਹਾਨੂੰ ਦੁੱਖ ਮਿਲਦਾ ਹੈ। ਜੋ ਤੁਹਾਨੂੰ ਪਸੰਦ ਆਵੇ ਉਹ ਦੇਣਾ।

ਦੋ ਤਰ੍ਹਾਂ ਦੇ ਪੁੰਨ ਹਨ। ਇੱਕ ਪੁੰਨ ਨਾਲ ਭੌਤਿਕ ਸੁੱਖ ਮਿਲਦੇ ਹਨ ਅਤੇ ਦੂਸਰਾ ਇੱਕ ਇਸ ਪ੍ਰਕਾਰ ਦਾ ਪੁੰਨ ਹੈ ਕਿ ਜੋ ਸਾਨੂੰ 'ਸੱਚੀ ਆਜ਼ਾਦੀ' ਪ੍ਰਾਪਤ ਕਰਵਾਉਂਦਾ ਹੈ।

## ਉਹ ਦੋਵੇਂ ਮੰਨੇ ਜਾਂਦੇ ਹਨ ਕਰਮ ਹੀ !

**ਪ੍ਰਸ਼ਨਕਰਤਾ** : ਪਾਪ ਅਤੇ ਕਰਮ ਇੱਕ ਹੀ ਹਨ ਜਾਂ ਅਲੱਗ ਹਨ ?

**ਦਾਦਾਸ਼੍ਰੀ** : ਪੁੰਨ ਅਤੇ ਪਾਪ ਦੋਵੇਂ ਹੀ ਕਰਮ ਕਹਾਉਂਦੇ ਹਨ। ਪ੍ਰੰਤੂ ਪੁੰਨ ਦਾ ਕਰਮ ਕੱਟਦਾ ਨਹੀਂ ਹੈ ਅਤੇ ਪਾਪ ਦਾ ਕਰਮ ਆਪਣੀ ਮਰਜ਼ੀ ਦੇ ਅਨੁਸਾਰ ਹੋਣ ਨਹੀਂ ਦਿੰਦਾ ਅਤੇ ਕੱਟਦਾ ਹੈ।

ਜਦੋਂ ਤੱਕ ਇਹੋ ਜਿਹੀ ਮਾਨਤਾ ਹੈ ਕਿ 'ਮੈਂ ਚੰਦੂਭਾਈ ਹਾਂ', ਉਦੋਂ ਤੱਕ ਕਰਮ ਬੰਨ੍ਹਦੇ ਹੀ ਰਹਿੰਦੇ ਹਨ। ਦੋ ਪ੍ਰਕਾਰ ਦੇ ਕਰਮ ਬੰਨ੍ਹਦੇ ਹਨ। ਪੁੰਨ ਕਰੀਏ ਤਾਂ ਸਦਭਾਵਨਾ ਕਰਮ ਬੰਨ੍ਹਦਾ ਹੈ ਅਤੇ ਪਾਪ ਕਰੀਏ ਤਾਂ ਦੁਰਭਾਵਨਾ ਕਰਮ ਬੰਨ੍ਹਦਾ ਹੈ। ਜਦੋਂ ਤੱਕ ਹੱਕ ਅਤੇ ਅਣਹੱਕ (ਜੋ ਆਪਣੇ ਹੱਕ ਦਾ ਨਾ ਹੋਵੇ) ਦੀ ਵੰਡ ਨਹੀਂ ਹੋਈ, ਉਦੋਂ ਤੱਕ ਲੋਕਾਂ ਦਾ ਦੇਖ ਕੇ ਉਹ ਵੀ ਉਲਟਾ ਸਿੱਖ ਜਾਂਦਾ ਹੈ। ਮਨ ਵਿੱਚ ਅਲੱਗ ਹੁੰਦਾ ਹੈ, ਬਾਣੀ ਵਿੱਚ ਕੁੱਝ ਤੀਸਰਾ ਹੀ ਬੋਲਦਾ ਹੈ ਅਤੇ ਵਿਹਾਰ ਵਿੱਚ ਤਾਂ ਹੋਰ ਹੀ ਤਰ੍ਹਾਂ ਦਾ ਹੁੰਦਾ ਹੈ। ਇਸ ਲਈ ਨਿਰੇ ਪਾਪ ਹੀ ਬੰਨ੍ਹੇ ਜਾਂਦੇ ਹਨ। ਇਸ ਲਈ ਹੁਣ ਲੋਕਾਂ ਨੂੰ ਪਾਪ ਦੀ ਹੀ ਕਮਾਈ ਹੁੰਦੀ ਹੈ।

## ਪਾਪ-ਪੁੰਨ, ਉਹ ਵਿਹਾਰ ਧਰਮ

**ਪ੍ਰਸ਼ਨਕਰਤਾ** : ਤਾਂ ਪੁੰਨ ਅਤੇ ਧਰਮ ਵਿੱਚ ਕੀ ਅੰਤਰ ਹੈ ?

**ਦਾਦਾਸ਼੍ਰੀ** : ਪੁੰਨ, ਉਹ ਵਿਹਾਰ ਧਰਮ ਹੈ, ਸੱਚਾ ਧਰਮ ਨਹੀਂ ਹੈ। ਵਿਹਾਰ ਧਰਮ ਅਰਥਾਤ ਖੁਦ ਸੁਖੀ ਹੋਣ ਲਈ। ਪੁੰਨ ਅਰਥਾਤ ਕ੍ਰੈਡਿਟ। ਇਸ ਨਾਲ ਅਸੀਂ ਸੁਖੀ ਹੋ ਸਕਾਂਗੇ, ਕ੍ਰੈਡਿਟ ਹੋਵੇ ਤਾਂ ਅਸੀਂ ਚੈਨ ਨਾਲ ਰਹਿ ਸਕਾਂਗੇ ਅਤੇ ਫਿਰ ਚੰਗੀ ਤਰ੍ਹਾਂ ਧਰਮ ਹੋ ਸਕੇਗਾ। ਅਤੇ ਪਾਪ ਅਰਥਾਤ ਡੈਬਿਟ। ਪੁੰਨ ਨਾ ਹੋਵੇ, ਕ੍ਰੈਡਿਟ ਨਾ ਹੋਵੇ, ਤਾਂ ਅਸੀਂ ਧਰਮ ਕਿਵੇਂ ਕਰਾਂਗੇ ? ਕ੍ਰੈਡਿਟ ਹੋਵੇ ਤਾਂ ਇੱਕ ਪਾਸੇ ਸ਼ਾਂਤੀ ਰਹੇਗੀ, ਇਸ ਲਈ ਅਸੀਂ ਧਰਮ ਕਰ ਸਕਾਂਗੇ।

**ਪ੍ਰਸ਼ਨਕਰਤਾ** : ਕਿਹੜੇ ਕਰਮ ਕਰਨ ਨਾਲ ਪੁੰਨ ਹੁੰਦਾ ਹੈ ਅਤੇ ਕਿਹੜੇ ਕਰਮ ਕਰਨ ਨਾਲ ਧਰਮ ਹੁੰਦਾ ਹੈ ?

**ਦਾਦਾਸ਼੍ਰੀ** : ਇਹ ਸਾਰੇ ਜੀਵ, ਮਨੁੱਖ, ਦਰਖਤ, ਗਾਂ-ਮੱਝ, ਫਿਰ ਪਸ਼ੂ-ਪੰਛੀ, ਜਲਚਰ ਇਹ ਸਾਰੇ ਜੀਵ ਸੁੱਖ ਲੱਭਦੇ ਹਨ ਅਤੇ ਦੁੱਖ ਕਿਸੇ ਨੂੰ ਪਸੰਦ ਨਹੀਂ ਹੈ। ਇਸ ਲਈ ਤੁਹਾਡੇ ਕੋਲ ਜੋ ਕੁੱਝ ਸੁੱਖ ਹੈ, ਉਹ ਤੁਸੀਂ ਦੂਸਰੇ ਲੋਕਾਂ ਨੂੰ ਦੇ ਦਿਓ ਤਾਂ ਤੁਹਾਡੇ ਖਾਤੇ ਵਿੱਚ ਕ੍ਰੈਡਿਟ ਹੁੰਦਾ ਹੈ, ਪੁੰਨ ਬੰਨ੍ਹਦਾ ਹੈ ਅਤੇ ਦੂਸਰਿਆਂ ਨੂੰ ਦੁੱਖ ਦਿਓ ਤਾਂ ਪਾਪ ਬੰਨ੍ਹਦਾ ਹੈ।

**ਪ੍ਰਸ਼ਨਕਰਤਾ** : ਤਾਂ ਧਰਮ ਕਿਸ ਨੂੰ ਕਿਹਾ ਜਾਂਦਾ ਹੈ ?

**ਦਾਦਾਸ਼੍ਰੀ** : ਧਰਮ ਅਰਥਾਤ ਆਤਮ-ਧਰਮ। ਆਤਮਾ ਦਾ ਖੁਦ ਦਾ ਧਰਮ। ਪਾਪ ਅਤੇ ਪੁੰਨ ਦੋਵੇਂ ਅਹੰਕਾਰ ਦੇ ਧਰਮ ਹਨ। ਅਹੰਕਾਰ ਹੋਵੇ ਉਦੋਂ ਤੱਕ ਪਾਪ ਅਤੇ ਪੁੰਨ ਹੁੰਦੇ ਹਨ। ਅਹੰਕਾਰ ਜਾਵੇ ਤਾਂ ਪਾਪ ਅਤੇ ਪੁੰਨ ਜਾਂਦੇ ਹਨ, ਤਾਂ ਆਤਮ-ਧਰਮ ਹੁੰਦਾ ਹੈ। ਆਤਮਾ ਨੂੰ ਜਾਣਨਾ ਪਵੇਗਾ, ਤਾਂ ਹੀ ਆਤਮ-ਧਰਮ ਹੋਵੇਗਾ।

## ਪਾਪ-ਪੁੰਨ ਤੋਂ ਪਰੇ, ਰੀਅਲ ਧਰਮ

ਰਿਲੇਟਿਵ ਧਰਮ ਕੀ ਕਹਿੰਦੇ ਹਨ ? ਚੰਗਾ ਕਰੋ ਅਤੇ ਮਾੜਾ ਨਾ ਕਰੋ। ਚੰਗਾ ਕਰਨ ਨਾਲ ਪੁੰਨ ਬੰਨ੍ਹਦਾ ਹੈ ਅਤੇ ਮਾੜਾ ਕਰਨ ਨਾਲ ਪਾਪ ਬੰਨ੍ਹਦਾ ਹੈ।

ਪੂਰੀ ਜ਼ਿੰਦਗੀ ਦਾ ਬਹੀਖਾਤਾ ਸਿਰਫ਼ ਪੁੰਨ ਨਾਲ ਹੀ ਨਹੀਂ ਭਰਦਾ। ਕਿਸੇ ਨੂੰ ਗਾਲ੍ਹ ਕੱਢੀ ਤਾਂ ਪੰਜ ਰੁਪਏ ਉਧਾਰੀ ਅਤੇ ਧਰਮ ਕੀਤਾ ਤਾਂ ਸੌ ਰੁਪਏ ਜਮ੍ਹਾਂ ਹੁੰਦੇ ਹਨ। ਪਾਪ-ਪੁੰਨ ਦਾ ਜੋੜ-ਘਟਾਅ ਨਹੀਂ ਹੁੰਦਾ। ਜੇ ਇਸ ਤਰ੍ਹਾਂ ਹੁੰਦਾ ਤਾਂ ਇਹ ਕਰੋੜਪਤੀ ਪਾਪ ਜਮ੍ਹਾਂ ਹੀ ਨਾ ਹੋਣ ਦਿੰਦੇ। ਪੈਸੇ ਖਰਚ ਕਰਕੇ ਉਧਾਰੀ ਉਡਾ ਦਿੰਦੇ। ਪਰ ਇਹ ਤਾਂ ਅਸਲ ਨਿਆਂ ਹੈ। ਉਸ ਵਿੱਚ ਤਾਂ ਜਿਸ ਸਮੇਂ ਜਿਸਦਾ ਉਦੈ ਆਵੇ, ਉਦੋਂ ਉਹ ਸਹਿਣਾ ਪੈਂਦਾ ਹੈ। ਪੁੰਨ ਨਾਲ ਸੁੱਖ ਮਿਲਦਾ ਹੈ ਅਤੇ ਪਾਪ ਦੇ ਫ਼ਲ ਦਾ ਉਦੈ ਆਵੇ ਤਾਂ ਕੌੜਾ ਲੱਗਦਾ ਹੈ। ਫ਼ਲ ਤਾਂ ਦੋਵੇਂ ਚਖਣੇ ਹੀ ਪੈਂਦੇ ਹਨ।

ਭਗਵਾਨ ਕੀ ਕਹਿੰਦੇ ਹਨ ਕਿ ਤੈਨੂੰ ਜੋ ਫ਼ਲ ਚਖਣਾ ਚੰਗਾ ਲੱਗਦਾ ਹੋਵੇ, ਉਸਦਾ ਬੀਜ ਬੀਜਣਾ। ਸੁੱਖ ਚੰਗਾ ਲੱਗਦਾ ਹੋਵੇ ਤਾਂ ਪੁੰਨ ਦਾ ਅਤੇ ਦੁੱਖ ਚੰਗਾ ਲੱਗਦਾ ਹੋਵੇ ਤਾਂ ਪਾਪ ਦਾ ਬੀਜ ਬੀਜਣਾ, ਪਰ ਦੋਵੇਂ ਰਿਲੇਟਿਵ ਧਰਮ ਹੀ ਹਨ, ਰੀਅਲ ਨਹੀਂ ਹਨ।

ਰੀਅਲ ਧਰਮ ਵਿੱਚ, ਆਤਮ-ਧਰਮ ਵਿੱਚ ਤਾਂ ਪੁੰਨ ਅਤੇ ਪਾਪ ਦੋਨਾਂ ਤੋਂ ਮੁਕਤੀ ਚਾਹੀਦੀ ਹੈ। ਰਿਲੇਟਿਵ ਧਰਮਾਂ ਨਾਲ ਭੌਤਿਕ ਸੁੱਖ ਮਿਲਦੇ ਹਨ ਅਤੇ ਮੋਕਸ਼ ਵੱਲ ਪਲਾਇਨ ਹੁੰਦਾ ਹੈ, ਜਦੋਂ ਕਿ ਰੀਅਲ ਧਰਮ ਨਾਲ ਮੋਕਸ਼ ਮਿਲਦਾ ਹੈ।

ਇੱਥੇ 'ਸਾਡੇ' ਕੋਲ ਰੀਅਲ ਧਰਮ ਹੈ। ਉਸ ਨਾਲ ਸਿੱਧਾ ਹੀ ਮੋਕਸ਼ ਮਿਲ ਜਾਂਦਾ ਹੈ। ਇੱਥੇ ਹੀ ਮੋਕਸ਼ ਸੁੱਖ ਵਰਤਦਾ ਹੈ। ਇੱਥੇ ਹੀ ਆਧਿ (ਮਾਨਸਿਕ ਦੁਖ), ਵਿਆਧੀ (ਬੀਮਾਰੀ, ਸ਼ਰੀਰ ਦੇ ਦੁੱਖ), ਉਪਾਧੀ (ਬਾਹਰੀ ਦੁੱਖ, ਬਾਹਰ ਤੋਂ ਆਉਣ ਵਾਲੇ ਦੁੱਖ) ਤੋਂ ਮੁਕਤੀ ਮਿਲ ਜਾਂਦੀ ਹੈ ਅਤੇ ਨਿਰੰਤਰ ਸਮਾਧੀ ਰਹਿੰਦੀ ਹੈ। ਨਿਰਾਕੁਲਤਾ ਉਤਪੰਨ ਹੁੰਦੀ ਹੈ। ਇੱਥੇ ਤਾਂ ਆਤਮਾ ਅਤੇ ਪਰਮਾਤਮਾ ਦੀਆਂ ਗੱਲਾਂ ਹੁੰਦੀਆਂ ਹਨ।

## ਪਰਮਾਣੂ ਫਲੀਭੂਤ ਸਵੈ ਸੁੱਖ-ਦੁੱਖ ਵਿੱਚ

**ਪ੍ਰਸ਼ਨਕਰਤਾ** : ਪਾਪ ਅਤੇ ਪੁੰਨ ਦੇ ਵਿਭਾਗ ਕਿਸਨੇ ਬਣਾਏ ?

**ਦਾਦਾਸ਼੍ਰੀ** : ਕਿਸੇ ਨੇ ਨਹੀਂ ਬਣਾਏ।

**ਪ੍ਰਸ਼ਨਕਰਤਾ** : ਇਹ ਪਾਪ ਹੈ, ਇਹ ਪੁੰਨ ਹੈ ਉਹ ਸਭ ਬੁੱਧੀ ਕਹਿੰਦੀ ਹੈ, ਆਤਮਾ ਨੂੰ ਤਾਂ ਪਾਪ-ਪੁੰਨ ਕੁੱਝ ਹੈ ਹੀ ਨਹੀਂ ਨਾ ?

**ਦਾਦਾਸ਼੍ਰੀ** : ਨਹੀਂ, ਆਤਮਾ ਨੂੰ ਨਹੀਂ ਹੈ। ਸਾਹਮਣੇ ਵਾਲੇ ਨੂੰ ਦੁੱਖ ਹੋਵੇ ਇਸ ਤਰ੍ਹਾਂ ਦੀ ਬਾਣੀ ਅਸੀਂ ਬੋਲੀਏ ਤਾਂ ਉਹ ਬਾਣੀ ਹੀ ਖੁਦ ਪਰਮਾਣੂਆਂ ਨੂੰ ਖਿੱਚਦੀ ਹੈ। ਉਹਨਾਂ ਪਰਮਾਣੂਆਂ ਨੂੰ ਦੁੱਖ ਦਾ ਰੰਗ ਲੱਗ ਜਾਂਦਾ ਹੈ, ਫਿਰ ਉਹ ਪਰਮਾਣੂ ਜਦੋਂ ਫ਼ਲ ਦੇਣ ਲੱਗਣ ਤਾਂ ਉਹ ਦੁੱਖ ਹੀ ਦਿੰਦੇ ਹਨ। ਦੂਸਰੀ ਕੋਈ ਮਿਲਾਵਟ ਇਸ ਵਿੱਚ ਹੈ ਹੀ ਨਹੀਂ।

## ਉਸ ਵਿੱਚ ਜ਼ਿੰਮੇਦਾਰੀ ਕਿਸਦੀ ?

**ਪ੍ਰਸ਼ਨਕਰਤਾ** : ਇੱਕ ਆਦਮੀ ਨੂੰ ਪੈਸੇ ਅਤੇ ਇੱਕ ਆਦਮੀ ਨੂੰ ਗਰੀਬੀ, ਉਹ ਕਿਸ ਤਰ੍ਹਾਂ ਆਉਂਦੇ ਹਨ ? ਮਨੁੱਖ ਵਿੱਚ ਹੀ ਸਭ ਨੇ ਜਨਮ ਲਿਆ ਹੈ ਤਾਂ ਵੀ ?

**ਦਾਦਾਸ਼੍ਰੀ** : ਉਹ ਇਸ ਤਰ੍ਹਾਂ ਹੈ, ਆਪਣਾ ਇਹ ਜੋ ਜਨਮ ਹੁੰਦਾ ਹੈ ਨਾ, ਉਹ ਇਫ਼ੈਕਟ ਹੁੰਦਾ ਹੈ। ਇਫ਼ੈਕਟ ਅਰਥਾਤ ਪਿਛਲੇ ਜਨਮ ਵਿੱਚ ਜੋ ਕਾਜ਼ਜ਼ ਕੀਤੇ ਸਨ, ਉਹਨਾਂ ਦਾ ਇਹ ਫ਼ਲ ਹੈ। ਇਸ ਲਈ ਜਿੰਨਾ ਪੁੰਨ ਹੁੰਦਾ ਹੈ, ਉਸ ਪੁੰਨ ਵਿੱਚ ਕੀ-ਕੀ ਹੁੰਦਾ ਹੈ ? ਤਾਂ ਕਹੀਏ, ਉਸ ਵਿੱਚ ਸੰਜੋਗ ਸਾਰੇ ਚੰਗੇ ਮਿਲ ਜਾਣ ਤਾਂ ਮੱਦਦ ਹੀ ਕਰਦੇ ਰਹਿੰਦੇ ਹਨ। ਬੰਗਲਾ ਬਣਾਉਣਾ ਹੋਵੇ ਤਾਂ ਬੰਗਲਾ ਬਣਦਾ ਹੈ, ਮੋਟਰ ਮਿਲਦੀ ਹੈ! ਅਤੇ ਪਾਪ ਖਰਾਬ ਸੰਜੋਗ ਲਿਆ ਕੇ ਬੰਗਲੇ ਦੀ ਨਿਲਾਮੀ ਕਰਵਾਉਂਦਾ ਹੈ। ਇਸ ਲਈ ਆਪਣੇ ਹੀ ਕਰਮ ਦਾ ਫ਼ਲ ਹੈ। ਉਸ ਵਿੱਚ ਭਗਵਾਨ

ਦੀ ਕੋਈ ਦਖ਼ਲ ਨਹੀਂ ਹੈ! ਯੂ ਆਰ ਹੋਲ ਐਂਡ ਸੋਲ ਰਿਸਪੌਂਸੀਬਲ ਫਾਰ ਯੂਅਰ ਲਾਈਫ਼! ਇੱਕ ਲਾਈਫ਼ ਨਹੀਂ, ਕਿੰਨੀਆਂ ਹੀ ਲਾਈਫ਼ਾਂ ਲਈ ਭਗਵਾਨ ਦਾ ਦਖ਼ਲ ਹੈ ਹੀ ਨਹੀਂ ਇਸ ਵਿੱਚ। ਬਿਨਾਂ ਕੰਮ ਦੇ ਲੋਕ ਭਗਵਾਨ ਦੇ ਪਿੱਛੇ ਪਏ ਹਨ।

## ਪ੍ਰਕਾਰ, ਪਾਪ-ਪੁੰਨ ਦੇ

ਜਗਤ ਵਿੱਚ ਆਤਮਾ ਅਤੇ ਪਰਮਾਣੂ ਦੋ ਹੀ ਹਨ। ਕਿਸੇ ਨੂੰ ਸ਼ਾਂਤੀ ਦਿੱਤੀ ਹੋਵੇ, ਸੁੱਖ ਦਿੱਤਾ ਹੋਵੇ ਤਾਂ ਪੁੰਨ ਦੇ ਪਰਮਾਣੂ ਇਕੱਠੇ ਹੁੰਦੇ ਹਨ ਅਤੇ ਕਿਸੇ ਨੂੰ ਦੁੱਖ ਦਿੱਤਾ ਹੋਵੇ ਤਾਂ ਪਾਪ ਦੇ ਪਰਮਾਣੂ ਇਕੱਠੇ ਹੁੰਦੇ ਹਨ। ਫਿਰ ਉਹ ਹੀ ਕੱਟਦੇ ਹਨ। ਇੱਛਾ ਦੇ ਅਨੁਸਾਰ ਹੁੰਦਾ ਹੈ, ਉਹ ਪੁੰਨ ਅਤੇ ਇੱਛਾ ਦੇ ਵਿਰੁੱਧ ਹੁੰਦਾ ਹੈ, ਉਹ ਪਾਪ। ਪਾਪ ਦੋ ਪ੍ਰਕਾਰ ਦੇ ਹਨ। ਇੱਕ ਪਾਪਾਨੁਬੰਧੀ ਪਾਪ, ਦੂਸਰਾ ਪੁੰਨਿਆਨੁਬੰਧੀ ਪਾਪ ਅਤੇ ਪੁੰਨ ਦੋ ਪ੍ਰਕਾਰ ਦੇ ਹਨ, ਇੱਕ ਪਾਪਾਨੁਬੰਧੀ ਪੁੰਨ, ਦੂਸਰਾ ਪੁੰਨਿਆਨੁਬੰਧੀ ਪੁੰਨ।

## ਪਾਪਾਨੁਬੰਧੀ ਪਾਪ

ਪਾਪਾਨੁਬੰਧੀ ਪਾਪ ਅਰਥਾਤ ਹੁਣ ਪਾਪ ਭੁਗਤਦਾ ਹੈ ਅਤੇ ਵਾਪਸ ਪਾਪ ਦਾ ਨਵਾਂ ਅਨੁਬੰਧ ਬੰਨ੍ਹਦਾ ਹੈ। ਕਿਸੇ ਨੂੰ ਦੁੱਖ ਦਿੰਦਾ ਹੈ ਅਤੇ ਫ਼ਿਰ ਵਾਪਸ ਖੁਸ਼ ਹੁੰਦਾ ਹੈ।

## ਪੁੰਨਿਆਨੁਬੰਧੀ ਪਾਪ

ਪੁੰਨਿਆਨੁਬੰਧੀ ਪਾਪ ਅਰਥਾਤ ਪਿਛਲੇ ਜਨਮ ਦੇ ਪਾਪ ਕਾਰਣ ਹੁਣ ਦੁੱਖ (ਪਾਪ) ਭੁਗਤਦਾ ਹੈ ਪਰ ਨੀਤੀ ਨਾਲ ਅਤੇ ਚੰਗੇ ਸੰਸਕਾਰਾਂ ਕਾਰਣ ਅਨੁਬੰਧ ਪੁੰਨ ਦੇ ਬੰਨ੍ਹਦਾ ਹੈ।

**ਪ੍ਰਸ਼ਨਕਰਤਾ** : ਯਾਨੀ ਦੁੱਖ ਉਪਕਾਰੀ ਹੈ ਨਾ ?

**ਦਾਦਾਸ਼੍ਰੀ** : ਨਹੀਂ, ਜਿਸਨੂੰ 'ਮੈਂ ਸ਼ੁੱਧਾਤਮਾ ਹਾਂ' ਇਹ ਭਾਨ ਹੋ ਗਿਆ ਹੈ ਉਸਦੇ ਲਈ ਦੁੱਖ ਉਪਕਾਰੀ ਹੈ, ਨਹੀਂ ਤਾਂ ਦੁੱਖ ਵਿੱਚੋਂ ਦੁੱਖ ਹੀ ਜਨਮ ਲੈਂਦਾ ਹੈ। ਦੁੱਖ ਵਿੱਚ ਭਾਵ ਤਾਂ ਦੁੱਖ ਦੇ ਹੀ ਆਉਂਦੇ ਹਨ। ਇਸ ਸਮੇਂ ਪੁੰਨਿਆਨੁਬੰਧੀ ਪਾਪ ਵਾਲੇ

ਜੀਵ ਘੱਟ ਹਨ। ਹਨ ਜ਼ਰੂਰ ਪਰ ਉਹਨਾਂ ਨੂੰ ਵੀ ਦੂਸ਼ਮਕਾਲ ਰੁਕਾਵਟ ਹੈ। ਕਿਉਂਕਿ ਇਹ ਪਾਪ ਰੁਕਾਵਟ ਹਨ। ਪਾਪ ਅਰਥਾਤ ਕੀ, ਕਿ ਸੰਸਾਰ ਵਿਹਾਰ ਚਲਾਉਣ ਵਿੱਚ ਅੜਚਨ ਆਵੇ, ਉਹ ਪਾਪ ਕਹਾਉਂਦਾ ਹੈ। ਯਾਨੀ ਬੈਂਕ ਵਿੱਚ ਵਾਧੇ ਦੀ ਗੱਲ ਤਾਂ ਕਿਤੇ ਗਈ ਪਰ ਇਹ ਰੋਜ਼ ਦਾ ਵਿਹਾਰ ਚਲਾਉਣ ਲਈ ਵੀ ਕੁੱਝ ਨਾ ਕੁੱਝ ਅੜਚਣਾਂ ਆਉਂਦੀਆਂ ਰਹਿੰਦੀਆਂ ਹਨ। ਇਹ ਅੜਚਣਾਂ ਆਉਂਦੀਆਂ ਹਨ ਫਿਰ ਵੀ ਮੰਦਰ ਜਾਂਦਾ ਹੈ, ਵਿਚਾਰ ਧਰਮ ਦੇ ਆਉਂਦੇ ਹਨ, ਉਸਨੂੰ ਪੁੰਨਿਆਨੁਬੰਧੀ ਪਾਪ ਕਿਹਾ ਹੈ। ਪੁੰਨ ਬੰਨ੍ਹੇਗਾ ਪਰ ਇਹ ਦੂਸ਼ਮਕਾਲ ਇਹੋ ਜਿਹਾ ਹੈ ਨਾ ਕਿ ਇਸ ਪਾਪ ਨਾਲ ਜ਼ਰਾ ਮੁਸ਼ਕਲਾਂ ਆਉਂਦੀਆਂ ਹਨ, ਇਸ ਲਈ ਅਸਲ ਵਿੱਚ ਜਿਵੇਂ ਦੇ ਚਾਹੀਦੇ ਹਨ ਉਸ ਤਰ੍ਹਾਂ ਦੇ ਪੁੰਨ ਨਹੀਂ ਬੰਨ੍ਹਦੇ। ਅੱਜ-ਕੱਲ੍ਹ ਤਾਂ ਛੂਤ ਲੱਗ ਹੀ ਜਾਂਦਾ ਹੈ ਨਾ! ਮੰਦਰ ਦੇ ਬਾਹਰ ਜੁੱਤੀ ਉਤਾਰੀ ਹੋਵੇ ਨਾ ਤਾਂ ਦੂਸਰੇ ਤੋਂ ਪੁੱਛੀਏ ਕਿ ਕਿਉਂ ਭਾਈ ਜੁੱਤੀ ਇੱਥੇ ਉਤਾਰੀ ਹੈ ? ਤਾਂ ਉਹ ਕਹੇਗਾ ਕਿ ਉਸ ਪਾਸੇ ਤੋਂ ਜੁੱਤੀਆਂ ਚੋਰੀ ਹੋ ਜਾਂਦੀਆਂ ਹਨ, ਇਸ ਲਈ ਇੱਥੇ ਉਤਾਰੀ ਹੈ। ਤਾਂ ਆਪਣੇ ਮਨ ਵਿੱਚ ਵੀ ਵਿਚਾਰ ਆਉਂਦਾ ਹੈ ਕਿ ਉਸ ਪਾਸੇ ਤੋਂ ਲੈ ਜਾਂਦੇ ਹਨ, ਇਸ ਲਈ ਦਰਸ਼ਨ ਦੇ ਸਮੇਂ ਵੀ ਚਿੱਤ ਟਿਕਾਣੇ ਨਹੀਂ ਰਹਿੰਦਾ!

## ਪਾਪਾਨੁਬੰਧੀ ਪੁੰਨ

ਪਹਿਲਾਂ ਦੇ ਪੁੰਨ ਨਾਲ ਅੱਜ ਸੁੱਖ ਭੋਗਦਾ ਹੈ, ਪਰ ਭਿਅੰਕਰ ਪਾਪ ਦੇ ਅਨੁਬੰਧ ਬੰਨ੍ਹਦਾ ਹੈ। ਹੁਣ ਹਰ ਪਾਸੇ ਪਾਪਾਨੁਬੰਧੀ ਪੁੰਨ ਹੈ। ਕਿਸੇ ਸੇਠ ਦਾ ਬੰਗਲਾ ਹੋਵੇ ਤਾਂ ਉਹ ਸੁੱਖ ਨਾਲ ਬੰਗਲੇ ਵਿੱਚ ਨਹੀਂ ਰਹਿ ਸਕਦਾ। ਸੇਠ ਸਾਰਾ ਦਿਨ ਪੈਸਿਆਂ ਲਈ ਬਾਹਰ ਹੁੰਦਾ ਹੈ। ਜਦੋਂਕਿ ਸੇਠਾਣੀ ਮੋਹ ਬਾਜ਼ਾਰ ਵਿੱਚ ਸੋਹਣੀ ਸਾੜੀ ਦੇ ਪਿੱਛੇ ਹੁੰਦੀ ਹੈ ਅਤੇ ਸੇਠ ਦੀ ਬੇਟੀ ਗੱਡੀ ਲੈ ਕੇ ਘੁੰਮਣ ਨਿਕਲੀ ਹੁੰਦੀ ਹੈ। ਨੌਕਰ ਇਕੱਲੇ ਘਰ ਹੁੰਦੇ ਹਨ ਅਤੇ ਪੂਰਾ ਬੰਗਲਾ ਮਟੀਆਮੇਟ ਹੋ ਜਾਂਦਾ ਹੈ। ਪੁੰਨ ਦੇ ਆਧਾਰ 'ਤੇ ਸਭ ਕੁੱਝ, ਬੰਗਲਾ ਮਿਲਿਆ, ਗੱਡੀ ਮਿਲੀ, ਫਰਿੱਜ਼ ਮਿਲਿਆ। ਅਜਿਹਾ ਪੁੰਨ ਹੋਵੇ ਫਿਰ ਵੀ ਪਾਪ ਦੇ ਅਨੁਬੰਧ ਬੰਨ੍ਹੇ, ਇਹੋ ਜਿਹੀ ਕਰਤੂਤ ਹੁੰਦੀ ਹੈ। ਲੋਭ-ਮੋਹ ਵਿੱਚ ਸਮਾ ਜਾਂਦਾ ਹੈ ਅਤੇ ਭੋਗ ਵੀ ਨਹੀਂ ਸਕਦੇ। ਪਾਪਾਨੁਬੰਧੀ ਪੁੰਨ ਵਾਲੇ ਲੋਕ ਤਾਂ ਵਿਸ਼ਿਆਂ ਦੀ ਲੁੱਟਬਾਜ਼ੀ ਹੀ ਕਰਦੇ ਹਨ।

ਇਸ ਲਈ ਤਾਂ ਬੰਗਲੇ ਹਨ, ਗੱਡੀਆਂ ਹਨ, ਵਾਈਫ ਹੈ, ਬੱਚੇ ਹਨ, ਸਭ ਕੁੱਝ ਹੈ ਪਰ ਪੂਰਾ ਦਿਨ ਹਾਏ, ਹਾਏ, ਹਾਏ, ਹਾਏ, ਪੈਸਾ ਕਿੱਥੋਂ ਲਿਆਵਾਂ ? ਇਸ ਤਰ੍ਹਾਂ ਪੂਰਾ ਦਿਨ ਨਿਰੇ ਪਾਪ ਹੀ ਬੰਨ੍ਹਦਾ ਰਹਿੰਦਾ ਹੈ। ਇਸ ਭਵ (ਜਨਮ) ਵਿੱਚ ਪੁੰਨ ਭੋਗਦਾ ਹੈ ਅਤੇ ਅਗਲੇ ਭਵ ਦੇ ਪਾਪ ਬੰਨ੍ਹ ਰਿਹਾ ਹੈ। ਪੂਰਾ ਦਿਨ ਭੱਜਦੌੜ-ਭੱਜਦੌੜ ਹੋਰ ਕੀ ? ਬਾਯ (ਖਰੀਦੋ), ਬੌਰੋ (ਉਧਾਰ ਲਓ), ਐਂਡ ਸਟੀਲ (ਚੋਰੀ ਕਰ ਲਓ)। ਕੋਈ ਨਿਯਮ ਨਹੀਂ। ਬਾਯ ਤਾਂ ਬਾਯ, ਨਹੀਂ ਤਾਂ ਬੌਰੋ, ਨਹੀਂ ਤਾਂ ਸਟੀਲ। ਕਿਸੇ ਵੀ ਤਰ੍ਹਾਂ ਨਾਲ ਇਹ ਹਿੱਤਕਾਰੀ ਨਹੀਂ ਕਹਾਉਂਦਾ।

ਅੱਜ-ਕੱਲ੍ਹ ਤੁਹਾਡੇ ਸ਼ਹਿਰ ਦੇ ਆਸਪਾਸ ਪੁੰਨ ਬਹੁਤ ਵੱਡਾ ਦਿਸਦਾ ਹੈ। ਉਹ ਸਾਰਾ ਪਾਪਾਨੁਬੰਧੀ ਪੁੰਨ ਹੈ। ਅਰਥਾਤ ਪੁੰਨ ਹੈ, ਬੰਗਲੇ ਹਨ, ਗੱਡੀਆਂ ਹਨ, ਘਰ ਸਾਰੀਆਂ ਸੁਵਿਧਾਵਾਂ ਹਨ, ਉਹ ਸਭ ਪੁੰਨ ਦੇ ਆਧਾਰ 'ਤੇ ਹਨ, ਪਰ ਉਹ ਕਿਸ ਤਰ੍ਹਾਂ ਦਾ ਪੁੰਨ ਹੈ ? ਉਸ ਪੁੰਨ ਵਿੱਚੋਂ ਵਿਚਾਰ ਖਰਾਬ ਆਉਂਦੇ ਹਨ ਕਿ ਕਿਸਦਾ ਲੈ ਲਵਾਂ, ਕਿੱਥੋਂ ਲੁੱਟ ਲਵਾਂ ? ਕਿੱਥੋਂ ਇਕੱਠਾ ਕਰਾਂ ? ਕਿਸਦਾ ਭੋਗ ਲਵਾਂ ? ਅਰਥਾਤ ਅਣਹੱਕ ਦਾ ਭੋਗਣ ਦੀ ਤਿਆਰੀ ਹੁੰਦੀ ਹੈ, ਅਣਹੱਕ ਦੀ ਲੱਛਮੀ ਵੀ ਖੋਹ ਲੈਂਦੇ ਹਨ, ਉਹ ਪਾਪਾਨੁਬੰਧੀ ਪੁੰਨ ਹੈ। ਮਨੁੱਖਤਵ (ਮਨੁੱਖਤਾ) ਅਰਥਾਤ ਮੋਕਸ਼ ਵਿੱਚ ਜਾਣ ਦਾ ਟਾਈਮ ਮਿਲਿਆ ਹੈ, ਜਦੋਂ ਕਿ ਇਹ ਤਾਂ ਇਕੱਠਾ ਕਰਨ ਵਿੱਚ ਪਿਆ ਹੋਇਆ ਹੈ। ਉਹ ਪਾਪਾਨੁਬੰਧੀ ਪੁੰਨ ਹੈ। ਉਸ ਵਿੱਚ ਪਾਪ ਹੀ ਬੰਨ੍ਹਦੇ ਰਹਿੰਦੇ ਹਨ, ਯਾਨੀ ਉਹ ਭਟਕਾਏ, ਅਜਿਹਾ ਪੁੰਨ ਹੈ।

ਕਿੰਨੇ ਲੋਕ ਤਾਂ ਛੋਟੇ ਸਟੇਟ ਦੇ ਠਾਕਰ ਹੁੰਦੇ ਹਨ ਨਾ, ਇਹੋ ਜਿਹੇ ਐਸ਼ੋ-ਆਰਾਮ ਨਾਲ ਜਿਉਂਦੇ ਹਨ। ਕਰੋੜਾਂ ਦੇ ਫਲੈਟ ਵਿੱਚ ਰਹਿੰਦੇ ਹਨ। ਪਰ ਗਿਆਨੀ ਕੀ ਦੇਖਦੇ ਹੋਣਗੇ ? ਗਿਆਨੀ ਨੂੰ ਕਰੁਣਾ ਆਉਂਦੀ ਹੈ ਵਿਚਾਰਿਆਂ ਲਈ। ਜਿੰਨੀ ਕਰੁਣਾ ਬੋਰੀਵਲੀ ਵਾਲਿਆਂ (ਮੁੰਬਈ ਦਾ ਮੱਧ ਵਰਗੀ ਇਲਾਕਾ) ਉੱਤੇ ਨਹੀਂ ਆਉਂਦੀ, ਓਨੀ ਕਰੁਣਾ ਇਹਨਾਂ ਉੱਤੇ ਆਉਂਦੀ ਹੈ। ਅਜਿਹਾ ਕਿਸ ਲਈ ?

**ਪ੍ਰਸ਼ਨਕਰਤਾ** : ਕਿਉਂਕਿ ਇਹ ਤਾਂ ਪਾਪਾਨੁਬੰਧੀ ਪੁੰਨ ਹੈ ਇਸ ਲਈ।

**ਦਾਦਾਸ਼੍ਰੀ** : ਪਾਪਾਨੁਬੰਧੀ ਪੁੰਨ ਤਾਂ ਹੈ, ਪਰ ਓ..ਹੋ...ਹੋ...! ਇਹਨਾਂ ਲੋਕਾਂ ਦੇ ਬਰਫ਼ ਵਰਗੇ ਪੁੰਨ ਹਨ। ਜਿਵੇਂ ਬਰਫ਼ ਪਿਘਲਦੀ ਹੈ, ਉਸੇ ਤਰ੍ਹਾਂ ਨਿਰੰਤਰ ਪਿਘਲਦਾ ਹੀ ਰਹਿੰਦਾ ਹੈ, ਉਹ ਗਿਆਨੀਆਂ ਨੂੰ ਦਿਸਦਾ ਹੈ ਕਿ ਪਿਘਲ ਰਿਹਾ ਹੈ! ਮੱਛੀ ਤੜਫ਼ਦੀ ਹੈ, ਉਸੇ ਤਰ੍ਹਾਂ ਤੜਫ਼ ਰਹੇ ਹਨ! ਇਸਦੇ ਬਦਲੇ ਤਾਂ ਬੋਰੀਵਲੀ

ਵਾਲੇ ਦੇ ਪਾਣੀ ਵਰਗੇ ਪੁੰਨ, ਉਸ ਵਿੱਚ ਭਲਾ ਪਿਘਲਣ ਦਾ ਕੀ ਰਿਹਾ ? ਪਰ ਇਹ ਤਾਂ ਪਿਘਲ ਰਿਹਾ ਹੈ।

ਉਹਨਾਂ ਭੋਗਣ ਵਾਲਿਆਂ ਨੂੰ ਪਤਾ ਨਹੀਂ ਹੈ ਅਤੇ ਉਸਦਾ ਸਭ ਕੜਾਪਾ-ਅਜੰਪਾ (ਕੁੜਨ, ਕਲੇਸ਼, ਬੇਚੈਨੀ, ਅਸ਼ਾਂਤੀ, ਘਬਰਾਹਟ), ਭੋਗਣ ਦਾ ਰਿਹਾ ਹੀ ਕਿੱਥੇ ? ਹੁਣ ਇਸ ਕਲਯੁੱਗ ਵਿੱਚ ਭੋਗਣ ਦਾ ਕਿਹੋ ਜਿਹਾ ? ਇਹ ਤਾਂ ਉਲਟਾ ਕਰੂਪ ਦਿਸਦਾ ਹੈ। ਅੱਜ ਤੋਂ ਸੱਠ ਸਾਲ ਪਹਿਲਾਂ ਜੋ ਰੂਪ ਸੀ, ਉਸੇ ਤਰ੍ਹਾਂ ਦਾ ਰੂਪ ਤਾਂ ਹੁਣ ਹੈ ਹੀ ਨਹੀਂ। ਸ਼ਾਂਤੀ ਵਾਲਾ ਮੁੰਬਈ ਸੀ।

ਹੁਣ ਉਹ ਰੂਪ ਹੀ ਨਹੀਂ ਹੈ। ਸੱਠ ਸਾਲ ਪਹਿਲਾਂ ਤਾਂ ਮਰੀਨ ਲਾਈਨਸ 'ਤੇ ਰਹਿੰਦੇ ਹੋਈਏ ਨਾ ਤਾਂ ਦੇਵਗਤੀ ਵਰਗਾ ਲੱਗਦਾ ਸੀ। ਹੁਣ ਤਾਂ ਉੱਥੇ ਹੱਕੇ-ਬੱਕੇ ਦਿਸਦੇ ਹਨ! ਪੂਰਾ ਦਿਨ ਅਕੁਲਾਏ ਹੋਏ ਅਤੇ ਪਰੇਸ਼ਾਨ ਜਿਹੇ ਐਸੇ-ਵੈਸੇ ਲੋਕ ਦਿਸਦੇ ਹਨ। ਉਹਨਾਂ ਦਿਨਾਂ ਵਿੱਚ ਤਾਂ ਸਵੇਰੇ ਪਹਿਲਾਂ ਬੈਠ ਕੇ ਪੇਪਰ ਪੜ੍ਹ ਰਹੇ ਹੁੰਦੇ ਤਾਂ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਸਾਰੇ ਦੇਵੀ-ਦੇਵਤੇ ਪੇਪਰ ਪੜ੍ਹ ਰਹੇ ਹੋਣ। ਕੜਾਪਾ ਨਹੀਂ, ਅਜੰਪਾ ਨਹੀਂ। ਸਵੇਰੇ ਪਹਿਲਾਂ ਮੁੰਬਈ ਸਮਾਚਾਰ ਆਇਆ ਹੋਵੇ, ਅਤੇ ਹੋਰ ਵੀ ਪੇਪਰ ਸਨ ਪਰ ਉਹਨਾਂ ਸਭ ਦੇ ਨਾਮ ਅਲੋਪ ਹੋ ਗਏ ਹਨ। ਮੈਂ ਵੀ ਮਰੀਨ ਲਾਈਨਸ ਉਤਰਦਾ ਸੀ। ਪਰ ਲੋਕਾਂ ਨੂੰ ਤਾਂ ਸ਼ਾਂਤੀ ਬਹੁਤ ਸੀ ਉਸ ਸਮੇਂ! ਇੰਨੀ ਹਾਏ-ਹਾਏ ਨਹੀਂ ਸੀ। ਇੰਨਾ ਲੋਭ ਨਹੀਂ, ਇੰਨਾ ਮੋਹ ਨਹੀਂ, ਇੰਨੀ ਤ੍ਰਿਸ਼ਣਾ ਨਹੀਂ ਅਤੇ ਸ਼ੁੱਧ ਘਿਓ ਵਿੱਚ ਤਾਂ ਸ਼ੰਕਾ ਹੀ ਨਹੀਂ ਕਰਨੀ ਪੈਂਦੀ ਸੀ, ਸ਼ੰਕਾ ਹੁੰਦੀ ਹੀ ਨਹੀਂ ਸੀ। ਹੁਣ ਤਾਂ ਸ਼ੁੱਧ ਲੈਣ ਜਾਈਏ ਤਾਂ ਵੀ ਨਹੀਂ ਮਿਲਦਾ।

ਮਾਲਾਬਾਰ ਹਿੱਲ ਜਿੰਨਾ ਪੁੰਨ ਹੋਵੇ, ਪਰ ਬਰਫ਼ ਦੇ ਪਹਾੜ ਹਨ ਉਹ ਪੁੰਨ। ਬੜਾ ਮਾਲਾਬਾਰ ਹਿੱਲ ਜਿੰਨੀ ਬਰਫ਼ ਹੋਵੇ, ਪਰ ਉਹ ਦਿਨੋ-ਦਿਨ ਕੀ ਹੁੰਦੀ ਜਾਵੇਗੀ ? ਚੌਵੀ ਘੰਟੇ ਪਿਘਲਦੀ ਹੀ ਰਹੇਗੀ ਨਿਰੰਤਰ। ਪਰ ਉਸਨੂੰ ਖੁਦ ਨੂੰ ਪਤਾ ਨਹੀਂ ਇਸ ਮਾਲਾਬਾਰ ਹਿੱਲ ਵਿੱਚ ਰਹਿਣ ਵਾਲੇ ਲੋਕਾਂ ਨੂੰ, ਟੌਪ ਕਲਾਸ ਦੇ ਲੋਕਾਂ ਨੂੰ ਕਿ ਆਪਣਾ ਕੀ ਹੋ ਰਿਹਾ ਹੈ ? ਦਿਨ-ਰਾਤ ਪੁੰਨ ਪਿਘਲਦੇ ਹੀ ਰਹਿੰਦੇ ਹਨ, ਇਹ ਤਾਂ ਕਰੁਣਾ ਆਵੇ ਇਹੋ ਜਿਹਾ ਹਾਲ ਹੈ! ਇੱਥੋਂ ਕੀ ਖਾਂਦੇ-ਖਾਂਦੇ, ਕੀ ਖਾਣਾ ਪਵੇਗਾ, ਉਹ ਖਬਰ ਨਹੀਂ ਹੈ ਇਸ ਲਈ ਇਹ ਸਭ ਚੱਲ ਰਿਹਾ ਹੈ। ਪਾਪਾਨੁਬੰਧੀ ਪੁੰਨ ਹੈ। ਪੂਰਾ ਦਿਨ ਹਾਏ ਪੈਸਾ ਹਾਏ ਪੈਸਾ! ਕਿੱਥੋਂ ਪੈਸੇ ਇਕੱਠੇ ਕਰਾਂ, ਪੂਰਾ ਦਿਨ ਉਸਦੇ ਹੀ ਵਿਚਾਰਾਂ ਵਿੱਚ, ਕਿੱਥੋਂ ਵਿਸ਼ਿਆਂ ਦਾ ਸੁੱਖ ਭੋਗ ਲਵਾਂ, ਕੁੱਝ ਏਦਾਂ ਕਰਾਂ, ਓਦਾਂ ਕਰਾਂ, ਪੈਸਾ! ਹਾਏ, ਹਾਏ, ਹਾਏ, ਹਾਏ। ਅਤੇ ਦੇਖੋ ਪੁੰਨ ਦੇ ਵੱਡੇ-ਵੱਡੇ

ਪਹਾੜ ਪਿਘਲਣ ਲੱਗੇ ਹਨ। ਉਹ ਪੁੰਨ ਖਤਮ ਹੋ ਜਾਣ ਵਾਲਾ ਹੈ, ਵਾਪਸ, ਜਿਵੇਂ ਦੇ ਸੀ ਉਸੇ ਤਰ੍ਹਾਂ ਦੇ, ਦੋਵੇਂ ਹੱਥ ਖਾਲੀ ਦੇ ਖਾਲੀ। ਫਿਰ ਚਾਰ ਪੈਰਾਂ ਵਿੱਚ ਜਾ ਕੇ ਟਿਕਾਣਾ ਨਹੀਂ ਪਵੇਗਾ। ਇਸ ਲਈ ਗਿਆਨੀ ਕਰੁਣਾ ਰੱਖਦੇ ਹਨ ਕਿ ਓ...ਹੋ...ਹੋ...! ਇਸ ਦੁੱਖ ਵਿੱਚੋਂ ਛੁੱਟਣ ਤਾਂ ਚੰਗਾ। ਕੁੱਝ ਚੰਗਾ ਸੰਜੋਗ ਮਿਲ ਜਾਵੇ ਤਾਂ ਚੰਗਾ। ਦੇਖੋ ਨਾ ਇਹਨਾਂ ਨੂੰ ਚੰਗਾ ਸੰਜੋਗ ਮਿਲ ਗਿਆ ਹੈ। ਇਹ ਸੇਠ ਤਾਂ ਕਦੋਂ ਉੱਥੋਂ ਛੁਟਕਾਰਾ ਹੋਵੇ ਅਤੇ ਕਦੋਂ ਇੱਥੇ ਆ ਜਾਣ, ਇਹੋ ਜਿਹੀ ਸਾਡੀ ਇੱਛਾ ਜ਼ਰੂਰ ਹੈ ਪਰ ਕੋਈ ਮੇਲ ਨਹੀਂ ਮਿਲਦਾ ਨਾ ਅਤੇ ਜਿਨ੍ਹਾਂ ਦਾ ਮੇਲ ਮਿਲਦਾ ਹੈ ਉਹ ਆਉਂਦੇ ਵੀ ਹਨ ਫਿਰ।

**ਪ੍ਰਸ਼ਨਕਰਤਾ** : ਦਾਦਾ, ਦੂਸਰੇ ਪੜ੍ਹਨ ਵਾਲਿਆਂ ਨੂੰ ਮੋਕਸ਼ ਦੀਆਂ ਹੋਰ ਗੱਲਾਂ ਸਮਝ ਵਿੱਚ ਨਹੀਂ ਆਉਂਦੀਆਂ, ਪਰ ਇਹਨਾਂ ਦੁੱਖ ਦੀਆਂ ਗੱਲਾਂ ਬਾਰੇ ਤਾਂ ਬਹੁਤ ਸਮਝ ਵਿੱਚ ਆ ਜਾਂਦਾ ਹੈ।

**ਦਾਦਾਸ਼੍ਰੀ** : ਉਹ ਤਾਂ ਸਮਝ ਵਿੱਚ ਆਵੇਗਾ, ਸਭ ਨੂੰ ਸਮਝ ਵਿੱਚ ਆਵੇਗਾ, ਇਹ ਦੀਵੇ ਵਰਗੀ ਗੱਲ ਹੈ! ਓਏ ਮੋਕਸ਼ ਦੀ ਗੱਲ ਨੂੰ ਰੱਖੋ ਦੂਰ, ਪਰ ਦੁੱਖ ਦਾ ਨਿਵਾਰਣ (ਖਾਤਮਾ) ਤਾਂ ਹੋਇਆ ਅੱਜ! ਸੰਸਾਰੀ ਦੁੱਖ ਦਾ ਅਭਾਵ ਤਾਂ ਹੋਇਆ! ਅਤੇ ਉਹੀ ਮੁਕਤੀ ਦੀ ਪਹਿਲੀ ਨਿਸ਼ਾਨੀ ਹੈ। ਦੁੱਖ ਮੁਕਤ ਹੋਏ, ਸੰਸਾਰ ਦੇ ਦੁੱਖਾਂ ਤੋਂ।

## ਓਵਰਡਰਾਫ਼ਟ ਦਾ ਖਰਚ ਐਡਵਾਂਸ ਵਿੱਚ !

ਚਾਰ ਘਰ ਦੇ ਮਾਲਕ, ਪਰ ਘਰ ਵਿੱਚ ਪੰਜ ਰੁਪਏ ਨਹੀਂ ਹੁੰਦੇ ਅਤੇ ਭਾਵਨਗਰ ਦੇ ਰਾਜੇ ਵਰਗਾ ਰੌਅਬ ਹੁੰਦਾ ਹੈ! ਤਾਂ ਉਹ ਅਹੰਕਾਰ ਦਾ ਕੀ ਕਰਨਾ ਹੈ ?

**ਪ੍ਰਸ਼ਨਕਰਤਾ** : ਦਾਦਾ, ਪਰ ਕਿੰਨੀ ਵਾਰ ਵਿਹਾਰ ਵਿੱਚ ਇਸ ਤਰ੍ਹਾਂ ਹੁੰਦਾ ਹੈ ਕਿ ਮਨੁੱਖ ਇਸ ਤਰ੍ਹਾਂ ਸਭ ਰੱਖਦਾ ਹੈ ਨਾ, ਉਸਨੂੰ ਇੰਝ ਸਭ ਮਿਲ ਆਉਂਦਾ ਹੈ।

**ਦਾਦਾਸ਼੍ਰੀ** : ਮਿਲ ਆਉਂਦਾ ਹੈ, ਪਰ ਸਾਰੇ ਪਾਪ ਬੰਨ੍ਹ ਕੇ ਮਿਲਦਾ ਹੈ। ਉਸਦਾ ਨਿਯਮ ਹੀ ਇਸ ਤਰ੍ਹਾਂ ਦਾ ਹੈ, ਤੇਰਾ ਸਭ ਕੁੱਝ ਖਰਚ ਕਰਕੇ, ਤੇਰਾ ਕਾਊਂਟਰ ਵੇਟ ਰੱਖ ਕੇ ਤੂੰ ਇਹ ਲੈਂਦਾ ਹੈਂ ਅਤੇ ਅੱਜ ਨਾ ਹੋਵੇ ਤਾਂ ਓਵਰਡਰਾਫ਼ਟ ਲੈਂਦਾ ਹੈ। ਉਹ ਓਵਰਡਰਾਫ਼ਟ ਲੈ ਕੇ ਫਿਰ ਮਨੁੱਖ ਵਿੱਚੋਂ ਜਾਨਵਰ ਵਿੱਚ ਹੀ ਜਾਂਦਾ ਹੈ। ਉਠਾਪਟਕ ਕਰ ਕੇ ਲਿਆ ਹੋਇਆ ਕੰਮ ਦਾ ਨਹੀਂ ਹੈ, ਉਹ ਤਾਂ ਆਪਣੇ ਪੁੰਨ ਦਾ ਸਹਿਜ ਮਿਲਿਆ ਹੋਇਆ ਹੋਣਾ ਚਾਹੀਦਾ ਹੈ।

ਇਸ ਲਈ ਮਿਲ ਜਾਂਦਾ ਹੈ, ਪਰ ਸਭ ਓਵਰਡਰਾਫ਼ਟ ਲੈਂਦੇ ਹਨ। ਮਨ ਵਿੱਚੋਂ ਚੋਰੀ ਦੇ ਵਿਚਾਰ ਜਾਂਦੇ ਨਹੀਂ, ਝੂਠ ਦੇ ਵਿਚਾਰ, ਕਪਟ ਦੇ ਵਿਚਾਰ ਜਾਂਦੇ ਨਹੀਂ, ਪ੍ਰਪੰਚ ਦੇ ਵਿਚਾਰ ਜਾਂਦੇ ਨਹੀਂ। ਫਿਰ ਕੀ, ਨਿਰੇ ਪਾਪ ਹੀ ਬੰਨ੍ਹਦੇ ਰਹਿਣਗੇ ਨਾ ? ਇਹ ਸੱਬ ਨਹੀਂ ਹੋਣਾ ਚਾਹੀਦਾ, ਮਿਲ ਜਾਵੇ ਤਾਂ ਵੀ! ਇਸ ਲਈ ਮੈਂ ਤਾਂ ਭੇਖ (ਸੰਨਿਆਸ) ਲੈਣ ਨੂੰ ਤਿਆਰ ਸੀ ਕਿ ਜੇ ਇਸ ਤਰ੍ਹਾਂ ਦੋਸ਼ ਬੰਨ੍ਹਦੇ ਹੋਣ ਤਾਂ ਸੰਨਿਆਸ ਲੈਣਾ ਚੰਗਾ। ਨਿਰੀਆਂ ਭਿਅੰਕਰ ਉਪਾਧੀਆਂ, ਇੰਨੇ ਤਾਪ ਵਿੱਚ ਉੱਬਲ ਗਏ! ਅਗਿਆਨਤਾ ਵਿੱਚ ਤਾਂ ਬਹੁਤ ਸਮਝਦਾਰ ਆਦਮੀ, ਇੱਕ ਘੰਟਾ ਹੀ ਜੇ ਉੱਬਲਦਾ ਹੈ, ਉਸ ਉਮਸ ਕਾਰਣ ਮਨ ਵਿੱਚ ਇਸ ਤਰ੍ਹਾਂ ਹੁੰਦਾ ਹੈ ਕਿ ਓਏ, ਹੁਣ ਕੁੱਝ ਨਹੀਂ ਚਾਹੀਦਾ। ਮੋਟੀ ਬੁੱਧੀ ਵਾਲੇ ਨੂੰ ਉਮਸ ਸਮਝ ਵਿੱਚ ਘੱਟ ਆਉਂਦੀ ਹੈ, ਪਰ ਸੂਖ਼ਮ ਬੁੱਧੀ ਵਾਲੇ ਨੂੰ ਉਮਸ ਸਹਿਣ ਕਿਸ ਤਰ੍ਹਾਂ ਹੋਵੇ ? ਉਹ ਤਾਂ ਅਚੰਭਾ ਹੈ!

## ਪੁੰਨਿਆਨੁਬੰਧੀ ਪੁੰਨ

ਇੱਕ ਪੁੰਨ ਜਿਹੜਾ ਨਾ ਭਟਕਾਏ ਇਸ ਤਰ੍ਹਾਂ ਦਾ ਹੁੰਦਾ ਹੈ, ਉਹ ਪੁੰਨ ਇਸ ਕਾਲ ਵਿੱਚ ਬਹੁਤ ਹੀ ਘੱਟ ਹੁੰਦਾ ਹੈ ਅਤੇ ਉਹ ਹੁਣ ਥੋੜ੍ਹੇ ਸਮੇਂ ਬਾਅਦ ਖਤਮ ਹੋ ਜਾਵੇਗਾ। ਉਹ ਪੁੰਨਿਆਨੁਬੰਧੀ ਪੁੰਨ ਕਹਾਉਂਦਾ ਹੈ। ਜਿਸ ਪੁੰਨ ਦੇ ਕਰੀਏ, ਚੰਗੇ ਕਰਮ ਅਤੇ ਉਸ ਵਿੱਚ ਸੰਸਾਰਿਕ ਹੇਤੂ ਨਾ ਹੋਵੇ, ਸੰਸਾਰਿਕ ਕੋਈ ਵੀ ਇੱਛਾ ਨਾ ਹੋਵੇ, ਉਸ ਸਮੇਂ ਜੋ ਪੁੰਨ ਬੰਨ੍ਹੀਏ, ਉਹ ਪੁੰਨਿਆਨੁਬੰਧੀ ਪੁੰਨ ਹੈ।

ਪੁੰਨ ਭੋਗਦੇ ਹਨ ਅਤੇ ਨਾਲ ਹੀ ਆਤਮ-ਕਲਿਆਣ ਲਈ ਅਭਿਆਸ, ਕਿਰਿਆ ਕਰਦੇ ਹਨ। ਪੁੰਨ ਭੋਗਦੇ ਹਨ ਅਤੇ ਨਵਾਂ ਪੁੰਨ ਬੰਨ੍ਹਦੇ ਹਨ, ਜਿਸਦੇ ਫਲ ਸਰੂਪ ਮੋਕਸ਼ ਫ਼ਲ ਮਿਲਦਾ ਹੈ। ਪੁੰਨਿਆਨੁਬੰਧੀ ਪੁੰਨ ਕਿਸ ਨੂੰ ਕਿਹਾ ਜਾਂਦਾ ਹੈ ਕਿ ਜੋ ਅੱਜ ਪੁੰਨ ਹੁੰਦਾ ਹੈ, ਮਜ਼ੇ ਨਾਲ ਸੁੱਖ ਭੋਗ ਰਹੇ ਹੋਵੇ, ਕੋਈ ਅੜਚਨ ਨਹੀਂ ਪੈਂਦੀ ਹੋਵੇ ਅਤੇ ਫਿਰ ਵਾਪਸ ਧਰਮ ਦਾ ਅਤੇ ਧਰਮ ਦਾ ਹੀ ਪੂਰਾ ਦਿਨ ਕਰਦੇ ਰਹਿੰਦੇ ਹਨ, ਉਹ ਪੁੰਨਿਆਨੁਬੰਧੀ ਪੁੰਨ ਹੈ। ਉਸ ਤਰ੍ਹਾਂ ਦੇ ਵਿਚਾਰ ਆਉਣ ਨਾ, ਸਿਰਫ਼ ਧਰਮ ਦੇ ਹੀ, ਸਤਿਸੰਗ ਵਿੱਚ ਰਹਿਣ ਦੇ ਹੀ ਵਿਚਾਰ ਆਉਣ ਅਤੇ ਜਿਸ ਪੁੰਨ ਨਾਲ ਸੁੱਖ-ਸੁਵਿਧਾਵਾਂ ਬਹੁਤ ਨਾ ਹੋਣ, ਪਰ ਉੱਚੇ ਵਿਚਾਰ ਆਉਣ ਕਿ ਕਿਸ ਤਰ੍ਹਾਂ ਕਿਸੇ ਨੂੰ ਦੁੱਖ ਨਾ ਹੋਵੇ ਇਸ ਤਰ੍ਹਾਂ ਦਾ ਵਿਹਾਰ ਕਰਾਂ, ਇਹੋ ਜਿਹਾ ਵਰਤਾਰਾ ਕਰਾਂ, ਬੇਸ਼ੱਕ ਖੁਦ ਨੂੰ ਥੋੜ੍ਹੀ ਜਿਹੀ ਅੜਚਣ ਪੈਂਦੀ ਹੋਵੇ, ਉਸ ਵਿੱਚ ਹਰਜ਼ ਨਹੀਂ

ਹੈ, ਪਰ ਕਿਸੇ ਨੂੰ ਉਪਾਧੀ ਵਿੱਚ ਨਾ ਪਾਵਾਂ, ਉਹ ਪੁੰਨਿਆਨੁਬੰਧੀ ਪੁੰਨ ਕਹਾਉਂਦਾ ਹੈ, ਇਸ ਲਈ ਨਵੇਂ ਅਨੁਬੰਧ ਵੀ ਪੁੰਨ ਦੇ ਹੁੰਦੇ ਹਨ।

**ਪ੍ਰਸ਼ਨਕਰਤਾ** : ਪੁੰਨਿਆਨੁਬੰਧੀ ਪੁੰਨ ਦੀ ਉਦਾਹਰਣ ਦਿਓ।

**ਦਾਦਾਸ਼੍ਰੀ** : ਅੱਜ ਕਿਸੇ ਮਨੁੱਖ ਕੋਲ ਮੋਟਰ-ਬੰਗਲਾ ਸਭ ਸਾਧਨ ਹਨ, ਪਤਨੀ ਚੰਗੀ ਹੈ, ਬੱਚੇ ਚੰਗੇ ਹਨ, ਨੌਕਰ ਚੰਗੇ ਹਨ, ਉਹ ਜੋ ਕੁੱਝ ਚੰਗਾ ਮਿਲਿਆ ਹੈ, ਉਹ ਕੀ ਕਹਾਉਂਦਾ ਹੈ ? ਲੋਕ ਕਹਿੰਦੇ ਹਨ, 'ਪੁੰਨਸ਼ਾਲੀ ਹੈ।' ਹੁਣ ਇਹ ਪੁੰਨਸ਼ਾਲੀ ਕੀ ਕਰ ਰਿਹਾ ਹੈ, ਉਸ ਨੂੰ ਅਸੀਂ ਦੇਖੀਏ ਤਾਂ ਪੂਰਾ ਦਿਨ ਸਾਧੂ-ਸੰਤਾਂ ਦੀ ਸੇਵਾ ਕਰਦਾ ਹੈ, ਦੂਸਰਿਆਂ ਦੀ ਸੇਵਾ ਕਰਦਾ ਹੈ ਅਤੇ ਮੋਕਸ਼ ਲਈ ਤਿਆਰੀ ਕਰਦਾ ਹੈ। ਇੰਝ-ਉਂਝ ਕਰਦੇ-ਕਰਦੇ ਉਸਨੂੰ ਮੋਕਸ਼ ਦੇ ਸਾਧਨ ਵੀ ਮਿਲ ਜਾਂਦੇ ਹਨ। ਹੁਣ ਪੁੰਨ ਹੈ ਅਤੇ ਨਵਾਂ ਪੁੰਨ ਬੰਨ੍ਹਦਾ ਹੈ ਅਤੇ ਘੱਟ ਪੁੰਨ ਮਿਲੇ, ਪਰ ਵਿਚਾਰ ਫਿਰ ਉਸੇ ਤਰ੍ਹਾਂ ਦੇ ਆਉਂਦੇ ਹਨ, 'ਮੋਕਸ਼ ਵਿੱਚ ਜਾਣਾ ਹੈ' ਉਹ ਪੁੰਨਿਆਨੁਬੰਧੀ ਪੁੰਨ। ਇਹ ਤੁਸੀਂ ਮੈਨੂੰ ਮਿਲੇ ਉਹ ਤੁਹਾਡਾ ਕੋਈ ਪੁੰਨਿਆਨੁਬੰਧੀ ਪੁੰਨ ਹੋਵੇਗਾ ਨਾ, ਉਸਦੇ ਆਧਾਰ 'ਤੇ ਮਿਲੇ ਹੋ। ਥੋੜ੍ਹਾ ਜਿਹਾ ਐਵੇਂ ਹੀ ਛਿੱਟਾ ਪੈ ਗਿਆ ਹੋਵੇਗਾ, ਨਹੀਂ ਤਾਂ ਮਿਲ ਹੀ ਨਹੀਂ ਸਕਦੇ।

ਸਾਰੇ ਹਠ ਨਾਲ ਕੀਤੇ ਹੋਏ ਕੰਮ, ਹਠਾਗ੍ਰਹੀ ਤਪ, ਹਠਾਗ੍ਰਹੀ ਕਿਰਿਆ, ਉਸ ਨਾਲ ਪਾਪਾਨੁਬੰਧੀ ਪੁੰਨ ਬੰਨ੍ਹਦਾ ਹੈ। ਜਦੋਂ ਕਿ ਸਮਝ ਕੇ ਕੀਤਾ ਗਿਆ ਤਪ, ਕਿਰਿਆਵਾਂ, ਖੁਦ ਦੇ ਆਤਮ-ਕਲਿਆਣ ਹੇਤੂ ਸਹਿਤ ਕੀਤੇ ਹੋਏ ਕਰਮਾਂ ਨਾਲ ਪੁੰਨਿਆਨੁਬੰਧੀ ਪੁੰਨ ਬੰਨ੍ਹਦਾ ਹੈ ਅਤੇ ਕਿਸੇ ਕਾਲ ਵਿੱਚ ਗਿਆਨੀ ਪੁਰਖ ਮਿਲ ਜਾਂਦੇ ਹਨ ਅਤੇ ਮੋਕਸ਼ ਵਿੱਚ ਜਾਂਦਾ ਹੈ।

## ਦੋਵੇਂ ਦ੍ਰਿਸ਼ਟੀਆਂ ਅਲੱਗ-ਅਲੱਗ

**ਪ੍ਰਸ਼ਨਕਰਤਾ** : ਹੁਣ ਦੇ ਸਮੇਂ ਵਿੱਚ ਆਮ ਆਦਮੀ ਨੂੰ ਇੰਝ ਲੱਗਦਾ ਹੈ ਕਿ ਖਰਾਬ ਰਸਤੇ ਜਾਂ ਖਰਾਬ ਕਰਮਾਂ ਨਾਲ ਹੀ ਭੌਤਿਕ ਸੁੱਖ ਅਤੇ ਸੁਵਿਧਾਵਾਂ ਮਿਲਦੀਆਂ ਹਨ, ਇਸ ਲਈ ਉਸ ਦਾ ਕੁਦਰਤੀ ਨਿਆਂ ਤੋਂ ਵਿਸ਼ਵਾਸ ਉੱਠ ਜਾਂਦਾ ਹੈ ਅਤੇ ਖਰਾਬ ਕਰਮ ਕਰਨ ਲਈ ਪ੍ਰੇਰਿਤ ਹੁੰਦਾ ਹੈ।

**ਦਾਦਾਸ਼੍ਰੀ** : ਹਾਂ, ਇਹ ਸਾਰਾ ਆਮ ਆਦਮੀ ਨੂੰ ਇੰਝ ਹੀ ਲੱਗਦਾ ਹੈ। ਖਰਾਬ ਰਸਤੇ ਅਤੇ ਖਰਾਬ ਕਰਮਾਂ ਨਾਲ ਹੀ ਭੌਤਿਕ ਸੁੱਖ-ਸੁਵਿਧਾਵਾਂ ਮਿਲਦੀਆਂ ਹਨ,

ਉਹ ਇਸ ਲਈ ਕਿ ਇਹ ਕਲਿਯੁੱਗ ਹੈ ਅਤੇ ਦੁਸ਼ਮਕਾਲ ਹੈ। ਲੋਕਾਂ ਨੂੰ, ਭੌਤਿਕ ਸੁੱਖ ਅਤੇ ਸੁਵਿਧਾਵਾਂ ਪੁੰਨ ਤੋਂ ਬਿਨਾਂ ਨਹੀਂ ਮਿਲਦੀਆਂ। ਕੋਈ ਵੀ ਸੁਵਿਧਾ ਪੁੰਨ ਤੋਂ ਬਿਨਾਂ ਨਹੀਂ ਮਿਲਦੀ। ਇੱਕ ਵੀ ਰੁਪਈਆ ਪੁੰਨ ਤੋਂ ਬਿਨਾਂ ਹੱਥ ਵਿੱਚ ਆਉਂਦਾ ਹੀ ਨਹੀਂ ਹੈ।

ਪਾਪਾਨੁਬੰਧੀ ਪੁੰਨ ਅਤੇ ਪੁੰਨਿਆਨੁਬੰਧੀ ਪੁੰਨ, ਇਹਨਾਂ ਦੋਵਾਂ ਨੂੰ ਪਹਿਚਾਨਣ ਲਈ ਆਪਣੀ ਸਮਝ ਸ਼ਕਤੀ ਚਾਹੀਦੀ ਹੈ।

ਇਸ ਲਈ ਖੁਦ ਕੀ ਭੁਗਤਦਾ ਹੈ ? ਪੁੰਨ, ਫਿਰ ਵੀ ਕੀ ਬੰਨ੍ਹ ਰਿਹਾ ਹੈ ? ਪਾਪ ਬੰਨ੍ਹ ਰਿਹਾ ਹੈ। ਇਸ ਲਈ ਸਾਨੂੰ ਇੰਝ ਲੱਗਦਾ ਹੈ ਕਿ ਇਹੋ ਜਿਹੇ ਪਾਪ ਦੇ ਖਰਾਬ ਕਰਮ ਕਰਦਾ ਹੈ ਅਤੇ ਸੁੱਖ ਕਿਸ ਤਰ੍ਹਾਂ ਭੋਗਦਾ ਹੈ ? ਨਹੀਂ, ਭੋਗਦਾ ਹੈ ਉਹ ਤਾਂ ਪੁੰਨ ਹੈ, ਗਲਤ ਨਹੀਂ ਹੈ। ਕਦੇ ਵੀ ਪਾਪ ਦਾ ਫ਼ਲ ਸੁੱਖ ਨਹੀਂ ਹੁੰਦਾ। ਇਹ ਤਾਂ ਨਵੇਂ ਸਿਰੇ ਤੋਂ ਆਪਣੀ ਆਉਣ ਵਾਲੀ ਜ਼ਿੰਦਗੀ ਖਤਮ ਕਰ ਰਿਹਾ ਹੈ। ਇਸ ਲਈ ਤੁਹਾਨੂੰ ਅਜਿਹਾ ਲੱਗਦਾ ਹੈ ਕਿ ਆਦਮੀ ਇੰਝ ਕਿਉਂ ਕਰ ਰਿਹਾ ਹੈ ?

ਅਤੇ ਫਿਰ ਕੁਦਰਤ ਉਸਨੂੰ ਹੈਲਪ ਵੀ ਕਰਦੀ ਹੈ। ਕਿਉਂਕਿ ਕੁਦਰਤ ਉਸਨੂੰ ਹੇਠਾਂ ਲੈ ਜਾਣ ਵਾਲੀ ਹੈ, ਅਧੋਗਤੀ ਵਿੱਚ, ਇਸ ਲਈ ਉਸਨੂੰ ਹੈਲਪ ਕਰਦੀ ਹੈ ਅਤੇ ਨਵਾਂ ਚੋਰ ਹੋਵੇ ਨਾ ਅਤੇ ਅੱਜ ਜੇਬ ਵਿੱਚ ਹੱਥ ਪਾਇਆ ਹੋਵੇ, ਤਾਂ ਉਸਨੂੰ ਫੜਾ ਦਿੰਦੀ ਹੈ ਕਿ ਭਾਈ ਨਾ, ਇਸ ਵਿੱਚ ਪੈ ਜਾਵੇਂਗਾ ਤਾਂ ਹੇਠਾਂ ਚਲਾ ਜਾਵੇਂਗਾ। ਨਵੇਂ ਚੋਰ ਨੂੰ ਫੜਾ ਦਿੰਦੀ ਹੈ, ਕਿਸ ਲਈ ? ਊਰਧਵਗਤੀ (ਉੱਚੀ ਗਤੀ) ਵਿੱਚ ਲੈ ਜਾਣਾ ਹੈ ਅਤੇ ਉਹ ਪੱਕਾ ਚੋਰ ਹੈ, ਉਸਨੂੰ ਜਾਣ ਦਿੰਦੀ ਹੈ। ਹੇਠਾਂ ਦੀ ਗਤੀ ਵਿੱਚ ਜਾਓ, ਬਹੁਤ ਮਾਰ ਖਾਓ, ਨਵਾਂ ਚੋਰ ਬਣ ਰਿਹਾ ਹੋਵੇ ਤਾਂ ਫੜਿਆ ਜਾਂਦਾ ਹੈ ਜਾਂ ਨਹੀਂ ਫੜਿਆ ਜਾਂਦਾ ?

**ਪ੍ਰਸ਼ਨਕਰਤਾ** : ਫੜਿਆ ਜਾਂਦਾ ਹੈ।

**ਦਾਦਾਸ੍ਰੀ** : ਹਾਂ, ਅਤੇ ਪੱਕੇ ਚੋਰ ਫੜੇ ਨਹੀਂ ਜਾਂਦੇ ਫਿਰ। ਸਰਕਾਰ ਇੰਝ ਕਰਦੀ ਹੈ, ਉਂਝ ਕਰਦੀ ਹੈ, ਪਰ ਉਹ ਕਿਸੇ ਤੋਂ ਵੀ ਫੜਿਆ ਨਹੀਂ ਜਾਂਦਾ। ਉਹ ਕਿਸੇ ਦੇ ਜਾਲ਼ ਵਿੱਚ ਹੀ ਨਹੀਂ ਆਉਂਦਾ। ਸਾਰਿਆਂ ਨੂੰ ਵੇਚ ਖਾਵੇ ਅਜਿਹੇ ਹਨ! ਕਿੰਨੇ ਕਹਿੰਦੇ ਹਨ ਨਾ, ਇਨਕਮ ਟੈਕਸ ਵਾਲਿਆਂ ਨੂੰ ਜੇਬ ਵਿੱਚ ਪਾ ਕੇ ਘੁੰਮਦਾ ਹਾਂ। ਆਪਣੀ ਜ਼ੋਖਮਦਾਰੀ 'ਤੇ ਬੋਲਦਾ ਹੈ ਨਾ! ਇਹ ਸਾਰੀਆਂ ਕਿਰਿਆਵਾਂ ਉਹ ਆਪਣੀ ਜ਼ਿੰਮੇਦਾਰੀ 'ਤੇ ਕਰਦਾ ਹੈ ਨਾ ? ਕੀ ਸਾਡੀ ਜ਼ਿੰਮੇਦਾਰੀ 'ਤੇ ਹੈ ?

# ਪਾਪਾਨੁਬੰਧੀ ਪੁੰਨ ਦੀ ਲੱਛਮੀ

ਪਾਪਾਨੁਬੰਧੀ ਪੁੰਨ ਦੀ ਲੱਛਮੀ ਮਤਲਬ ਕੀ ? ਉਹ ਲੱਛਮੀ ਆਵੇ ਤਾਂ ਫਿਰ ਉਹ ਕਿੱਥੋਂ ਲੈ ਲਵਾਂ, ਕਿਸਦਾ ਲੈ ਲਵਾਂ, ਅਣਹੱਕ ਦਾ ਭੋਗ ਲਵਾਂ, ਅਣਹੱਕ ਦਾ ਖੋਹ ਲਵਾਂ, ਉਸ ਤਰ੍ਹਾਂ ਦੇ ਸਾਰੇ ਪਾਸ਼ਵਤਾ ਦੇ ਵਿਚਾਰ ਆਉਂਦੇ ਹਨ। ਕਿਸੇ ਨੂੰ ਮੱਦਦ ਕਰਨ ਦਾ ਵਿਚਾਰ ਤਾਂ ਬਿਲਕੁਲ ਵੀ ਨਹੀਂ ਆਉਂਦਾ ਅਤੇ ਉਸ ਵਿੱਚ ਵੀ ਦਾਨ ਕਰੀਏ ਤਾਂ ਵੀ ਨਾਮ ਕਮਾਉਣ ਲਈ, ਕਿਸ ਤਰ੍ਹਾਂ ਮੈਂ ਨਾਮ ਕਮਾ ਲਵਾਂ ? ਬਾਕੀ, ਕਿਸੇ ਦੇ ਦਿਲ ਨੂੰ ਠੰਡਕ ਨਹੀਂ ਪਹੁੰਚਾਉਂਦਾ। ਇੱਥੇ ਦਿਲ ਨੂੰ ਠੰਡਕ ਪਹੁੰਚਦੀ ਹੈ, ਗਿਆਨੀ ਪੁਰਖ ਦੀ ਹਾਜ਼ਰੀ ਵਿੱਚ। ਪੂਰੀ ਰਾਤ ਦਿਲ ਨੂੰ ਠੰਡਕ ਲੱਗਦੀ ਰਹਿੰਦੀ ਹੈ ਅਤੇ ਦਿਲ ਵਿੱਚ ਠੰਡਕ ਹੋਵੇ, ਉਹ ਤਾਂ ਪੰਜ-ਪੰਜ ਲੱਖ ਰੁਪਏ ਦੇਣ ਦੇ ਬਰਾਬਰ ਹੈ, ਇੱਕ-ਇੱਕ ਆਦਮੀ ਨੂੰ। ਫਿਰ ਵੀ ਦਿਲ ਠਰੇਗਾ ਨਹੀਂ, ਹਮੇਸ਼ਾ, ਰੁਪਏ ਦੇਣ ਨਾਲ ਉਲਟੀ ਉਪਾਧੀ ਹੁੰਦੀ ਹੈ।

ਇਸ ਲਈ ਇਹ ਪਾਪਾਨੁਬੰਧੀ ਪੁੰਨ ਹੈ, ਉਹਨਾਂ ਤੋਂ ਇੱਥੇ ਆਇਆ ਹੀ ਨਹੀਂ ਜਾਵੇਗਾ। ਇਸ ਲਈ ਆਪਣੇ ਇੱਥੇ ਇਹੋ ਜਿਹੇ ਲੱਛਮੀਪਤੀ ਆ ਨਹੀਂ ਪਾਉਂਦੇ। ਇੱਥੇ ਤਾਂ ਪੁੰਨਿਆਨੁਬੰਧੀ ਪੁੰਨ, ਸੱਚੀ ਲੱਛਮੀ ਹੋਵੇ, ਇਹੋ ਜਿਹੇ ਹੀ ਇਕੱਠੇ ਹੁੰਦੇ ਹਨ। ਸੱਚੀ ਮਤਲਬ ਦੂਸਰਾ ਕੁੱਝ ਨਹੀਂ, ਇਸ ਕਾਲ ਦੇ ਹਿਸਾਬ ਨਾਲ ਬਿਲਕੁਲ ਸੱਚੀ ਤਾਂ ਹੁੰਦੀ ਨਹੀਂ। ਸਾਡੇ ਘਰ ਵੀ ਬਿਲਕੁਲ ਸੱਚੀ ਨਹੀਂ ਹੈ। ਪਰ ਇਸ ਕਾਲ ਦੇ ਹਿਸਾਬ ਨਾਲ ਇਹ ਚੰਗੇ ਵਿਚਾਰ ਹੁੰਦੇ ਹਨ ਕਿ ਇਸਨੂੰ ਕਿਸ ਤਰ੍ਹਾਂ ਸੁੱਖ ਹੋਵੇ, ਕਿਸ ਤਰ੍ਹਾਂ ਉਸਨੂੰ ਗਿਆਨ ਪ੍ਰਾਪਤ ਹੋ ਜਾਵੇ, ਧਰਮ ਦੇ ਵਿਚਾਰ ਆਉਣ, ਉਹ ਚੰਗੀ ਲੱਛਮੀ ਕਹਾਉਂਦੀ ਹੈ। ਪੁੰਨਿਆਨੁਬੰਧੀ ਪੁੰਨ ਦੀ ਲੱਛਮੀ ਕਹਾਉਂਦੀ ਹੈ। ਉਹ ਪੁੰਨਿਆਨੁਬੰਧੀ ਪੁੰਨ ਮਤਲਬ ਪੁੰਨ ਹੈ ਅਤੇ ਵਾਪਸ ਨਵਾਂ ਪੁੰਨ ਬੰਨ੍ਹ ਰਿਹਾ ਹੈ। ਵਿਚਾਰ ਸੱਬ ਚੰਗੇ ਹਨ ਅਤੇ ਦੂਸਰੇ (ਆਦਮੀ) ਦਾ ਪੁੰਨ ਹੁੰਦਾ ਹੈ ਅਤੇ ਵਿਚਾਰ ਖਰਾਬ ਹਨ, ਮਤਲਬ ਕੀ ਭੋਗ ਲਵਾਂ, ਕਿੱਥੋਂ ਲੈ ਆਵਾਂ, ਪੂਰਾ ਦਿਨ, ਰਾਤ ਨੂੰ ਵੀ ਸੌਂਦੇ-ਸੌਂਦੇ ਮਸ਼ੀਨ ਚੱਲਦੀ ਹੀ ਰਹਿੰਦੀ ਹੈ, ਪੂਰੀ ਰਾਤ।

ਅਤੇ ਫਿਰ ਉਹਨਾਂ ਲੋਕਾਂ ਦੇ ਘਰ ਦਰਸ਼ਨ-ਪਧਰਾਵਨੀ ਕਰਨ ਲਈ ਮੈਨੂੰ ਬੁਲਾਉਂਦੇ ਹਨ, ਉੱਥੇ ਮੁੰਬਈ ਵਿੱਚ। ਕਿਉਂਕਿ ਲੋਕ ਜਾਣਦੇ ਹਨ ਇਸ ਲਈ ਦਰਸ਼ਨ ਲਈ ਘਰ ਲੈ ਜਾਂਦੇ ਹਨ। ਉੱਥੇ ਜਾਂਦੇ ਹਾਂ, ਵੈਸੇ ਤਾਂ ਕਰੋੜਾਂ ਰੁਪਇਆਂ ਦਾ ਮਾਲਕ ਹੁੰਦਾ ਹੈ, ਪਰ ਜਿਵੇਂ ਮੁਰਦੇ ਨੂੰ ਹੀ ਬਿਠਾ ਕੇ ਰੱਖਿਆ ਹੋਵੇ ਨਾ, ਉਸ ਤਰ੍ਹਾਂ ਦਾ ਦਿਸਦਾ ਹੈ ਸਾਨੂੰ। ਉਹ ਜੈ-ਜੈ ਕਰਦਾ ਹੈ ਨਾ! ਮੈਂ ਸਮਝ ਜਾਂਦਾ ਹਾਂ ਕਿ

ਇਹ ਵਿਚਾਰੇ ਮੁਰਦੇ ਹਨ। ਫਿਰ ਉੱਥੇ ਦੇਖਦਾ ਹਾਂ ਕਿ ਕੌਣ-ਕੌਣ ਚੰਗੇ ਹਨ ? ਉੱਥੇ ਉਹਨਾਂ ਦੇ ਨੌਕਰ ਮਿਲਦੇ ਹਨ ਨਾ, ਓਏ! ਸਰੀਰ ਮਜ਼ਬੂਤ, ਲਾਲ-ਲਾਲ... ਫਿਰ ਉਹਨਾਂ ਦੇ ਰਸੋਈਏ ਮਿਲਦੇ ਹਨ ਨਾ, ਉਹ ਤਾਂ ਤੂੰਬੇ ਵਰਗੇ, ਹਾਫ਼ੂਜ਼ ਦੇ ਅੰਬ ਹੀ ਦੇਖ ਲਓ ਨਾ! ਤਾਂ ਮੈਂ ਸਮਝ ਜਾਂਦਾ ਹਾਂ ਕਿ ਇਹ ਸੇਠ ਲੋਕ ਅਧੋਗਤੀ ਵਿੱਚ ਜਾਣ ਵਾਲੇ ਹਨ, ਉਸਦੇ ਅੱਜ ਇਹ ਚਿੰਨ੍ਹ (ਨਿਸ਼ਾਨ) ਦਿਸ ਰਹੇ ਹਨ।

ਬੱਤੀ ਭੋਜਨ ਵਾਲੀ ਥਾਲ਼ੀ ਹੋਵੇ, ਪਰ ਉਹ ਤਾਂ ਖਾ ਨਹੀਂ ਸਕਦਾ। ਅਸੀਂ ਸਾਰੇ ਇਕੱਠੇ ਖਾਣਾ ਖਾਈਏ, ਪਰ ਸੇਠ ਨੂੰ ਅਸੀਂ ਕਹੀਏ, ਤੁਸੀਂ ਕਿਉਂ ਨਹੀਂ ਖਾ ਰਹੇ ਹੋ ? ਤਾਂ ਕਹੇਗਾ, ਮੈਨੂੰ ਡਾਇਬਟੀਜ਼ ਹੈ ਅਤੇ ਬਲੱਡ ਪ੍ਰੈਸ਼ਰ ਹੈ।

ਹੁਣ ਸੇਠ ਨੂੰ ਡਾਕਟਰ ਨੇ ਕਿਹਾ ਹੁੰਦਾ ਹੈ ਕਿ 'ਦੇਖੋ, ਬਲੱਡ ਪ੍ਰੈਸ਼ਰ ਹੈ ਤੁਹਾਨੂੰ, ਡਾਇਬਟੀਜ਼ ਹੈ, ਕੁੱਝ ਖਾਣਾ ਨਹੀਂ ਹੈ। ਬਾਜਰੇ ਦੀ ਰੋਟੀ ਅਤੇ ਥੋੜਾ ਜਿਹਾ ਦਹੀ ਖਾਣਾ ਹੈ..., ਦੂਸਰਾ ਕੁੱਝ ਖਾਣਾ ਨਹੀਂ। ਓਏ ਭਾਈ, ਸਾਡੇ ਇੱਥੇ ਅਸੀਂ ਬਲਦ ਨੂੰ ਖੇਤ ਵਿੱਚ ਲੈ ਜਾਂਦੇ ਹਾਂ, ਉਹ ਬਲਦ ਖਾਂਦਾ ਕਿਉਂ ਨਹੀਂ ਹੈ ? ਖੇਤ ਵਿੱਚ ਹੈ ਫਿਰ ਵੀ ? ਤਾਂ ਕਹੀਏ, ਨਹੀਂ, ਛੁੱਕਲੀ ਬੰਨ੍ਹੀ ਹੋਈ ਹੁੰਦੀ ਹੈ। ਇੱਥੇ ਮੂੰਹ 'ਤੇ ਬੰਨ੍ਹਦੇ ਹਨ ਨਾ ਕੁੱਝ ? ਕੀ ਕਹਿੰਦੇ ਹਨ ਉਸਨੂੰ ?

**ਪ੍ਰਸ਼ਨਕਰਤਾ** : ਜਾਲ਼ੀ।

**ਦਾਦਾਸ਼੍ਰੀ** : ਸਾਡੇ ਉੱਥੇ 'ਸ਼ੀਕੀ' (ਛਿੱਕੂ) ਕਹਿੰਦੇ ਹਨ ਉਸਨੂੰ। ਉਹ ਬੰਨ੍ਹੀ ਹੋਈ ਹੁੰਦੀ ਹੈ ਨਾ, ਵਿਚਾਰੇ ਨੂੰ ਖਾਣਾ ਹੋਵੇ ਤਾਂ ਵੀ ਖਾ ਨਹੀਂ ਸਕਦਾ। ਡਾਕਟਰ ਨੇ ਕਿਹਾ ਹੁੰਦਾ ਹੈ ਕਿ ਮਰ ਜਾਓਗੇ ਇਸ ਲਈ... ਉਸ ਤਰ੍ਹਾਂ ਇਹਨਾਂ ਲੋਕਾਂ ਨੂੰ ਛੁੱਕਲੀ ਬੰਨ੍ਹੀ ਹੋਈ ਹੁੰਦੀ ਹੈ।

ਅਰਥਾਤ ਨਿਰੀ ਨਰਕ ਦੀ ਵੇਦਨਾ ਭੋਗ ਰਹੇ ਹਨ। ਮੈਂ ਸਾਰੇ ਸੇਠਾਂ ਦੇ ਗਿਆ ਹੋਇਆ ਹਾਂ। ਫਿਰ ਇੱਥੇ ਦਰਸ਼ਨ ਕਰਵਾਉਂਦਾ ਹਾਂ, ਤਾਂ ਕੁੱਝ ਸ਼ਾਂਤੀ ਹੁੰਦੀ ਹੈ। ਮੈਂ ਕਹਿੰਦਾ ਹਾਂ ਦਾਦਾ ਭਗਵਾਨ ਦਾ ਨਾਮ ਲੈਂਦੇ ਰਹਿਣਾ। ਕਿਉਂਕਿ ਗਿਆਨ ਤਾਂ ਉਹਨਾਂ ਦੇ ਹਿਸਾਬ ਵਿੱਚ ਆਉਂਦਾ ਹੀ ਨਹੀਂ ਹੈ। ਉਹਨਾਂ ਲਈ ਵਿਵਸਥਾ ਕਰੀਏ ਨਾ ਤਾਂ ਵੀ ਆ ਹੀ ਨਹੀਂ ਸਕਦਾ। ਇਸ ਲਈ ਮਹਾਂਦੁੱਖ ਹੈ ਉਹ ਤਾਂ।

## ਪੁੰਨਸ਼ਾਲੀ ਹੀ ਭੋਗਣਾ ਜਾਣਦਾ ਹੈ

ਲੱਛਮੀ ਮਨੁੱਖ ਨੂੰ ਮਜ਼ਦੂਰ ਬਣਾਉਂਦੀ ਹੈ। ਜੇ ਲੱਛਮੀ ਜ਼ਰੂਰਤ ਤੋਂ ਜ਼ਿਆਦਾ ਆ ਜਾਵੇ, ਤਾਂ ਫਿਰ ਮਨੁੱਖ ਮਜ਼ਦੂਰ ਵਰਗਾ ਹੋ ਜਾਂਦਾ ਹੈ। ਉਸਦੇ ਕੋਲ ਲੱਛਮੀ

ਜ਼ਿਆਦਾ ਹੈ ਪਰ ਨਾਲ-ਨਾਲ ਉਹ ਦਾਨੇਸ਼ਵਰ ਹੈ, ਇਸ ਲਈ ਚੰਗਾ ਹੈ। ਨਹੀਂ ਤਾਂ ਮਜ਼ਦੂਰ ਹੀ ਕਹਾਵੇਗਾ ਨਾ! ਅਤੇ ਪੂਰਾ ਦਿਨ ਕਰੜੀ ਮਜ਼ਦੂਰੀ ਹੀ ਕਰਦਾ ਰਹਿੰਦਾ ਹੈ, ਉਸਨੂੰ ਪਤਨੀ ਦੀ ਵੀ ਪਰਵਾਹ ਨਹੀਂ ਹੁੰਦੀ, ਬੱਚਿਆਂ ਦੀ ਪਰਵਾਹ ਵੀ ਨਹੀਂ ਹੁੰਦੀ, ਕਿਸੇ ਦੀ ਵੀ ਪਰਵਾਹ ਨਹੀਂ ਹੁੰਦੀ, ਸਿਰਫ਼ ਲੱਛਮੀ ਦੀ ਹੀ ਪਈ ਹੁੰਦੀ ਹੈ। ਇਸ ਲਈ ਲੱਛਮੀ ਮਨੁੱਖ ਨੂੰ ਹੌਲ਼ੀ-ਹੌਲ਼ੀ ਮਜ਼ਦੂਰ ਬਣਾ ਦਿੰਦੀ ਹੈ ਅਤੇ ਫਿਰ ਉਸਨੂੰ ਤ੍ਰਿਅੰਚ (ਜਾਨਵਰ) ਗਤੀ ਵਿੱਚ ਲੈ ਜਾਂਦੀ ਹੈ। ਕਿਉਂਕਿ ਪਾਪਾਨੁਬੰਧੀ ਪੁੰਨ ਹੈ ਨਾ! ਪੁੰਨਿਆਨੁਬੰਧੀ ਪੁੰਨ ਹੋਵੇ ਫਿਰ ਤਾਂ ਹਰਜ਼ ਨਹੀਂ ਹੈ। ਪੁੰਨਿਆਨੁਬੰਧੀ ਪੁੰਨ ਕਿਸ ਨੂੰ ਕਹਿੰਦੇ ਹਨ ਕਿ ਪੂਰੇ ਦਿਨ ਵਿੱਚ ਅੱਧਾ ਘੰਟਾ ਹੀ ਮਿਹਨਤ ਕਰਨੀ ਪਵੇ। ਉਹ ਅੱਧਾ ਘੰਟਾ ਮਿਹਨਤ ਕਰੇ ਤਾਂ ਵੀ ਸਾਰਾ ਦਿਨ ਕੰਮ ਸਹਿਜਤਾ ਨਾਲ ਹੌਲ਼ੀ-ਹੌਲ਼ੀ ਚਲਦਾ ਰਹਿੰਦਾ ਹੈ।

ਇਹ ਜਗਤ ਤਾਂ ਅਜਿਹਾ ਹੈ। ਉਸ ਵਿੱਚ ਭੋਗਣ ਵਾਲੇ ਵੀ ਹੁੰਦੇ ਹਨ ਅਤੇ ਮਿਹਨਤ ਕਰਨ ਵਾਲੇ ਵੀ ਹੁੰਦੇ ਹਨ, ਸਭ ਮਿਲਿਆ-ਜੁਲਿਆ ਹੁੰਦਾ ਹੈ। ਮਿਹਨਤ ਕਰਨ ਵਾਲੇ ਇਸ ਤਰ੍ਹਾਂ ਸਮਝਦੇ ਹਨ ਕਿ 'ਇਹ ਮੈਂ ਕਰ ਰਿਹਾ ਹਾਂ।' ਉਸਦਾ ਉਹਨਾਂ ਵਿੱਚ ਅਹੰਕਾਰ ਹੁੰਦਾ ਹੈ। ਜਦੋਂ ਕਿ ਭੋਗਣ ਵਾਲੇ ਵਿੱਚ ਅਹੰਕਾਰ ਨਹੀਂ ਹੁੰਦਾ, ਤਾਂ ਉਹਨਾਂ ਨੂੰ ਭੋਗਤਾਪਨ ਦਾ ਰਸ ਮਿਲਦਾ ਹੈ। ਉਸ ਮਿਹਨਤ ਕਰਨ ਵਾਲੇ ਨੂੰ ਅਹੰਕਾਰ ਦਾ ਗਰਵ ਰਸ ਮਿਲਦਾ ਹੈ।

ਇੱਕ ਸੇਠ ਮੈਨੂੰ ਕਹਿੰਦਾ ਹੈ, 'ਮੇਰੇ ਬੇਟੇ ਨੂੰ ਕੁੱਝ ਕਹੋ ਨਾ, ਮਿਹਨਤ ਨਹੀਂ ਕਰਨੀ ਹੈ। ਚੈਨ ਨਾਲ ਭੋਗਦਾ ਹੈ।' ਮੈਂ ਕਿਹਾ, 'ਕੁੱਝ ਕਹਿਣ ਦੀ ਲੋੜ ਨਹੀਂ ਹੈ। ਉਹ ਉਸਦੇ ਖੁਦ ਦੇ ਹਿੱਸੇ ਦਾ ਪੁੰਨ ਭੋਗ ਰਿਹਾ ਹੈ, ਉਸ ਵਿੱਚ ਅਸੀਂ ਕਿਉਂ ਦਖਲ ਕਰੀਏ ?' ਤਾਂ ਉਹ ਮੈਨੂੰ ਕਹਿੰਦਾ ਹੈ ਕਿ, 'ਕੀ ਉਸਨੇ ਸਿਆਣਾ ਨਹੀਂ ਬਣਨਾ ਹੈ ?' ਮੈਂ ਕਿਹਾ, ਜਗਤ ਵਿੱਚ ਜੋ ਭੋਗਦਾ ਹੈ, ਉਹ ਸਿਆਣਾ ਕਹਾਉਂਦਾ ਹੈ। ਬਾਹਰ ਸੁੱਟ ਦੇਵੇ ਉਹ ਪਾਗਲ ਕਹਾਉਂਦਾ ਹੈ ਅਤੇ ਮਿਹਨਤ ਕਰਦਾ ਰਹੇ, ਉਹ ਮਜ਼ਦੂਰ ਕਹਾਉਂਦਾ ਹੈ। ਪਰ ਮਿਹਨਤ ਕਰਦਾ ਹੈ ਉਸਨੂੰ ਅਹੰਕਾਰ ਦਾ ਰਸ ਮਿਲਦਾ ਹੈ ਨਾ! ਲੰਬਾ ਕੋਟ ਪਾ ਕੇ ਜਾਂਦਾ ਹੈ ਇਸ ਲਈ ਲੋਕ 'ਸੇਠ ਜੀ ਆਏ, ਸੇਠ ਜੀ ਆਏ' ਕਹਿੰਦੇ ਹਨ, ਬੱਸ ਇੰਨਾ ਹੀ ਅਤੇ ਭੋਗਣ ਵਾਲੇ ਨੂੰ ਅਜਿਹੀ ਕੋਈ ਸੇਠ-ਵੇਠ ਦੀ ਪਰਵਾਹ ਨਹੀਂ ਹੁੰਦੀ। ਉਹ ਕਹਿੰਦਾ ਹੈ 'ਅਸੀਂ ਤਾਂ ਆਪਣਾ ਭੋਗਿਆ ਓਨਾ ਸੱਚਾ'।

ਹੁਣ ਜੋ ਹੈ, ਉਹ ਤਾਂ ਲੱਛਮੀ ਹੀ ਨਹੀਂ ਕਹਾਉਂਦੀ। ਇਹ ਤਾਂ ਪਾਪਾਨੁਬੰਧੀ ਪੁੰਨ ਵਾਲੀ ਲੱਛਮੀ ਹੈ। ਤਾਂ ਪੁੰਨ ਇਹੋ ਜਿਹੇ ਬੰਨ੍ਹੇ ਸਨ ਜਾਂ ਅਗਿਆਨ ਤਪ ਕੀਤੇ

ਸਨ, ਉਸਦਾ ਪੁੰਨ ਬੰਨ੍ਹਿਆ ਹੋਇਆ ਹੈ। ਉਸਦਾ ਫ਼ਲ ਆਇਆ ਹੈ, ਉਸ ਵਿੱਚ ਲੱਛਮੀ ਆਈ। ਇਹ ਲੱਛਮੀ ਆਦਮੀ ਨੂੰ ਪਾਗਲ-ਬਾਵਰਾ ਬਣਾ ਦਿੰਦੀ ਹੈ। ਇਸ ਨੂੰ ਸੁੱਖ ਕਿਵੇਂ ਕਿਹਾ ਜਾਵੇ ? ਸੁੱਖ ਤਾਂ, ਪੈਸਿਆਂ ਦਾ ਵਿਚਾਰ ਹੀ ਨਾ ਆਵੇ, ਉਹ ਸੁੱਖ ਕਹਾਉਂਦਾ ਹੈ। ਸਾਨੂੰ ਤਾਂ ਸਾਲ ਵਿੱਚ ਇੱਕ-ਅੱਧੀ ਵਾਰ ਵਿਚਾਰ ਆਉਂਦਾ ਹੈ ਕਿ ਜੇਬ ਵਿੱਚ ਪੈਸੇ ਹਨ ਜਾਂ ਨਹੀਂ ?

**ਪ੍ਰਸ਼ਨਕਰਤਾ :** ਬੋਝ ਵਰਗਾ ਲੱਗਦਾ ਹੈ ?

**ਦਾਦਾਸ਼੍ਰੀ :** ਨਹੀਂ, ਬੋਝ ਤਾਂ ਸਾਨੂੰ ਹੁੰਦਾ ਹੀ ਨਹੀਂ। ਪਰ ਸਾਨੂੰ ਉਹ ਵਿਚਾਰ ਹੀ ਨਹੀਂ ਆਉਂਦਾ ਨਾ! ਕਿਸ ਲਈ ਵਿਚਾਰ ਕਰੀਏ ? ਸਭ ਅੱਗੇ-ਪਿੱਛੇ ਤਿਆਰ ਹੀ ਹੁੰਦਾ ਹੈ। ਜਿਵੇਂ ਖਾਣ-ਪੀਣ ਦਾ ਤੁਹਾਡੇ ਟੇਬਲ 'ਤੇ ਆਉਂਦਾ ਹੈ ਜਾਂ ਨਹੀਂ ਆਉਂਦਾ ?

## ਭੁਗਤਾਨ, ਪੈਸਿਆਂ ਦਾ ਜਾਂ ਵੇਦਨੀਯ ਦਾ ?

ਇਹ ਤਾਂ ਜਿਸ ਨੂੰ ਪੱਥਰ ਲੱਗਿਆ ਉਸਦੀ ਹੀ ਭੁੱਲ। ਭੁਗਤੇ ਉਸੇ ਦੀ ਭੁੱਲ ਸਿਰਫ਼ ਓਨਾ ਹੀ ਨਹੀਂ ਪਰ ਭੁਗਤਣ ਦਾ ਇਨਾਮ ਵੀ ਹੈ। ਪਾਪ ਦਾ ਇਨਾਮ ਮਿਲੇ ਤਾਂ ਉਹ ਉਸਦੇ ਮਾੜੇ ਕਰਮ ਦਾ ਫ਼ਲ ਅਤੇ ਫੁੱਲ ਚੜ੍ਹਨ ਤਾਂ ਉਸਦੇ ਚੰਗੇ ਕਰਮ ਦੇ ਪੁੰਨ ਦਾ ਇਨਾਮ, ਫਿਰ ਵੀ ਦੋਵੇਂ ਭੁਗਤਾਨ ਹੀ ਹਨ, ਅਸ਼ਾਤਾ ਦਾ ਜਾਂ ਸ਼ਾਤਾ ਦਾ।

ਕੁਦਰਤ ਕੀ ਕਹਿੰਦੀ ਹੈ ? ਉਸਨੇ ਕਿੰਨੇ ਰੁਪਏ ਖਰਚ ਕੀਤੇ, ਉਹ ਸਾਡੇ ਇੱਥੇ ਨਹੀਂ ਦੇਖਿਆ ਜਾਂਦਾ। ਉਸਨੇ ਤਾਂ ਵੇਦਨੀਯ ਕੀ ਭੋਗਿਆ ? ਸ਼ਾਤਾ ਜਾਂ ਅਸ਼ਾਤਾ, ਓਨਾ ਹੀ ਸਾਡੇ ਇੱਥੇ ਦੇਖਿਆ ਜਾਂਦਾ ਹੈ। ਰੁਪਏ ਨਾ ਹੋਣ ਤਾਂ ਵੀ ਸ਼ਾਤਾ ਭੋਗੇਗਾ ਅਤੇ ਰੁਪਏ ਹੋਣਗੇ ਤਾਂ ਵੀ ਅਸ਼ਾਤਾ ਭੋਗੇਗਾ। ਇਸ ਲਈ ਸ਼ਾਤਾ ਜਾਂ ਅਸ਼ਾਤਾ ਵੇਦਨੀਯ ਭੋਗਦਾ ਹੈ, ਉਹ ਪੈਸਿਆਂ 'ਤੇ ਆਧਾਰਿਤ ਨਹੀਂ ਰਹਿੰਦਾ।

## ਸੱਚਾ ਧਨ ਸੁੱਖ ਦਿੰਦਾ ਹੈ

ਦਸ ਲੱਖ ਰੁਪਏ ਪਿਤਾ ਨੇ ਬੇਟੇ ਨੂੰ ਦਿੱਤੇ ਹੋਣ ਅਤੇ ਪਿਤਾ ਕਹੇਗਾ ਕਿ 'ਹੁਣ ਮੈਂ ਅਧਿਆਤਮਿਕ ਜੀਵਨ ਜੀਵਾਂਗਾ।' ਤਾਂ ਉਹ ਬੇਟਾ ਹਮੇਸ਼ਾ ਸ਼ਰਾਬ, ਮਾਸਾਹਾਰ, ਸ਼ੇਅਰ ਬਾਜ਼ਾਰ, ਸਭ ਵਿੱਚ ਉਹ ਪੈਸਾ ਗੁਆ ਦਿੰਦਾ ਹੈ। ਕਿਉਂਕਿ ਜੋ ਪੈਸੇ

ਗਲਤ ਰਸਤੇ ਰਾਹੀਂ ਇਕੱਠੇ ਹੁੰਦੇ ਹਨ, ਉਹ ਖੁਦ ਦੇ ਕੋਲ ਰਹਿੰਦੇ ਨਹੀਂ ਹਨ। ਅੱਜ ਤਾਂ ਸੱਚਾ ਧਨ ਵੀ-ਸੱਚੀ ਮਿਹਨਤ ਦਾ ਧਨ ਵੀ ਰਹਿੰਦਾ ਨਹੀਂ ਹੈ, ਤਾਂ ਗਲਤ ਧਨ ਕਿਸ ਤਰ੍ਹਾਂ ਰਹੇਗਾ ? ਇਸ ਲਈ ਪੁੰਨ ਦਾ ਧੰਨ ਚਾਹੀਦਾ ਹੈ, ਜਿਸ ਵਿੱਚ ਅਪ੍ਰਮਾਣਿਕਤਾ ਨਾ ਹੋਵੇ। ਦਾਨਤ ਚੰਗੀ ਹੋਵੇ, ਉਸ ਜਿਹਾ ਧਨ ਹੋਵੇ, ਉਹ ਸੁੱਖ ਦੇਵੇਗਾ। ਨਹੀਂ ਤਾਂ ਹੁਣ ਦੂਸ਼ਮਕਾਲ ਦਾ ਧਨ ਵੀ ਪੁੰਨ ਦਾ ਹੀ ਕਹਾਉਂਦਾ ਹੈ, ਪਰ ਪਾਪਾਨੁਬੰਧੀ ਪੁੰਨ ਦਾ ਹੈ, ਉਹ ਨਿਰੇ ਪਾਪ ਹੀ ਬੰਧਵਾਉਂਦਾ ਹੈ। ਇਸ ਦੇ ਬਦਲੇ ਲੱਛਮੀ ਜੀ ਨੂੰ ਕਹੋ, 'ਤੁਸੀਂ ਆਉਣਾ ਹੀ ਨਹੀਂ, ਇੰਨੀ ਦੂਰੀ 'ਤੇ ਹੀ ਰਹਿਣਾ। ਉਸ ਵਿੱਚ ਸਾਡੀ ਸ਼ੋਭਾ ਹੈ ਅਤੇ ਤੁਹਾਡੀ ਵੀ ਸ਼ੋਭਾ ਵਧੇਗੀ।' ਇਹ ਬੰਗਲੇ ਬਣਦੇ ਹਨ, ਜਿਸ ਨਾਲ ਪਾਪਾਨੁਬੰਧੀ ਪੁੰਨ ਖੁੱਲ੍ਹਾ ਦਿਸਦਾ ਹੈ। ਉਸ ਵਿੱਚੋਂ ਕੋਈ ਹੋਵੇਗਾ, ਹਜ਼ਾਰ ਵਿੱਚੋਂ ਇੱਕ-ਅੱਧਾ ਇਨਸਾਨ ਕਿ ਜਿਸਦਾ ਪੁੰਨਿਆਨੁਬੰਧੀ ਪੁੰਨ ਹੋਵੇਗਾ। ਬਾਕੀ, ਇਹ ਸਭ ਪਾਪਾਨੁਬੰਧੀ ਪੁੰਨ ਹੈ। ਇੰਨੀ ਲੱਛਮੀ ਤਾਂ ਹੁੰਦੀ ਹੋਵੇਗੀ ਕਦੇ ? ਨਿਰੇ ਪਾਪ ਹੀ ਬੰਨ੍ਹਦੇ ਹਨ, ਇਹ ਤਾਂ ਤ੍ਰਿਅੰਚ (ਜਾਨਵਰ ਗਤੀ) ਦਾ ਰਿਟਰਨ ਟਿਕਟ ਲੈ ਕੇ ਆਏ ਹੋਏ ਹਨ।

ਇੱਕ ਮਿੰਟ ਵੀ ਰਿਹਾ ਨਾ ਜਾਵੇ ਅਜਿਹਾ ਹੈ ਇਹ ਸੰਸਾਰ! ਜ਼ਬਰਦਸਤ ਪੁੰਨ ਹੁੰਦਾ ਹੈ ਤਾਂ ਵੀ ਅੰਦਰ ਅੰਤਰਦਾਹ ਘੱਟ ਨਹੀਂ ਹੁੰਦਾ, ਅੰਤਰਦਾਹ ਨਿਰੰਤਰ ਚਲਦਾ ਹੀ ਰਹਿੰਦਾ ਹੈ। ਅੰਤਰਦਾਹ ਕਿਸ ਲਈ ਹੁੰਦਾ ਹੈ ? ਅੰਤਰਦਾਹ ਪਾਪ-ਪੁੰਨ ਦੇ ਅਧੀਨ ਨਹੀਂ ਹੈ। ਅੰਤਰਦਾਹ 'ਰੌਂਗ ਬਿਲੀਫ' ਦੇ ਅਧੀਨ ਹੈ। ਚਾਰੇ ਪਾਸੇ ਤੋਂ ਫਸਟ ਕਲਾਸ ਸੰਜੋਗ ਹੋਣ, ਤਾਂ ਵੀ ਅੰਤਰਦਾਹ ਰਹਿੰਦਾ ਹੀ ਹੈ। ਉਹ ਹੁਣ ਕਿਵੇਂ ਮਿਟੇ ? ਪੁੰਨ ਵੀ ਅੰਤ ਵਿੱਚ ਖਤਮ ਹੋ ਜਾਣਗੇ। ਦੁਨੀਆ ਦਾ ਨਿਯਮ ਹੈ ਕਿ ਪੁੰਨ ਖਤਮ ਹੋ ਜਾਂਦੇ ਹਨ। ਤਾਂ ਫਿਰ ਕੀ ਹੋਵੇਗਾ ? ਪਾਪ ਦਾ ਉਦੈ ਹੋਵੇਗਾ। ਇਹ ਤਾਂ ਅੰਤਰਦਾਹ ਹੈ ਅਤੇ ਪਾਪ ਦੇ ਉਦੈ ਦੇ ਸਮੇਂ ਬਾਹਰ ਦਾ ਦਾਹ ਖੜ੍ਹਾ ਹੋਵੇਗਾ। ਉਸ ਘੜੀ ਤੇਰੀ ਕੀ ਦਸ਼ਾ ਹੋਵੇਗੀ ? ਇਸ ਲਈ ਸੁਚੇਤ ਹੋ ਜਾਓ, ਇੰਝ ਭਗਵਾਨ ਕਹਿੰਦੇ ਹਨ।

## ਪੁੰਨ ਨਾਲ ਹੀ ਪ੍ਰਾਪਤ ਪੈਸਾ

**ਪ੍ਰਸ਼ਨਕਰਤਾ** : ਇਸ ਸਮੇਂ ਵਿੱਚ ਤਾਂ ਪਾਪੀ ਕੋਲ ਹੀ ਪੈਸਾ ਹੈ।

**ਦਾਦਾਸ਼੍ਰੀ** : ਪਾਪੀ ਕੋਲ ਨਹੀਂ ਹੈ। ਮੈਂ ਤੁਹਾਨੂੰ ਸਮਝਾਉਂਦਾ ਹਾਂ ਚੰਗੀ ਤਰ੍ਹਾਂ। ਤੁਸੀਂ ਮੇਰੀ ਗੱਲ ਸਮਝੋ ਇੱਕ ਵਾਰ ਕਿ ਪੁੰਨ ਤੋਂ ਬਿਨਾਂ ਤਾਂ ਪੈਸਾ ਤੁਹਾਨੂੰ ਛੂਹੇਗਾ ਤੱਕ ਨਹੀਂ। ਕਾਲੇ ਬਾਜ਼ਾਰ ਦਾ ਵੀ ਨਹੀਂ ਛੂਹੇਗਾ ਜਾਂ ਸਫ਼ੇਦ ਬਾਜ਼ਾਰ ਦਾ ਵੀ

ਨਹੀਂ ਛੂਹੇਗਾ। ਪੁੰਨ ਤੋਂ ਬਿਨਾਂ ਤਾਂ ਚੋਰੀ ਦਾ ਪੈਸਾ ਵੀ ਸਾਨੂੰ ਨਹੀਂ ਛੂਹੇਗਾ। ਪਰ ਉਹ ਪਾਪਾਨੁਬੰਧੀ ਪੁੰਨ ਹੈ। ਤੁਸੀਂ ਕਹਿੰਦੇ ਹੋ ਉਹ ਪਾਪ, ਉਹ ਅੰਤ ਵਿੱਚ ਪਾਪ ਵਿੱਚ ਹੀ ਲੈ ਜਾਂਦਾ ਹੈ। ਉਹ ਪੁੰਨ ਹੀ ਅਧੋਗਤੀ ਵਿੱਚ ਲੈ ਜਾਂਦਾ ਹੈ।

ਖਰਾਬ ਪੈਸਾ ਆਵੇ ਤਾਂ ਖਰਾਬ ਵਿਚਾਰ ਆਉਂਦੇ ਹਨ ਕਿ ਕਿਸਦਾ ਭੋਗ ਲਵਾਂ, ਪੂਰਾ ਦਿਨ ਮਿਲਾਵਟ ਕਰਨ ਦੇ ਵਿਚਾਰ ਆਉਂਦੇ ਹਨ, ਉਹ ਅਧੋਗਤੀ ਵਿੱਚ ਜਾਂਦਾ ਹੈ। ਪੁੰਨ ਭੋਗਦਾ ਨਹੀਂ ਹੈ ਅਤੇ ਅਧੋਗਤੀ ਵਿੱਚ ਜਾਂਦਾ ਹੈ। ਇਸਦੇ ਬਦਲੇ ਪੁੰਨਿਆਨੁਬੰਧੀ ਪਾਪ ਚੰਗਾ ਕਿ ਅੱਜ ਜ਼ਰਾ ਸਬਜ਼ੀ ਲਿਆਉਣ ਵਿੱਚ ਅੜਚਨ ਪੈਂਦੀ ਹੈ, ਪਰ ਪੂਰਾ ਦਿਨ ਭਗਵਾਨ ਦਾ ਨਾਮ ਤਾਂ ਲਿਆ ਜਾਂਦਾ ਹੈ ਅਤੇ ਪੁੰਨਿਆਨੁਬੰਧੀ ਪੁੰਨ ਹੋਵੇ, ਤਾਂ ਉਹ ਪੁੰਨ ਭੋਗਦਾ ਹੈ ਅਤੇ ਨਵਾਂ ਪੁੰਨ ਉਤਪੰਨ ਹੁੰਦਾ ਹੈ।

## ... ਫਿਰ ਤਾਂ ਪਰਭਵ (ਅਗਲਾ ਜਨਮ) ਵੀ ਵਿਗੜੇ

**ਪ੍ਰਸ਼ਨਕਰਤਾ** : ਅੱਜ ਦਾ ਟਾਈਮ ਇਸ ਤਰ੍ਹਾਂ ਦਾ ਹੈ ਕਿ ਮਨੁੱਖ ਖੁਦ ਦਾ ਭਰਣ-ਪੋਸ਼ਣ ਵੀ ਪੂਰਾ ਨਹੀਂ ਕਰ ਸਕਦਾ। ਉਹ ਪੂਰਾ ਕਰਨ ਲਈ ਉਸਨੂੰ ਸੱਚਾ-ਝੂਠਾ ਕਰਨਾ ਪੈਂਦਾ ਹੈ, ਕੀ ਉਹ ਕੀਤਾ ਜਾ ਸਕਦਾ ਹੈ ?

**ਦਾਦਾਸ਼੍ਰੀ** : ਉਹ ਤਾਂ ਇਸ ਤਰ੍ਹਾਂ ਹੈ ਨਾ, ਕਿ ਉਧਾਰ ਲੈ ਕੇ ਘਿਓ ਪੀਣ ਦੀ ਤਰ੍ਹਾਂ ਹੈ। ਉਸ ਵਰਗਾ ਇਹ ਵਪਾਰ ਹੈ। ਇਹ ਗਲਤ ਕੀਤੇ ਹੋਏ ਨਾਲ ਤਾਂ ਹੁਣ ਕਮੀ ਪੈਂਦੀ ਹੈ, ਹੁਣ ਕਮੀ ਪੈਂਦੀ ਹੈ ਉਸਦਾ ਕਾਰਣ ਕੀ ਹੈ ? ਉਹ ਪਾਪ ਹੈ ਇਸ ਲਈ ਅੱਜ ਕਮੀ ਪੈਂਦੀ ਹੈ। ਸਬਜ਼ੀ ਨਹੀਂ, ਦੂਸਰਾ ਕੁੱਝ ਨਹੀਂ। ਫਿਰ ਵੀ ਜੇ ਚੰਗੇ ਵਿਚਾਰ ਆਉਂਦੇ ਹੋਣ, ਧਰਮ ਵਿੱਚ - ਮੰਦਰ ਜਾਣ ਦੇ, ਉਪਾਸ਼ਰਿਆ ਵਿੱਚ ਜਾਣ ਦੇ, ਸੇਵਾ ਕਰਨ ਦੇ, ਇਹੋ ਜਿਹੇ ਵਿਚਾਰ ਹੋਣ ਤਾਂ ਅੱਜ ਪਾਪ ਹੈ, ਫਿਰ ਵੀ ਉਹ ਪੁੰਨ ਬੰਨ੍ਹ ਰਿਹਾ ਹੈ। ਪਰ ਪਾਪ ਹੋਵੇ ਅਤੇ ਫਿਰ ਤੋਂ ਪਾਪ ਬੰਨ੍ਹੇ, ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਪਾਪ ਹੋਵੇ, ਕਮੀ ਪੈਂਦੀ ਹੋਵੇ ਅਤੇ ਉਲਟਾ ਕਰੇ ਤਾਂ ਫਿਰ ਸਾਡੇ ਕੋਲ ਰਿਹਾ ਕੀ ?

## ਉਹ ਅਕਲ ਦਾ ਜਾਂ ਮਿਹਨਤ ਦਾ ਉਪਾਰਜਨ ?

ਗੱਲ ਤਾਂ ਸਮਝਣੀ ਪਵੇਗੀ ਨਾ ? ਇਸ ਤਰ੍ਹਾਂ ਕਦੋਂ ਤੱਕ ਪੋਲ ਚੱਲੇਗੀ ? ਤੇ ਉਪਾਧੀ ਪਸੰਦ ਤਾਂ ਹੈ ਨਹੀਂ। ਇਹ ਮਨੁੱਖੀ ਦੇਹ ਉਪਾਧੀ ਤੋਂ ਮੁਕਤ ਹੋਣ ਲਈ ਹੈ।

ਸਿਰਫ਼ ਪੈਸੇ ਕਮਾਉਣ ਲਈ ਨਹੀਂ ਹੈ। ਪੈਸੇ ਕਿਸ ਤਰ੍ਹਾਂ ਕਮਾਉਂਦੇ ਹੋਵੋਗੇ ? ਮਿਹਨਤ ਨਾਲ ਕਮਾਉਂਦੇ ਹੋ ਜਾਂ ਬੁੱਧੀ ਨਾਲ ?

**ਪ੍ਰਸ਼ਨਕਰਤਾ** : ਦੋਵੇਂ ਤਰ੍ਹਾਂ।

**ਦਾਦਾਸ਼੍ਰੀ** : ਜੇ ਪੈਸੇ ਮਿਹਨਤ ਨਾਲ ਕਮਾਏ ਜਾਂਦੇ ਤਾਂ ਇਹਨਾਂ ਮਜ਼ਦੂਰਾਂ ਕੋਲ ਬਹੁਤ ਸਾਰੇ ਪੈਸੇ ਹੁੰਦੇ। ਕਿਉਂਕਿ ਇਹ ਮਜ਼ਦੂਰ ਹੀ ਜ਼ਿਆਦਾ ਮਿਹਨਤ ਕਰਦੇ ਹਨ ਨਾ! ਅਤੇ ਜੇ ਪੈਸੇ ਬੁੱਧੀ ਨਾਲ ਹੀ ਕਮਾਏ ਜਾਂਦੇ ਤਾਂ ਇਹ ਸਾਰੇ ਪੰਡਤ ਹੈਂ ਨਾ! ਉਹਨਾਂ ਦੀਆਂ ਤਾਂ ਚੱਪਲਾਂ ਵੀ ਅੱਧੀਆਂ ਘਸ ਗਈਆਂ ਹੁੰਦੀਆਂ ਹਨ। ਪੈਸਾ ਕਮਾਉਣਾ ਬੁੱਧੀ ਦੀ ਖੇਡ ਨਹੀਂ ਹੈ ਜਾਂ ਮਿਹਨਤ ਦਾ ਫ਼ਲ ਨਹੀਂ ਹੈ। ਉਹ ਤਾਂ ਤੁਸੀਂ ਪਿਛਲੇ ਜਨਮ ਵਿੱਚ ਪੁੰਨ ਕੀਤਾ ਹੋਇਆ ਹੈ, ਉਸਦੇ ਫ਼ਲ ਸਰੂਪ ਤੁਹਾਨੂੰ ਮਿਲਦਾ ਹੈ ਅਤੇ ਨੁਕਸਾਨ, ਉਹ ਪਾਪ ਕੀਤਾ ਹੋਇਆ ਹੈ, ਉਸਦੇ ਫ਼ਲ ਸਰੂਪ ਹੈ। ਪੁੰਨ ਅਤੇ ਪਾਪ ਦੇ ਅਧੀਨ ਲੱਛਮੀ ਹੈ। ਇਸ ਲਈ ਲੱਛਮੀ ਜੇਕਰ ਚਾਹੀਦੀ ਹੈ ਤਾਂ ਸਾਨੂੰ ਪਾਪ-ਪੁੰਨ ਦਾ ਧਿਆਨ ਰੱਖਣਾ ਚਾਹੀਦਾ ਹੈ।

ਭੁਲੇਸ਼ਵਰ ਵਿੱਚ ਜਿਸ ਦੀਆਂ ਅੱਧੀਆਂ ਚੱਪਲਾਂ ਘਸ ਗਈਆਂ ਹੋਣ, ਇਹੋ ਜਿਹੇ ਬਹੁਤ ਅਕਲਮੰਦ ਲੋਕ ਹਨ। ਕੋਈ ਆਦਮੀ ਮਹੀਨੇ ਦੇ ਪੰਜ ਸੌ ਕਮਾਉਂਦਾ ਹੈ, ਕੋਈ ਸੱਤ ਸੌ ਕਮਾਉਂਦਾ ਹੈ, ਕੋਈ ਗਿਆਰਾਂ ਸੌ ਕਮਾਉਂਦਾ ਹੈ। ਰੌਲ਼ਾ ਪਾ ਕੇ ਰੱਖ ਦਿੰਦਾ ਹੈ ਕਿ ਗਿਆਰਾਂ ਸੌ ਕਮਾਉਂਦਾ ਹਾਂ। ਓਏ, ਪਰ ਤੇਰੀ ਚੱਪਲ ਤਾਂ ਅੱਧੀ ਦੀ ਅੱਧੀ ਹੀ ਹੈ। ਦੇਖੋ ਅਕਲ ਦੇ ਕਾਰਖਾਨੇ! ਅਤੇ ਘੱਟ ਅਕਲ ਵਾਲੇ ਬਹੁਤ ਕਮਾਉਂਦੇ ਹਨ। ਅਕਲ ਵਾਲਾ ਪਾਸਾ ਸੁੱਟੇ ਤਾਂ ਸਿੱਧੇ ਪੈਂਦੇ ਹਨ ਜਾਂ ਮੂਰਖ ਮਨੁੱਖ ਦੇ ਪਾਸੇ ਸਿੱਧੇ ਪੈਂਦੇ ਹਨ ?

**ਪ੍ਰਸ਼ਨਕਰਤਾ** : ਜਿਸਦੇ ਪੁੰਨ ਹੋਣ, ਉਸਦੇ ਸਿੱਧੇ ਪੈਂਦੇ ਹਨ।

**ਦਾਦਾਸ਼੍ਰੀ** : ਬਸ, ਉਸ ਵਿੱਚ ਤਾਂ ਅਕਲ ਚੱਲਦੀ ਹੀ ਨਹੀਂ ਨਾ! ਅਕਲ ਵਾਲੇ ਦਾ ਤਾਂ ਸਗੋਂ ਉਲਟਾ ਹੁੰਦਾ ਹੈ। ਅਕਲ ਤਾਂ ਉਸਨੂੰ ਦੁੱਖ ਵਿੱਚ ਹੈਲਪ ਕਰਦੀ ਹੈ। ਦੁੱਖ ਵਿੱਚ ਕਿਸ ਤਰ੍ਹਾਂ ਵਾਪਸ ਸਭ ਠੀਕ ਕਰ ਲੈਣਾ, ਇਸ ਤਰ੍ਹਾਂ ਉਸਨੂੰ ਹੈਲਪ ਕਰਦੀ ਹੈ।

## ਅਕਲ ਮੁਨੀਮ ਦੀ ਅਤੇ ਪੁੰਨ ਸੇਠ ਦਾ

ਲੱਛਮੀ ਕਿਵੇਂ ਆਉਂਦੀ ਹੈ ਅਤੇ ਕਿਵੇਂ ਜਾਂਦੀ ਹੈ, ਉਹ ਅਸੀਂ ਜਾਣਦੇ ਹਾਂ। ਲੱਛਮੀ ਮਿਹਨਤ ਨਾਲ ਨਹੀਂ ਆਉਂਦੀ ਜਾਂ ਅਕਲ ਨਾਲ ਜਾਂ ਟ੍ਰਿਕ ਨਾਲ ਕੰਮ

ਕਰਨ ਨਾਲ ਵੀ ਨਹੀਂ ਆਉਂਦੀ। ਲੱਛਮੀ ਕਿਸ ਨਾਲ ਕਮਾਈ ਜਾਂਦੀ ਹੈ ? ਜੇ ਸਿੱਧੀ ਤਰ੍ਹਾਂ ਕਮਾ ਸਕਦੇ ਤਾਂ ਸਾਡੇ ਮੰਤਰੀਆਂ ਨੂੰ ਚਾਰ ਆਨੇ ਵੀ ਨਾ ਮਿਲਦੇ। ਇਹ ਲੱਛਮੀ ਤਾਂ ਪੁੰਨ ਨਾਲ ਕਮਾਈ ਜਾਂਦੀ ਹੈ। ਪਾਗਲ ਹੋਵੇ ਤਾਂ ਵੀ ਪੁੰਨ ਨਾਲ ਕਮਾਇਆ ਕਰਦਾ ਹੈ।

ਲੱਛਮੀ ਤਾਂ ਪੁੰਨ ਨਾਲ ਆਉਂਦੀ ਹੈ। ਬੁੱਧੀ ਦਾ ਉਪਯੋਗ ਕਰਨ ਨਾਲ ਵੀ ਨਹੀਂ ਆਉਂਦੀ। ਇਹਨਾਂ ਮਿੱਲ ਮਾਲਕਾਂ ਅਤੇ ਸੇਠਾਂ ਵਿੱਚ ਇੱਕ ਛਿੱਟਾ ਵੀ ਬੁੱਧੀ ਦਾ ਨਹੀਂ ਹੁੰਦਾ, ਪਰ ਲੱਛਮੀ ਢੇਰ ਸਾਰੀ ਆਉਂਦੀ ਹੈ ਅਤੇ ਉਹਨਾਂ ਦਾ ਮੁਨੀਮ ਬੁੱਧੀ ਚਲਾਉਂਦਾ ਰਹਿੰਦਾ ਹੈ, ਇਨਕਮ ਟੈਕਸ ਦੇ ਆਫਿਸ ਵਿੱਚ ਜਾਂਦਾ ਹੈ ਤਾਂ ਸਾਹਿਬ ਦੀਆਂ ਗਾਲ੍ਹਾਂ ਵੀ ਮੁਨੀਮ ਹੀ ਖਾਂਦਾ ਹੈ, ਜਦੋਂ ਕਿ ਸੇਠ ਤਾਂ ਆਰਾਮ ਨਾਲ ਸੁੱਤਾ ਪਿਆ ਹੁੰਦਾ ਹੈ।

ਇੱਕ ਸੇਠ ਸੀ। ਸੇਠ ਤੇ ਉਹਨਾਂ ਦਾ ਮੁਨੀਮ ਦੋਵੇਂ ਬੈਠੇ ਹੋਏ ਸਨ, ਅਹਿਮਦਾਬਾਦ ਵਿੱਚ ਹੀ! ਲੱਕੜੀ ਦਾ ਤਖਤਾ ਉਸਦੇ ਉੱਪਰ ਗੱਦੀ, ਪਲੰਗ, ਸਾਹਮਣੇ ਟਿਪੋਈ! ਅਤੇ ਉਸ ਉੱਪਰ ਭੋਜਨ ਦਾ ਥਾਲ਼ ਸੀ। ਸੇਠ ਭੋਜਨ ਕਰਨ ਲਈ ਬੈਠੇ ਸਨ। ਸੇਠ ਦਾ ਡਿਜ਼ਾਇਨ ਦੱਸਾਂ ? ਜ਼ਮੀਨ ਤੋਂ ਤਿੰਨ ਫੁੱਟ ਉੱਚੇ ਬੈਠੇ ਸਨ, ਜ਼ਮੀਨ ਤੋਂ ਉੱਪਰ ਡੇਢ ਫੁੱਟ ਸਿਰ। ਚਿਹਰੇ ਦਾ ਤ੍ਰਿਕੋਣ ਆਕਾਰ ਅਤੇ ਵੱਡੀਆਂ-ਵੱਡੀਆਂ ਅੱਖਾਂ ਅਤੇ ਵੱਡਾ ਨੱਕ, ਮੋਟੇ-ਮੋਟੇ ਬੁੱਲ੍ਹ ਪਕੌੜੇ ਵਰਗੇ ਅਤੇ ਕੋਲ ਫੋਨ ਸੀ। ਖਾਂਦੇ-ਖਾਂਦੇ ਫੋਨ ਆਉਂਦਾ ਅਤੇ ਉਹ ਗੱਲ ਕਰਦੇ ਸਨ। ਸੇਠ ਨੂੰ ਖਾਣਾ ਤਾਂ ਆਉਂਦਾ ਹੀ ਨਹੀਂ ਸੀ। ਦੋ-ਤਿੰਨ ਟੁਕੜੇ ਪੂਰੀ ਦੇ ਥੱਲੇ ਡਿੱਗ ਗਏ ਅਤੇ ਚੌਲ਼ ਤਾਂ ਥੱਲੇ ਕਿੰਨੇ ਹੀ ਖਿੱਲਰੇ ਹੋਏ ਸਨ। ਫੋਨ ਦੀ ਘੰਟੀ ਵੱਜੇ ਅਤੇ ਸੇਠ ਕਹਿੰਦੇ ਕਿ, 'ਦੋ ਹਜ਼ਾਰ ਗਠੜੀਆਂ ਲੈ ਲਓ।' ਅਤੇ ਦੂਸਰੇ ਦਿਨ ਦੋ ਲੱਖ ਰੁਪਏ ਕਮਾ ਲੈਂਦਾ। ਮੁਨੀਮ ਜੀ ਬੈਠੇ-ਬੈਠੇ ਟੱਕਰਾਂ ਮਾਰਦੇ ਸਨ ਅਤੇ ਸੇਠ ਬਿਨਾਂ ਮਿਹਨਤ ਦੇ ਕਮਾਉਂਦੇ ਸਨ। ਇਸ ਤਰ੍ਹਾਂ ਸੇਠ ਤਾਂ ਅਕਲ ਨਾਲ ਹੀ ਕਮਾਉਂਦਾ ਹੋਇਆ ਦਿੱਸਦਾ ਹੈ। ਪਰ ਉਹ ਅਕਲ ਖਰੇ ਸਮੇਂ ਤੇ ਪੁੰਨ ਦੇ ਕਾਰਣ ਪ੍ਰਕਾਸ਼ ਦਿੰਦੀ ਹੈ। ਇਹ ਪੁੰਨ ਨਾਲ ਹੈ। ਉਹ ਤਾਂ ਸੇਠ ਨੂੰ ਅਤੇ ਮੁਨੀਮ ਜੀ ਨੂੰ ਇਕੱਠੇ ਰੱਖੋ ਤਾਂ ਸਮਝ ਵਿੱਚ ਆਵੇ। ਖਰੀ ਅਕਲ ਤਾਂ ਸੇਠ ਦੇ ਮੁਨੀਮ ਵਿੱਚ ਹੀ ਹੁੰਦੀ ਹੈ, ਸੇਠ ਵਿੱਚ ਨਹੀਂ। ਇਹ ਪੁੰਨ ਕਿੱਥੋਂ ਆਇਆ ? ਭਗਵਾਨ ਨੂੰ ਸਮਝ ਕੇ ਭਜਨਾ ਕੀਤੀ, ਉਸ ਨਾਲ ? ਨਹੀਂ, ਬਿਨਾਂ ਸਮਝੇ ਭਜਨਾ ਕੀਤੀ, ਇਸ ਲਈ। ਕਿਸੇ 'ਤੇ ਉਪਕਾਰ ਕੀਤਾ, ਕਿਸੇ ਦਾ ਭਲਾ ਕੀਤਾ, ਇਹਨਾਂ ਸਭ ਨਾਲ ਪੁੰਨ ਬੰਨ੍ਹ ਗਿਆ।

# ਸ਼੍ਰੀਮੰਤਤਾ (ਅਮੀਰੀ) ਕਿਸਨੂੰ ਮਿਲਦੀ ਹੈ ?

ਕੀ ਕੀਤਾ ਹੋਵੇ ਤਾਂ ਅਮੀਰੀ ਆਉਂਦੀ ਹੈ ? ਕਿੰਨੇ ਜ਼ਿਆਦਾ ਲੋਕਾਂ ਦੀ ਹੈਲਪ ਕੀਤੀ ਹੋਵੇ ਤਾਂ ਲੱਛਮੀ ਆਪਣੇ ਇੱਥੇ ਆਉਂਦੀ ਹੈ! ਨਹੀਂ ਤਾਂ ਲੱਛਮੀ ਆਉਂਦੀ ਨਹੀਂ। ਲੱਛਮੀ ਤਾਂ ਦੇਣ ਦੀ ਇੱਛਾ ਵਾਲੇ ਦੇ ਕੋਲ ਹੀ ਆਉਂਦੀ ਹੈ। ਜੋ ਦੂਸਰਿਆਂ ਲਈ ਘਿਸੇ, ਧੋਖਾ ਖਾਵੇ, ਨੋਬਿਲਿਟੀ ਦਾ ਉਪਯੋਗ ਕਰੇ, ਉਸਦੇ ਕੋਲ ਲੱਛਮੀ ਆਉਂਦੀ ਹੈ। ਚਲੀ ਗਈ ਇੰਝ ਲੱਗਦਾ ਜ਼ਰੂਰ ਹੈ, ਪਰ ਆ ਕੇ ਫਿਰ ਉੱਥੇ ਹੀ ਖੜ੍ਹੀ ਰਹਿੰਦੀ ਹੈ।

**ਪ੍ਰਸ਼ਨਕਰਤਾ** : ਤੁਸੀਂ ਲਿਖਿਆ ਹੈ ਕਿ ਜੋ ਕਮਾਉਂਦਾ ਹੈ, ਉਹ ਵੱਡੇ ਮਨ ਵਾਲਾ ਹੀ ਕਮਾਉਂਦਾ ਹੈ। ਲੈਣ-ਦੇਣ ਵਿੱਚ ਜੋ ਵੱਡਾ ਮਨ ਰੱਖੇ ਉਹੀ ਕਮਾਈ ਕਰਦਾ ਹੈ। ਬਾਕੀ, ਛੋਟੇ ਮਨ ਵਾਲਾ ਕਦੇ ਵੀ ਕਮਾਉਂਦਾ ਹੀ ਨਹੀ!

**ਦਾਦਾਸ੍ਰੀ** : ਹਾਂ, ਸਭ ਤਰ੍ਹਾਂ ਨੋਬਲ ਹੋਵੇ, ਤਾਂ ਲੱਛਮੀ ਉੱਥੇ ਜਾਂਦੀ ਹੈ। ਇਹਨਾਂ ਪਾਜੀਆਂ ਦੇ ਕੋਲ ਲੱਛਮੀ ਜਾਂਦੀ ਹੋਵੇਗੀ ?

**ਪ੍ਰਸ਼ਨਕਰਤਾ** : ਯਾਨੀ ਪੁੰਨ ਕਾਰਣ ਮਨੁੱਖ ਧਨਵਾਨ ਬਣਦਾ ਹੈ ?

**ਦਾਦਾਸ੍ਰੀ** : ਧਨਵਾਨ ਹੋਣ ਲਈ ਤਾਂ ਪੁੰਨ ਚਾਹੀਦਾ ਹੈ। ਪੁੰਨ ਹੋਵੇ ਤਾਂ ਪੈਸਾ ਆਉਂਦਾ ਹੈ।

**ਪ੍ਰਸ਼ਨਕਰਤਾ** : ਪੈਸੇ ਲਈ ਤਾਂ ਲਿਖਿਆ ਹੈ ਨਾ ਕਿ ਬੁੱਧੀ ਦੀ ਜ਼ਰੂਰਤ ਪੈਂਦੀ ਹੈ।

**ਦਾਦਾਸ੍ਰੀ** : ਨਹੀਂ। ਬੁੱਧੀ ਤਾਂ ਨਫ਼ਾ-ਨੁਕਸਾਨ ਦੋ ਹੀ ਦਿਖਾਉਂਦੀ ਹੈ। ਜਿੱਥੇ ਜਾਓ ਉੱਥੇ ਨਫ਼ਾ-ਨੁਕਸਾਨ ਉਹ ਦਿਖਾ ਦਿੰਦੀ ਹੈ। ਉਹ ਕੁੱਝ ਪੈਸੇ-ਵੈਸੇ ਨਹੀਂ ਦਿੰਦੀ। ਬੁੱਧੀ ਜੇ ਪੈਸੇ ਦੇ ਰਹੀ ਹੁੰਦੀ ਨਾ ਤਾਂ ਭੁਲੇਸ਼ਵਰ (ਮੁੰਬਈ ਦਾ ਇੱਕ ਇਲਾਕਾ) ਵਿੱਚ ਇੰਨੇ ਸਾਰੇ ਬੁੱਧੀਸ਼ਾਲੀ ਮੁਨੀਮ ਹਨ, ਜੋ ਸੇਠ ਨੂੰ ਸਮਝ ਵਿੱਚ ਨਹੀਂ ਆਉਂਦਾ ਉਹ ਸਭ ਉਸਨੂੰ ਸਮਝ ਵਿੱਚ ਆ ਜਾਂਦਾ ਹੈ। ਪਰ ਚੱਪਲਾਂ ਵਿਚਾਰੇ ਦੀਆਂ ਪਿੱਛੇ ਤੋਂ ਅੱਧੀਆਂ ਘਸ ਗਈਆਂ ਹੁੰਦੀਆਂ ਹਨ ਅਤੇ ਸੇਠ ਤਾਂ ਸਾਢੇ ਤਿੰਨ ਸੌ ਰੁਪਏ ਦੇ ਬੂਟ ਪਹਿਨ ਕੇ ਘੁੰਮਦੇ ਹਨ, ਫਿਰ ਵੀ ਡਫ਼ਰ (ਮੂਰਖ) ਹੁੰਦੇ ਹਨ!

ਪੈਸਾ ਕਮਾਉਣ ਲਈ ਪੁੰਨ ਦੀ ਜ਼ਰੂਰਤ ਹੈ। ਬੁੱਧੀ ਨਾਲ ਤਾਂ ਉਲਟੇ ਪਾਪ ਬੰਨ੍ਹਦੇ ਹਨ। ਬੁੱਧੀ ਨਾਲ ਪੈਸਾ ਕਮਾਉਣ ਜਾਈਏ ਤਾਂ ਪਾਪ ਬੰਨ੍ਹਦੇ ਹਨ। ਮੇਰੇ ਵਿੱਚ

ਬੁੱਧੀ ਨਹੀਂ ਹੈ ਇਸ ਲਈ ਪਾਪ ਨਹੀਂ ਬੰਨ੍ਹਦੇ। ਸਾਡੇ ਵਿੱਚ ਬੁੱਧੀ ਇੱਕ ਸੈਂਟ ਪਰਸੈਂਟ ਨਹੀਂ ਹੈ!

## ਲੱਛਮੀ ਜੀ ਕਿਸਦੇ ਪਿੱਛੇ ?

ਲੱਛਮੀ ਜੀ ਤਾਂ ਪੁੰਨਸ਼ਾਲੀਆਂ ਦੇ ਪਿੱਛੇ ਹੀ ਘੁੰਮਦੀ ਰਹਿੰਦੀ ਹੈ ਅਤੇ ਮਿਹਨਤੀ ਲੋਕ ਲੱਛਮੀ ਜੀ ਦੇ ਪਿੱਛੇ ਘੁੰਮਦੇ ਰਹਿੰਦੇ ਹਨ। ਇਸ ਲਈ ਸਾਨੂੰ ਦੇਖ ਲੈਣਾ ਚਾਹੀਦਾ ਹੈ ਕਿ ਪੁੰਨ ਹੋਵੇਗਾ ਤਾਂ ਲੱਛਮੀ ਪਿੱਛੇ ਆਵੇਗੀ। ਨਹੀਂ ਤਾਂ ਮਿਹਨਤ ਨਾਲ ਤਾਂ ਰੋਟੀ ਮਿਲੇਗੀ, ਖਾਣ-ਪੀਣ ਦਾ ਮਿਲੇਗਾ ਅਤੇ ਇੱਕ-ਅੱਧ ਬੇਟੀ ਹੋਵੇਗੀ ਤਾਂ ਉਸਦਾ ਵਿਆਹ ਹੋਵੇਗਾ। ਬਾਕੀ, ਪੁੰਨ ਤੋਂ ਬਿਨਾਂ ਲੱਛਮੀ ਨਹੀਂ ਮਿਲਦੀ। ਇਸ ਲਈ ਖਰੀ ਹਕੀਕਤ ਕੀ ਕਹਿੰਦੀ ਹੈ ਕਿ 'ਜੇ ਤੂੰ ਪੁੰਨਸ਼ਾਲੀ ਹੈਂ ਤਾਂ ਕਿਸ ਲਈ ਤੜਫ਼ਦਾ ਹੈਂ ? ਅਤੇ ਜੇ ਤੂੰ ਪੁੰਨਸ਼ਾਲੀ ਨਹੀਂ ਹੈਂ ਤਾਂ ਵੀ ਕਿਸ ਲਈ ਤੜਫ਼ਦਾ ਹੈਂ ?'

ਪੁੰਨਸ਼ਾਲੀ ਤਾਂ ਕਿਹੋ ਜਿਹੇ ਹੁੰਦੇ ਹਨ ? ਇਹ ਹਵਲਦਾਰ ਜਦੋਂ ਆਫਿਸ ਤੋਂ ਖਿਝ ਕੇ ਘਰ ਵਾਪਸ ਆਉਂਦਾ ਹੈ, ਤਾਂ ਮੇਮ ਸਾਹਿਬ ਕੀ ਕਹੇਗੀ, 'ਡੇਢ ਘੰਟਾ ਲੇਟ ਹੋ ਗਏ, ਕਿੱਥੇ ਗਏ ਸੀ ?' ਇਹ ਦੇਖੋ ਪੁੰਨਸ਼ਾਲੀ! ਪੁੰਨਸ਼ਾਲੀ ਨੂੰ ਇੰਝ ਹੁੰਦਾ ਹੋਵੇਗਾ ? ਪੁੰਨਸ਼ਾਲੀ ਨੂੰ ਤਾਂ ਤੱਤੀ ਹਵਾ ਦਾ ਇੱਕ ਝੋਂਕਾ ਵੀ ਨਹੀਂ ਲੱਗਦਾ। ਬਚਪਨ ਤੋਂ ਹੀ ਉਸ ਦੀ ਕੁਆਲਿਟੀ ਅਲੱਗ ਹੁੰਦੀ ਹੈ। ਅਪਮਾਨ ਦਾ ਯੋਗ ਨਹੀਂ ਮਿਲਦਾ। ਜਿੱਥੇ ਜਾਓ ਉੱਥੇ 'ਆਓ, ਆਓ ਭਾਈ' ਇਸ ਤਰ੍ਹਾਂ ਪਲ਼ੇ-ਵਧੇ ਹੁੰਦੇ ਹਨ ਅਤੇ ਇਹ ਤਾਂ ਇੱਥੇ-ਉੱਥੇ ਟੱਕਰਾਂ ਮਾਰਦਾ ਰਹਿੰਦਾ ਹੈ। ਉਸਦਾ ਅਰਥ ਕੀ ਹੈ ਫਿਰ ? ਵਾਪਸ ਪੁੰਨ ਖਤਮ ਹੋ ਜਾਣ ਨਾ, ਤਾਂ ਜਿਵੇਂ ਦੇ ਸੀ ਫਿਰ ਉਵੇਂ ਦੇ! ਇਸ ਲਈ ਤੂੰ ਪੁੰਨਸ਼ਾਲੀ ਨਹੀਂ ਤਾਂ ਪੂਰੀ ਰਾਤ ਪੱਟਾ ਬੰਨ੍ਹ ਕੇ ਘੁੰਮੇ ਤਾਂ ਵੀ ਸਵੇਰੇ ਕੀ ਪੰਜਾਹ ਮਿਲ ਜਾਣਗੇ ? ਇਸ ਲਈ ਤੜਫ਼ ਨਾ, ਜੋ ਮਿਲਿਆ ਉਹ ਖਾ-ਪੀ ਕੇ ਸੌਂ ਜਾ ਨਾ ਚੁੱਪਚਾਪ।

**ਪ੍ਰਸ਼ਨਕਰਤਾ** : ਉਹ ਤਾਂ ਪ੍ਰਾਰਬਧਵਾਦ ਹੋਇਆ ਨਾ ?

**ਦਾਦਾਸ਼੍ਰੀ** : ਨਹੀਂ, ਪ੍ਰਾਰਬਧਵਾਦ ਨਹੀਂ। ਤੂੰ ਆਪਣੀ ਤਰ੍ਹਾਂ ਕੰਮ ਕਰ। ਮਿਹਨਤ ਕਰਕੇ ਰੋਟੀ ਖਾ। ਬਾਕੀ, ਕਿਉਂ ਤੜਫ਼ਦਾ ਰਹਿੰਦਾ ਹੈਂ ? ਇੰਝ ਇਕੱਠਾ ਕਰਾਂ ਅਤੇ ਉਂਝ ਇਕੱਠਾ ਕਰਾਂ! ਜੇ ਤੈਨੂੰ ਘਰ ਵਿੱਚ ਮਾਨ ਨਹੀਂ ਮਿਲਦਾ, ਬਾਹਰ ਮਾਨ ਨਹੀਂ ਮਿਲਦਾ ਤਾਂ ਕਿਸ ਲਈ ਹੱਥ-ਪੈਰ ਮਾਰਦਾ ਹੈਂ ? ਅਤੇ ਜਿੱਥੇ ਜਾਵੇ

ਉੱਥੇ ਉਸਨੂੰ 'ਆਓ, ਬੈਠੋ' ਕਹਿਣ ਵਾਲੇ ਹੁੰਦੇ ਹਨ, ਇਹੋ ਜਿਹੇ ਵੱਡੇ-ਵੱਡੇ ਪੁੰਨ ਲਿਆਏ ਹੋਣ, ਉਹਨਾਂ ਦੀ ਤਾਂ ਗੱਲ ਹੀ ਅਲੱਗ ਹੁੰਦੀ ਹੈ ਨਾ ?

ਇਹ ਸੇਠ ਪੂਰੀ ਜ਼ਿੰਦਗੀ ਦੇ ਪੱਚੀ ਲੱਖ ਲੈ ਕੇ ਆਏ ਹੁੰਦੇ ਹਨ, ਉਹ ਪੱਚੀ ਲੱਖ ਦੇ ਬਾਈ ਲੱਖ ਕਰਦੇ ਹਨ ਪਰ ਵਧਾਉਂਦੇ ਨਹੀਂ ਹਨ। ਵਧਦੇ ਕਦੋਂ ਹਨ ? ਹਮੇਸ਼ਾ ਹੀ ਧਰਮ ਵਿੱਚ ਰਹੇ ਤਾਂ। ਪਰ ਜੇਕਰ ਖੁਦ ਅੰਦਰ ਦਖਲ ਕਰਨ ਗਿਆ ਤਾਂ ਵਿਗੜਿਆ। ਕੁਦਰਤ ਵਿੱਚ ਹੱਥ ਪਾਉਣ ਗਿਆ ਤਾਂ ਵਿਗੜਿਆ। ਲੱਛਮੀ ਆਉਂਦੀ ਹੈ ਪਰ ਕੁੱਝ ਮਿਲਦਾ ਨਹੀਂ ਹੈ।

## ਰੈਂਕ, ਪੁੰਨਸ਼ਾਲੀਆਂ ਦੀ...

ਵੱਡੇ-ਵੱਡੇ ਚੱਕਰਵਰਤੀ ਰਾਜਾ ਸਨ, ਉਹਨਾਂ ਨੂੰ ਇਹ ਦਿਨ ਹੈ ਜਾਂ ਰਾਤ ਹੈ, ਉਸਦੀ ਖਬਰ ਨਹੀਂ ਰਹਿੰਦੀ ਸੀ। ਉਹਨਾਂ ਨੇ ਸੂਰਜ ਦੇਵ ਵੀ ਨਾ ਦੇਖੇ ਹੋਣ, ਫਿਰ ਵੀ ਵੱਡਾ ਰਾਜ ਸੰਭਾਲਦੇ ਸਨ। ਕਿਉਂਕਿ ਪੁੰਨ ਕੰਮ ਕਰਦਾ ਹੈ।

**ਪ੍ਰਸ਼ਨਕਰਤਾ** : ਸ਼ਾਲੀਭੱਦਰ ਸੇਠ ਨੂੰ ਦੇਵੀ-ਦੇਵਤਾ ਉੱਪਰ ਤੋਂ ਸੋਨੇ ਦੇ ਸਿੱਕਿਆਂ ਦੀਆਂ ਪੇਟੀਆਂ ਦਿੰਦੇ ਸਨ, ਕੀ ਉਹ ਸੱਚ ਹੈ ?

**ਦਾਦਾਸ਼੍ਰੀ** : ਹਾਂ, ਦਿੰਦੇ ਸਨ। ਸਭ ਕੁੱਝ ਦਿੰਦੇ ਸਨ। ਉਹਨਾਂ ਦਾ ਪੁੰਨ ਹੋਵੇ ਉਦੋਂ ਤੱਕ ਕੀ ਨਹੀਂ ਦੇਣਗੇ ? ਅਤੇ ਦੇਵੀ-ਦੇਵਤਿਆਂ ਦੇ ਨਾਲ ਰਿਣਾਨੁਬੰਧ ਹੁੰਦਾ ਹੈ। ਉਹਨਾਂ ਦੇ ਰਿਸ਼ਤੇਦਾਰ ਉੱਥੇ (ਦੇਵਲੋਕ) ਗਏ ਹੋਣ ਅਤੇ ਪੁੰਨ ਹੋਵੇ ਤਾਂ ਉਹਨਾਂ ਨੂੰ ਕੀ ਨਹੀਂ ਦੇਣਗੇ ?

ਪੁੰਨਸ਼ਾਲੀਆਂ ਨੂੰ ਘੱਟ ਮਿਹਨਤ ਨਾਲ ਸਭ ਕੁੱਝ ਫ਼ਲਦਾ ਹੈ। ਇੰਨਾ ਪੁੰਨ ਹੋ ਸਕਦਾ ਹੈ। ਸਹਿਜ ਵਿਚਾਰ ਆਇਆ, ਕੁੱਝ ਯਤਨ ਨਾ ਕਰੇ ਫਿਰ ਵੀ ਸਾਰੀਆਂ ਚੀਜ਼ਾਂ ਸੋਚ ਅਨੁਸਾਰ ਮਿਲ ਜਾਂਦੀਆਂ ਹਨ, ਉਹ ਸਹਿਜ ਯਤਨ। ਯਤਨ ਨਿਮਿਤ ਹੈ ਪਰ ਸਹਿਜ ਯਤਨ ਨੂੰ ਪੁਰਸ਼ਾਰਥ ਕਹਿਣਾ, ਇਹ ਪਰਿਭਾਸ਼ਾ ਭੁੱਲ ਨਾਲ ਭਰੀ ਹੋਈ ਹੈ।

ਲੱਛਮੀ ਅਰਥਾਤ ਪੁੰਨਸ਼ਾਲੀ ਲੋਕਾਂ ਦਾ ਕੰਮ ਹੈ। ਪੁੰਨ ਦਾ ਹਿਸਾਬ ਇਸ ਤਰ੍ਹਾਂ ਦਾ ਹੈ ਕਿ ਬਹੁਤ ਮਿਹਨਤ ਕਰੇ ਅਤੇ ਘੱਟ ਤੋਂ ਘੱਟ ਮਿਲੇ, ਉਹ ਬਹੁਤ ਹੀ ਥੋੜ੍ਹਾ ਸਧਾਰਣ ਪੁੰਨ ਕਹਾਉਂਦਾ ਹੈ। ਫਿਰ ਸਰੀਰਿਕ ਮਿਹਨਤ ਜ਼ਿਆਦਾ ਨਹੀਂ ਕਰਨੀ ਪੈਂਦੀ ਅਤੇ ਬਾਣੀ ਦੀ ਮਿਹਨਤ ਬਹੁਤ ਕਰਨੀ ਪਵੇ, ਵਕੀਲਾਂ ਦੀ ਤਰ੍ਹਾਂ, ਉਹ

ਥੋੜ੍ਹਾ ਜ਼ਿਆਦਾ ਪੁੰਨ ਕਹਾਉਂਦਾ ਹੈ, ਮਜ਼ਦੂਰ ਨਾਲੋਂ ਅਤੇ ਉਸ ਤੋਂ ਅੱਗੇ ਦਾ ਕੀ ? ਬਾਣੀ ਦੀ ਝੰਜਟ ਵੀ ਨਹੀਂ ਕਰਨੀ ਪੈਂਦੀ, ਸਰੀਰ ਦੀ ਝੰਜਟ ਵੀ ਨਹੀਂ ਕਰਨੀ ਪੈਂਦੀ, ਪਰ ਮਾਨਸਿਕ ਝੰਜਟ ਨਾਲ ਕਮਾਉਂਦਾ ਹੈ, ਉਹ ਜ਼ਿਆਦਾ ਪੁੰਨਸ਼ਾਲੀ ਕਹਾਉਂਦਾ ਹੈ ਅਤੇ ਉਸ ਤੋਂ ਵੀ ਅੱਗੇ ਕਿਹੜਾ ਹੈ ? ਸੰਕਲਪ ਕਰਦੇ ਹੀ ਤਿਆਰ ਹੋ ਜਾਵੇ। ਸੰਕਲਪ ਕੀਤਾ ਉਹ ਮਿਹਨਤ। ਸੰਕਲਪ ਕੀਤਾ ਕਿ ਦੋ ਬੰਗਲੇ, ਇੱਕ ਗੋਦਾਮ। ਇਸ ਤਰ੍ਹਾਂ ਦਾ ਸੰਕਲਪ ਕੀਤਾ ਕਿ ਸਭ ਤਿਆਰ ਹੋ ਜਾਂਦਾ ਹੈ, ਉਹ ਮਹਾਨ ਪੁੰਨਸ਼ਾਲੀ। ਸੰਕਲਪ ਕਰੇ ਉਹ ਮਿਹਨਤ, ਬਸ ਸੰਕਲਪ ਕਰਨਾ ਪੈਂਦਾ ਹੈ। ਸੰਕਲਪ ਦੇ ਬਿਨਾਂ ਨਹੀਂ ਹੁੰਦਾ। ਥੋੜ੍ਹੀ ਜਿਹੀ ਮਿਹਨਤ, ਕੁੱਝ ਤਾਂ ਚਾਹੀਦਾ ਹੈ।

**ਪ੍ਰਸ਼ਨਕਰਤਾ** : ਪਰ ਮਨੁੱਖਾਂ ਵਿੱਚ ਉਸ ਤਰ੍ਹਾਂ ਨਹੀਂ ਹੋ ਸਕਦਾ।

**ਦਾਦਾਸ਼੍ਰੀ** : ਮਨੁੱਖਾਂ ਵਿੱਚ ਵੀ ਹੁੰਦਾ ਹੈ। ਕਿਉਂ ਨਹੀਂ ਹੋਵੇਗਾ ? ਮਨੁੱਖਾਂ ਵਿੱਚ ਤਾਂ ਜਿੰਨਾ ਚਾਹੀਦਾ ਹੈ ਓਨਾ ਹੋਵੇਗਾ।

**ਪ੍ਰਸ਼ਨਕਰਤਾ** : ਉਹ ਤਾਂ ਇੰਝ ਕਿਹਾ ਗਿਆ ਹੈ ਕਿ ਦੇਵਲੋਕ ਵਿੱਚ ਇਸ ਤਰ੍ਹਾਂ ਹੁੰਦਾ ਹੈ।

**ਦਾਦਾਸ਼੍ਰੀ** : ਦੇਵਲੋਕ ਦਾ ਸਭ ਕੁੱਝ ਸਿੱਧ ਹੁੰਦਾ ਹੈ। ਪਰ ਇੱਥੇ ਵੀ ਕਿਸੇ-ਕਿਸੇ ਨੂੰ ਸੰਕਲਪ ਸਿੱਧੀ ਹੋ ਜਾਂਦੀ ਹੈ। ਸਭ ਹੁੰਦਾ ਹੈ, ਆਪਣਾ ਪੁੰਨ ਚਾਹੀਦਾ ਹੈ। ਪੁੰਨ ਨਹੀਂ ਹੈ। ਪੁੰਨ ਘੱਟ ਗਏ ਹਨ।

ਜਿੰਨੀ ਮਿਹਨਤ ਓਨੇ ਅੰਤਰਾਏ, ਕਿਉਂਕਿ ਮਿਹਨਤ ਕਿਉਂ ਕਰਨੀ ਪੈ ਰਹੀ ਹੈ ?

ਅਰਥਾਤ ਇਸ ਜਗਤ ਵਿੱਚ ਸਭ ਤੋਂ ਜ਼ਿਆਦਾ ਪੁੰਨਸ਼ਾਲੀ ਕੌਣ ਹੈ ? ਜਿਸਨੂੰ ਥੋੜ੍ਹਾ ਜਿਹਾ ਵਿਚਾਰ ਆਵੇ, ਉਹ ਨਿਸ਼ਚਿਤ ਕਰੇ ਅਤੇ ਕਈ ਸਾਲਾਂ ਤੱਕ ਬਿਨਾਂ ਇੱਛਾ ਦੇ, ਬਿਨਾਂ ਮਿਹਨਤ ਦੇ ਮਿਲਦਾ ਹੀ ਰਹੇ ਉਹ। ਦੂਸਰੇ ਨੰਬਰ ’ਤੇ, ਇੱਛਾ ਹੋਵੇ ਅਤੇ ਉਹ ਵਾਰ-ਵਾਰ ਨਿਸ਼ਚਿਤ ਕਰੇ ਅਤੇ ਸ਼ਾਮ ਨੂੰ ਸਹਿਜ ਹੀ ਮਿਲ ਜਾਵੇ ਉਹ। ਤੀਸਰੇ ਨੰਬਰ ਵਾਲੇ ਨੂੰ ਇੱਛਾ ਹੁੰਦੀ ਹੈ ਅਤੇ ਯਤਨ ਕਰਦਾ ਹੈ ਅਤੇ ਪ੍ਰਾਪਤ ਹੋ ਜਾਂਦਾ ਹੈ। ਚੌਥੇ ਨੰਬਰ ਵਾਲੇ ਨੂੰ ਇੱਛਾ ਹੁੰਦੀ ਹੈ ਅਤੇ ਭਿਅੰਕਰ ਯਤਨ ਕਰਨ ਨਾਲ ਪ੍ਰਾਪਤ ਹੁੰਦਾ ਹੈ। ਪੰਜਵੇਂ ਨੂੰ ਇੱਛਾ ਹੁੰਦੀ ਹੈ ਅਤੇ ਭਿਅੰਕਰ ਯਤਨਾਂ ਨਾਲ ਵੀ ਪ੍ਰਾਪਤ ਨਹੀਂ ਹੁੰਦਾ। ਇਹਨਾਂ ਮਜ਼ਦੂਰਾਂ ਨੂੰ ਕਠੋਰ ਮਿਹਨਤ ਕਰਨੀ ਪੈਂਦੀ ਹੈ ਅਤੇ ਉੱਪਰੋਂ ਗਾਲ੍ਹਾਂ ਖਾਂਦੇ ਹਨ ਫਿਰ ਵੀ ਪੈਸੇ

ਨਹੀਂ ਮਿਲਦੇ। ਮਿਲਣ ਤਾਂ ਵੀ ਟਿਕਾਣਾ ਨਹੀਂ ਕਿ ਘਰ ਜਾ ਕੇ ਖਾਣ ਨੂੰ ਮਿਲੇਗਾ। ਉਹ ਸਭ ਤੋਂ ਜ਼ਿਆਦਾ ਯਤਨ ਕਰਦੇ ਹਨ, ਫਿਰ ਵੀ ਪ੍ਰਾਪਤੀ ਨਹੀਂ ਹੁੰਦੀ।

## ਪੁੰਨ ਨਾਲ ਹੀ ਪ੍ਰਾਪਤ ਸਤਿਸੰਗ

ਤੁਸੀਂ ਪੁੰਨ ਕੀਤਾ ਹੋਇਆ ਹੈ ਜਾਂ ਨਹੀਂ ? ਇਸ ਲਈ ਤਾਂ ਸੀ.ਏ. ਬਣੇ।

**ਪ੍ਰਸ਼ਨਕਰਤਾ** : ਹੁਣ ਤੱਕ ਪਾਪ ਨਹੀਂ ਕੀਤਾ, ਪੁੰਨ ਹੀ ਕੀਤਾ ਹੈ।

**ਦਾਦਾਸ੍ਰੀ** : ਉਹ ਤਾਂ ਇੰਝ ਲੱਗਦਾ ਹੈ। ਪਾਪ ਵੀ ਕੀਤਾ ਹੈ ਪਰ ਪਾਪ ਘੱਟ ਕੀਤਾ ਹੋਵੇਗਾ, ਪੁੰਨ ਜ਼ਿਆਦਾ ਕੀਤਾ ਹੋਵੇਗਾ। ਇਸ ਲਈ ਤਾਂ ਇਸ ਸਤਿਸੰਗ ਵਿੱਚ ਆਉਣ ਦਾ ਟਾਈਮ ਮਿਲਿਆ, ਇੱਥੇ ਆ ਸਕੇ, ਨਹੀਂ ਤਾਂ ਸਤਿਸੰਗ ਵਿੱਚ ਆਉਣ ਦਾ ਟਾਈਮ ਕਿਸ ਕੋਲ ਹੁੰਦਾ ਹੈ ?

## ਪਾਪ-ਪੁੰਨ ਦੇ ਪਰਿਣਾਮਸਰੂਪ...

**ਪ੍ਰਸ਼ਨਕਰਤਾ** : ਪਾਪ ਅਤੇ ਪੁੰਨ ਨਾਲ ਉਸਦਾ ਸਬੰਧ ਕਿਸ ਤਰ੍ਹਾਂ ਹੁੰਦਾ ਹੈ ?

**ਦਾਦਾਸ੍ਰੀ** : ਹੁਣ ਤੁਸੀਂ ਇੱਥੇ ਆਏ ਹੋ ਤਾਂ ਤੁਸੀਂ ਇੱਥੇ ਕਿਸੇ ਨੂੰ ਠੋਕਰ ਨਾ ਲੱਗੇ ਇੰਝ ਸੰਭਲ ਕੇ ਚੱਲਦੇ ਹੋ ਅਤੇ ਠੋਕਰ ਲੱਗੇ ਇਹੋ ਜਿਹੀ ਜਗ੍ਹਾ ਹੋਵੇ, ਭੀੜ ਵਾਲੀ ਜਗ੍ਹਾ ਹੋਵੇ, ਪਰ ਮਨ ਵਿੱਚ ਸੋਚ ਹੁੰਦੀ ਹੈ ਕਿ ਕਿਸੇ ਨੂੰ ਨਾ ਲੱਗੇ ਤਾਂ ਚੰਗਾ ਹੈ, ਅਜਿਹੀ ਭਾਵਨਾ ਨਾਲ ਇੱਥੇ ਆਓ, ਤਾਂ ਤੁਹਾਨੂੰ ਪੁੰਨ ਬੰਨ੍ਹੇਗਾ।

ਅਤੇ, ਭੀੜ ਹੈ ਇਸ ਲਈ ਲੱਗ ਵੀ ਜਾਂਦੀ ਹੈ, ਅਜਿਹੀ ਭਾਵਨਾ ਨਾਲ ਆਓ ਤਾਂ ਪਾਪ ਬੰਨ੍ਹੇਗਾ।

ਕਿਸੇ ਨੂੰ ਆਪਣੇ ਤੋਂ ਕਿੰਚਿਤਮਾਤਰ ਦੁੱਖ ਹੋ ਜਾਵੇ, ਤਾਂ ਉਸ ਨਾਲ ਪਾਪ ਹੀ ਬੰਨ੍ਹਦਾ ਹੈ। ਕਿਸੇ ਨੂੰ ਸੁੱਖ ਪਹੁੰਚੇ, ਸ਼ਾਂਤੀ ਮਿਲੇ, ਕਿਸੇ ਦੇ ਦਿਲ ਨੂੰ ਠੰਢਕ ਮਿਲੇ, ਉਸ ਨਾਲ ਨਿਰਾ ਪੁੰਨ ਬੰਨ੍ਹਦਾ ਹੈ।

ਹੁਣ ਉਹ ਪਛਿਲੇ ਜਨਮ ਦੇ ਬੰਨ੍ਹੇ ਹੋਏ ਪਾਪ, ਉਹ ਇਸ ਭਵ (ਜਨਮ) ਵਿੱਚ ਵਾਪਸ ਉਦੈ ਵਿੱਚ ਆਉਂਦੇ ਹਨ। ਯੋਜਨਾ ਜੋ ਪਿਛਲੇ ਜਨਮ ਵਿੱਚ ਹੋਈ ਸੀ, ਉਹ ਇਸ ਜਨਮ ਵਿੱਚ ਫ਼ਲੀਭੂਤ ਹੁੰਦੀ ਹੈ।

ਜਦੋਂ ਪਾਪ ਦਾ ਉਦੈ ਆਉਂਦਾ ਹੈ ਉਦੋਂ ਪੂਰਾ ਦਿਨ ਮਨ ਵਿੱਚ ਖਰਾਬ ਵਿਚਾਰ, ਚਿੰਤਾ ਦੇ ਵਿਚਾਰ ਆਉਂਦੇ ਰਹਿੰਦੇ ਹਨ, ਬਾਹਰ ਵੀ ਨੁਕਸਾਨ ਹੁੰਦਾ ਹੈ, ਬੱਚੇ ਵਿਰੋਧ ਕਰਦੇ ਹਨ, ਪਾਰਟਨਰ ਨਾਲ ਝਗੜੇ ਹੁੰਦੇ ਹਨ, ਪਾਪ ਦਾ ਉਦੈ ਹੁੰਦਾ ਹੈ ਉਦੋਂ। ਅਤੇ ਪੁੰਨ ਦਾ ਉਦੈ ਹੋਵੇ ਤਾਂ ਦੁਸ਼ਮਣ ਹੋਵੇ ਨਾ, ਉਹ ਵੀ ਆ ਕੇ ਕਹੇਗਾ, 'ਓਏ ਚੰਦੂਭਾਈ, ਕੋਈ ਕੰਮ-ਕਾਜ ਹੋਵੇ ਤਾਂ ਮੈਨੂੰ ਕਹਿਣਾ...' ਓਏ, ਤੂੰ ਦੁਸ਼ਮਣ, ਪਰ ਉਦੋਂ ਤਾਂ ਪੁੰਨ ਦਾ ਉਦੈ ਆਇਆ ਸੀ ਤੁਹਾਡਾ। ਇਸ ਲਈ ਪੁੰਨ ਦੇ ਉਦੈ ਵਿੱਚ ਦੁਸ਼ਮਣ ਵੀ ਮਿੱਤਰ ਬਣ ਜਾਂਦਾ ਹੈ ਅਤੇ ਪਾਪ ਦਾ ਉਦੈ ਹੋਵੇ, ਤਾਂ ਪੁੱਤਰ ਵੀ ਦੁਸ਼ਮਣ ਬਣ ਜਾਂਦਾ ਹੈ। ਕੀ ਕੋਈ ਬੇਟਾ ਬਾਪ ਉੱਪਰ ਦਾਅਵਾ ਦਾਇਰ ਕਰਦਾ ਹੈ ?

**ਪ੍ਰਸ਼ਨਕਰਤਾ** : ਕਰਦਾ ਹੀ ਹੈ।

**ਦਾਦਾਸ਼੍ਰੀ** : ਓਏ, ਇੱਕ ਆਦਮੀ ਨੇ ਦਾਅਵਾ ਦਾਇਰ ਕੀਤਾ ਸੀ ਬਾਪ ਉੱਤੇ, ਉਸਨੇ ਕੀ-ਕੀ ਕੀਤਾ ਫਿਰ ? ਉਸਨੇ ਦਾਅਵਾ ਦਾਇਰ ਕਰਨ ਤੋਂ ਬਾਅਦ ਵਕੀਲ ਨੂੰ ਇੰਝ ਕਿਹਾ, ਕਿ ਪਿਤਾ ਜੀ ਹਾਰ ਗਏ ਤਾਂ ਹਰਜ਼ ਨਹੀਂ, ਉਹ ਤਾਂ ਚੰਗਾ ਹੋ ਗਿਆ ਹੁਣ। ਲਓ, ਇਹ ਤੁਹਾਡੀ ਤਿੰਨ ਸੌ ਰੁਪਏ ਫ਼ੀਸ। ਪਰ ਹੁਣ ਇੱਕ ਦਾਅ ਚਲਾਓ। ਤਾਂ ਵਕੀਲ ਕਹਿੰਦਾ, 'ਹੁਣ ਕੀ ਕਰਨਾ ਹੈ ?' ਤਾਂ ਉਸਨੇ ਕਿਹਾ, 'ਨੱਕ ਕਟਵਾਉਣੀ ਹੈ।' ਓਏ, ਬਾਪ ਦੀ ਨੱਕ ਕਟਵਾਉਣੀ ਹੈ। ਤਾਂ ਕਹਿੰਦਾ ਹੈ, 'ਹਾਂ, ਉਸਦੇ ਲਈ ਮੈਂ ਡੇਢ ਸੌ ਰੁਪਏ ਦੇਵਾਂਗਾ।' ਤਾਂ ਉੱਥੇ ਫ਼ਜੀਤਾ ਕਰਵਾਇਆ, ਨੱਕ ਕਟਵਾਈ। ਯਾਨੀ ਜਦੋਂ ਆਪਣੀ ਭੁੱਲ ਹੋਵੇ ਅਤੇ ਪਾਪ ਦਾ ਉਦੈ ਹੋਵੇ ਤਾਂ ਬੇਟਾ ਵੀ ਦੁਸ਼ਮਣ ਬਣ ਜਾਂਦਾ ਹੈ।

## ਪਰਮ ਮਿੱਤਰ ਕੌਣ ?

ਪੁੰਨ ਚੰਗਾ ਹੋਵੇ ਤਾਂ ਸਭ ਕੁੱਝ ਚੰਗਾ ਹੈ। ਇਸ ਲਈ ਪੁੰਨ ਰੂਪੀ ਮਿੱਤਰ ਹੋਵੇ ਤਾਂ ਜਿੱਥੇ ਜਾਓ ਉੱਥੇ ਸੁੱਖ, ਸੁੱਖ ਅਤੇ ਸੁੱਖ। ਉਹ ਮਿੱਤਰ ਹੋਣਾ ਚਾਹੀਦਾ ਹੈ। ਪਾਪ ਰੂਪੀ ਮਿੱਤਰ ਆਇਆ ਕਿ ਮੁੱਕਾ ਮਾਰੇ ਬਿਨਾਂ ਰਹੇਗਾ ਨਹੀਂ। ਫਿਰ ਸਮਭਾਵ ਨਾਲ ਨਿਕਾਲ ਨਹੀਂ ਹੁੰਦਾ, ਫਿਰ ਚੀਖਣਾ ਪੈਂਦਾ ਹੈ।

**ਪ੍ਰਸ਼ਨਕਰਤਾ** : ਉਹ ਤਾਂ ਤੁਸੀਂ ਕਿਹਾ ਹੈ ਕਿ ਪੁੰਨ ਚਾਹੇ ਜਿੱਥੇ ਮਿੱਤਰ ਦੀ ਤਰ੍ਹਾਂ ਕੰਮ ਕਰਦਾ ਹੈ...

**ਦਾਦਾਸ਼੍ਰੀ** : ਹਾਂ, ਖਰਾਬ ਤੋਂ ਖਰਾਬ ਜਗ੍ਹਾ 'ਤੇ ਤੁਹਾਨੂੰ, ਕਿਸੇ ਵੀ ਜਗ੍ਹਾ ਤੁਸੀ ਫਸ ਜਾਉ, ਉੱਥੇ ਤੁਹਾਡਾ ਪੁੰਨ ਤੁਹਾਡੇ ਨਾਲ ਖੜ੍ਹਾ ਰਹਿੰਦਾ ਹੈ।

**ਪ੍ਰਸ਼ਨਕਰਤਾ** : ਪਾਪ ਘਰ ਵਿੱਚ ਵੀ ਦੁਖੀ ਕਰਦਾ ਹੈ।

**ਦਾਦਾਸ਼੍ਰੀ** : ਪਾਪ ਘਰ ਵਿੱਚ ਬਿਸਤਰੇ ਵਿੱਚ ਮਾਰ ਦਿੰਦਾ ਹੈ। ਬਿਸਤਰੇ ਵਿੱਚ ਚਿੰਤਾ ਕਰਵਾਉਂਦਾ ਹੈ, ਫਸਟ ਕਲਾਸ ਬਿਸਤਰਾ ਵਿਛਾਇਆ ਹੋਵੇ, ਉਸ ਉੱਤੇ ਵੀ ਚਿੰਤਾ ਕਰਵਾਉਂਦਾ ਹੈ। ਪਾਪ ਛੱਡਦਾ ਨਹੀਂ ਹੈ ਨਾ! ਇਸ ਲਈ ਤਾਂ ਸੰਤਾਂ ਨੇ ਕਿਹਾ ਹੈ ਕਿ, ਪਾਪ ਤੋਂ ਡਰੋ।

## ਕਿਹੋ ਜਿਹਾ ਪੁੰਨ ਚਾਹੀਦੈ ਮੋਕਸ਼ ਦੇ ਲਈ ?

**ਪ੍ਰਸ਼ਨਕਰਤਾ** : ਜਦੋਂ ਤੱਕ ਮੋਕਸ਼ ਦੇ ਮਾਰਗ 'ਤੇ ਨਹੀਂ ਪਹੁੰਚੇ, ਉਦੋਂ ਤੱਕ ਪੁੰਨ ਨਾਮ ਦੇ ਗਾਈਡ ਦੀ ਜ਼ਰੂਰਤ ਪੈਂਦੀ ਹੈ ਨਾ ?

**ਦਾਦਾਸ਼੍ਰੀ** : ਹਾਂ, ਉਸ ਪੁੰਨ ਦੇ ਗਾਈਡ ਲਈ ਤਾਂ ਲੋਕ ਸ਼ੁਭਾਸ਼ੁਭ ਵਿੱਚ ਪਏ ਹੋਏ ਹਨ ਨਾ! ਉਸ ਗਾਈਡ ਨਾਲ ਸਭ ਮਿਲੇਗਾ। ਪਰ ਮੋਕਸ਼ ਦੇ ਮਾਰਗ 'ਤੇ ਜਾਂਦੇ ਹੋਏ ਪੁੰਨ ਬੰਨ੍ਹਦਾ ਹੈ, ਪਰ ਇਸ ਤਰ੍ਹਾਂ ਦੇ ਪੁੰਨ ਦੀ ਜ਼ਰੂਰਤ ਨਹੀਂ ਹੈ। ਮੋਕਸ਼ ਵਿੱਚ ਜਾਣ ਵਾਲਿਆਂ ਦਾ ਪੁੰਨ ਤਾਂ ਕਿਹੋ ਜਿਹਾ ਹੁੰਦਾ ਹੈ ? ਉਸਨੂੰ ਜਗਤ ਵਿੱਚ ਸੂਰਜ ਚੜ੍ਹਿਆ ਜਾਂ ਨਹੀਂ, ਉਹ ਵੀ ਪਤਾ ਨਹੀਂ ਚੱਲਦਾ ਅਤੇ ਪੂਰੀ ਜ਼ਿੰਦਗੀ ਬੀਤ ਜਾਂਦੀ ਹੈ, ਇਹੋ ਜਿਹੇ ਪੁੰਨ ਹੁੰਦੇ ਹਨ। ਤਾਂ ਫਿਰ ਇਹੋ ਜਿਹੇ ਕੂੜੇ ਵਰਗੇ ਪੁੰਨ ਦਾ ਕੀ ਕਰਨਾ ਹੈ ?

## ਨਹੀਂ ਹੋ ਸਕਦਾ ਮਾਈਨਸ (ਘਟਾਅ) ਪਾਪ ਦਾ ਕਦੇ

**ਪ੍ਰਸ਼ਨਕਰਤਾ** : ਇਹ ਮਾਰਗ ਨਾ ਮਿਲੇ, ਉਦੋਂ ਤੱਕ ਤਾਂ ਉਸ ਪੁੰਨ ਦੀ ਜ਼ਰੂਰਤ ਹੈ ਨਾ ?

**ਦਾਦਾਸ਼੍ਰੀ** : ਹਾਂ, ਉਹ ਠੀਕ ਹੈ। ਪਰ ਲੋਕਾਂ ਕੋਲ ਕਿੱਥੇ ਪੁੰਨ ਸਾਬਤ ਬਚਿਆ ਹੈ ? ਕੁੱਝ ਵੀ ਟਿਕਾਣਾ ਨਹੀਂ ਹੈ। ਕਿਉਂਕਿ ਤੁਹਾਡੀ ਕੀ ਇੱਛਾ ਹੈ ? ਤਾਂ ਕਹੀਏ ਕਿ ਪੁੰਨ ਕਰੋ ਤਾਂ ਪਾਪ ਦਾ ਉਦੈ ਨਹੀਂ ਆਵੇਗਾ। ਜਦੋਂ ਕਿ ਭਗਵਾਨ ਕੀ ਕਹਿੰਦੇ ਹਨ ? ਤੂੰ ਸੌ ਰੁਪਏ ਦਾ ਪੁੰਨ ਬੰਨ੍ਹਿਆ ਤਾਂ ਤੇਰੇ ਖਾਤੇ ਵਿੱਚ ਸੌ ਰੁਪਏ ਜਮ੍ਹਾਂ ਹੋ ਜਾਂਦੇ

ਹਨ। ਉਸ ਤੋਂ ਬਾਅਦ ਦੋ ਰੁਪਏ ਜਿੰਨਾ ਪਾਪ ਕੀਤਾ ਯਾਨੀ ਕਿ ਕਿਸੇ ਮਨੁੱਖ ਨੂੰ 'ਹਟ, ਹਟ, ਦੂਰ ਖਿਸਕ' ਇੰਝ ਕਿਹਾ, ਉਸ ਵਿੱਚ ਥੋੜ੍ਹਾ ਤਿਰਸਕਾਰ ਆ ਗਿਆ। ਹੁਣ ਉਸਦਾ ਜਮ੍ਹਾਂ-ਉਧਾਰ ਨਹੀਂ ਹੁੰਦਾ। ਭਗਵਾਨ ਕੋਈ ਕੱਚੀ ਮਾਇਆ ਨਹੀਂ ਹੈ। ਜੇ ਪਾਪ-ਪੁੰਨ ਦਾ ਜਮ੍ਹਾਂ-ਉਧਾਰ ਹੁੰਦਾ ਤਾਂ ਇਸ ਬਾਣੀਆ ਜਾਤੀ ਨੂੰ ਤਾਂ ਥੋੜ੍ਹਾ ਵੀ ਦੁੱਖ ਨਾ ਹੁੰਦਾ! ਪਰ ਇਹ ਤਾਂ ਸੁੱਖ ਵੀ ਭੋਗੋ ਅਤੇ ਦੁੱਖ ਵੀ ਭੋਗੋ, ਭਗਵਾਨ ਕਿਹੋ ਜਿਹੇ ਪੱਕੇ!

**ਪ੍ਰਸ਼ਨਕਰਤਾ** : ਪੁੰਨ ਦੇ ਰਸਤੇ 'ਤੇ ਮਨੁੱਖ ਜੇਕਰ ਜਾਵੇ ਤਾਂ ਫਿਰ ਪਾਪ ਕਿਸ ਲਈ ਆਉਂਦਾ ਹੈ ?

**ਦਾਦਾਸ਼੍ਰੀ** : ਉਹ ਤਾਂ ਹਮੇਸ਼ਾ ਤੋਂ ਹੀ ਨਿਯਮ ਹੈ ਨਾ, ਕਿ ਕੋਈ ਵੀ ਕੰਮ ਤੁਸੀਂ ਕਰੋ, ਤਾਂ ਪੁੰਨ ਦਾ ਕੰਮ ਹੋਵੇ ਤਾਂ ਤੁਹਾਡੇ ਸੌ ਰੁਪਏ ਜਮ੍ਹਾ ਹੁੰਦੇ ਹਨ ਅਤੇ ਪਾਪ ਦਾ ਕੰਮ ਹੋਵੇ ਤਾਂ ਬੇਸ਼ੱਕ ਥੋੜ੍ਹਾ ਹੀ, ਇੱਕ ਹੀ ਰੁਪਏ ਦਾ ਹੋਵੇ ਤਾਂ ਵੀ ਉਹ ਤੁਹਾਡੇ ਖਾਤੇ ਵਿੱਚ ਉਧਾਰੀ ਵਿੱਚ ਜਾਂਦਾ ਹੈ ਅਤੇ ਉਹ ਸੌ ਵਿੱਚੋਂ ਇੱਕ ਵੀ ਘੱਟ ਨਹੀਂ ਹੁੰਦਾ। ਉਸ ਤਰ੍ਹਾਂ ਜੇ ਘਟਦਾ ਤਾਂ ਕੋਈ ਪਾਪ ਲੱਗਦਾ ਹੀ ਨਹੀਂ। ਅਰਥਾਤ ਦੋਵੇਂ ਅਲੱਗ-ਅਲੱਗ ਰਹੇ ਹਨ ਅਤੇ ਦੋਵਾਂ ਦੇ ਫ਼ਲ ਵੀ ਅਲੱਗ-ਅਲੱਗ ਆਉਂਦੇ ਹਨ। ਪਾਪ ਦਾ ਫ਼ਲ ਆਵੇ ਤਾਂ ਕੌੜਾ ਲੱਗਦਾ ਹੈ।

ਪੁੰਨ ਵਿੱਚੋਂ ਪਾਪ ਇਸ ਤਰ੍ਹਾਂ ਘਟਦੇ ਨਹੀਂ ਹਨ। ਜੇ ਘੱਟ ਜਾਂਦੇ ਤਾਂ ਲੋਕ ਤਾਂ ਬਹੁਤ ਹੀ ਪੱਕੇ। ਬਿਲਕੁਲ ਵੀ ਦੁੱਖ ਨਾ ਆਉਂਦਾ। ਇੱਕ ਵੀ ਬੇਟਾ ਮਰਦਾ ਨਾ ਜਾਂ ਬੇਟੀ ਨਾ ਮਰਦੀ। ਨੌਕਰ ਚੋਰੀ ਨਾ ਕਰਦੇ। ਕੁੱਝ ਵੀ ਨਾ ਕਰਦੇ। ਮਜ਼ੇ ਹੁੰਦੇ। ਇਹ ਤਾਂ ਪੁੰਨ ਘੇਰ ਲਵੇ ਤਾਂ ਗੱਡੀਆਂ ਵਿੱਚ ਮੌਜ-ਮਜ਼ਾ ਵੀ ਕਰਵਾਉਂਦੇ ਹਨ ਅਤੇ ਪਾਪ ਘੇਰ ਲਵੇ ਤਾਂ ਉਸੇ ਗੱਡੀ ਨਾਲ ਐਕਸੀਡੈਂਟ ਕਰਵਾਉਂਦਾ ਹੈ। ਇਹ ਤਾਂ ਸਭ ਘੇਰ ਲਵੇਗਾ। ਅੰਦਰ ਹੋਵੇਗਾ ਓਨਾ ਸਮਾਨ ਘੇਰ ਲਵੇਗਾ। ਨਹੀਂ ਹੋਵੇਗਾ ਤਾਂ ਕਿੱਥੋਂ ਦੀ ਘੇਰੇਗਾ ? ਜੋ ਹੈ ਉਹ ਹਿਸਾਬ ਹੈ। ਉਸ ਵਿੱਚ ਕੁੱਝ ਵੀ ਬਦਲਾਓ ਨਹੀਂ ਹੋਵੇਗਾ।

## ਅਣਜਾਣੇ ਵਿੱਚ ਹੋਏ ਪਾਪਾਂ ਦਾ ?

**ਪ੍ਰਸ਼ਨਕਰਤਾ** : ਇਹ ਮੈਂ ਪਾਪ ਕੀਤਾ ਜਾਂ ਪੁੰਨ ਕੀਤਾ, ਇਹੋ ਜਿਹੀ ਸਮਝ ਨਾ ਹੋਵੇ ਤਾਂ ਪਾਪ-ਪੁੰਨ ਹੁੰਦਾ ਹੈ ? ਉਸਨੂੰ ਸਮਝ ਹੀ ਨਾ ਹੋਵੇ ਕਿ ਇਹ ਮੈਂ ਪਾਪ

ਕੀਤਾ ਅਤੇ ਇਹ ਮੈਂ ਪੁੰਨ ਕੀਤਾ ਤਾਂ ਉਸਦਾ ਅਸਰ ਉਸਨੂੰ ਬਿਲਕੁਲ ਹੀ ਨਹੀਂ ਹੋਵੇਗਾ ਨਾ ?

**ਦਾਦਾਸ੍ਰੀ** : ਕੁਦਰਤ ਦਾ ਨਿਯਮ ਇਸ ਤਰ੍ਹਾਂ ਦਾ ਹੈ ਕਿ ਤੁਹਾਨੂੰ ਸਮਝ ਹੋਵੇ ਜਾਂ ਨਾ ਹੋਵੇ, ਫਿਰ ਵੀ ਉਸਦਾ ਅਸਰ ਹੋਏ ਬਿਨਾਂ ਨਹੀਂ ਰਹਿੰਦਾ। ਇਸ ਦਰਖਤ ਨੂੰ ਕੱਟ ਦਿੱਤਾ, ਉਸ ਵਿੱਚ ਤੁਸੀਂ ਕੋਈ ਪਾਪ ਜਾਂ ਪੁੰਨ ਨਹੀਂ ਸਮਝਦੇ ਹੋ, ਪਰ ਉਸ ਨਾਲ ਦਰਖਤ ਨੂੰ ਦੁੱਖ ਤਾਂ ਹੋਇਆ ਹੀ ਨਾ ? ਇਸ ਲਈ ਤੁਹਾਨੂੰ ਪਾਪ ਲੱਗਿਆ। ਤੁਸੀਂ ਚਾਰ ਘੰਟੇ ਲਾਈਨ ਵਿੱਚ ਖੜ੍ਹੇ ਰਹਿ ਕੇ ਰਾਸ਼ਣ ਵਿੱਚੋਂ ਕੰਟਰੋਲ ਦੀ ਖੰਡ ਦੀ ਥੈਲੀ ਲੈ ਕੇ ਜਾ ਰਹੇ ਹੋ ਅਤੇ ਥੈਲੀ ਵਿੱਚੋਂ ਗਲ਼ੀ ਹੋਵੇ, ਉਸ ਵਿੱਚੋਂ ਖੰਡ ਡਿੱਗ ਰਹੀ ਹੋਵੇ ਉਹ ਖੰਡ ਕਿਸੇ ਦੇ ਕੰਮ ਆਵੇਗੀ ਜਾਂ ਨਹੀਂ ? ਹੇਠਾਂ ਕੀੜੀਆਂ ਹੁੰਦੀਆਂ ਹਨ, ਉਹ ਖੰਡ ਨੂੰ ਲੈ ਜਾਂਦੀਆਂ ਹਨ ਅਤੇ ਕੀੜੀਆਂ ਦਾ ਭਲਾ ਹੋ ਜਾਂਦਾ ਹੈ। ਹੁਣ ਇਹ ਤੁਸੀਂ ਦਾਨ ਦਿੱਤਾ, ਇੰਝ ਕਿਹਾ ਜਾਵੇਗਾ। ਬੇਸ਼ੱਕ ਬਿਨਾਂ ਸਮਝੇ, ਪਰ ਦਾਨ ਹੁੰਦਾ ਹੈ ਨਾ ? ਤੁਹਾਡੀ ਜਾਣਕਾਰੀ ਵਿੱਚ ਨਹੀਂ ਹੈ, ਫਿਰ ਵੀ ਦਾਨ ਹੁੰਦਾ ਰਹਿੰਦਾ ਹੈ ਨਾ! ਅਤੇ ਕੀੜੀਆਂ ਨੂੰ ਸੁੱਖ ਹੁੰਦਾ ਹੈ ਨਾ ? ਉਸ ਨਾਲ ਤੁਹਾਨੂੰ ਪੁੰਨ ਬੰਨ੍ਹਦਾ ਹੈ। ਉਸਦਾ ਫ਼ਲ ਵੀ ਬਿਨਾਂ ਸਮਝੇ ਭੋਗ ਲਿਆ ਜਾਂਦਾ ਹੈ!

ਕਿੰਨੇ ਹੀ ਕਹਿੰਦੇ ਹਨ ਕਿ ਅਣਜਾਣੇ ਵਿੱਚ ਪਾਪ ਹੋ ਜਾਵੇ ਤਾਂ ਉਸਦਾ ਫ਼ਲ ਕੁੱਝ ਨਹੀਂ ਆਉਂਦਾ। ਕਿਉਂ ਨਹੀਂ ਆਵੇਗਾ ? ਓਏ! ਅਣਜਾਣੇ ਵਿੱਚ ਅੰਗਾਰਿਆਂ ’ਤੇ ਹੱਥ ਰੱਖ ਤਾਂ ਪਤਾ ਚੱਲੇਗਾ ਕਿ ਫ਼ਲ ਆਉਂਦਾ ਹੈ ਜਾਂ ਨਹੀਂ। ਜਾਣ-ਬੁੱਝ ਕੇ ਕੀਤਾ ਹੋਇਆ ਪਾਪ ਅਤੇ ਅਣਜਾਣੇ ਵਿੱਚ ਕੀਤਾ ਹੋਇਆ ਪਾਪ, ਉਹ ਦੋਵੇਂ ਇੱਕ ਸਮਾਨ ਹਨ। ਪਰੰਤੂ ਅਣਜਾਣੇ ਵਿੱਚ ਕੀਤੇ ਹੋਏ ਪਾਪ ਦਾ ਫ਼ਲ ਅਣਜਾਣੇ ਵਿੱਚ ਅਤੇ ਜਾਣ-ਬੁੱਝ ਕੇ ਕੀਤੇ ਹੋਏ ਪਾਪ ਦਾ ਫ਼ਲ ਜਾਣ-ਬੁੱਝ ਕੇ ਭੋਗਣਾ ਪੈਂਦਾ ਹੈ, ਓਨਾ ਹੀ ਫ਼ਰਕ ਹੈ। ਬਸ ਇਹੀ ਤਰੀਕਾ ਹੈ। ਇਹ ਨਿਯਮ ਅਨੁਸਾਰ ਹੈ ਸਾਰਾ, ਇਹ ਜਗਤ ਬਿਲਕੁਲ ਨਿਯਮ ਅਨੁਸਾਰ ਹੈ, ਨਿਆਂ ਸਵਰੂਪ ਹੈ।

ਅਣਜਾਣੇ ਵਿੱਚ ਜੋ ਹੁੰਦਾ ਹੈ, ਉਸਦਾ ਫ਼ਲ ਅਣਜਾਣੇ ਵਿੱਚ ਮਿਲਦਾ ਹੈ। ਉਹ ਤੁਹਾਨੂੰ ਸਮਝਾਉਂਦਾ ਹਾਂ।

ਇੱਕ ਮਨੁੱਖ ਸੱਤ ਸਾਲ ਤੱਕ ਰਾਜ ਕਰਦਾ ਹੈ ਅਤੇ ਦੂਸਰਾ ਮਨੁੱਖ ਵੀ ਸੱਤ ਸਾਲ ਤੱਕ ਰਾਜ ਕਰਦਾ ਹੈ। ਹੁਣ ਦੋਵਾਂ ਦਾ ਰਾਜ ਕਰਨਾ ਇੱਕ ਸਮਾਨ ਹੀ ਹੈ ਅਤੇ ਰਾਜ ਵੀ ਦੋਵੇਂ ਇੱਕ ਸਮਾਨ ਹੀ ਹਨ, ਪਰ ਇਸ ਵਿੱਚ ਇੱਕ ਮਨੁੱਖ ਤਿੰਨ

ਸਾਲ ਦੀ ਉਮਰ ਵਿੱਚ ਗੱਦੀ ’ਤੇ ਬੈਠਦਾ ਹੈ ਅਤੇ ਦਸ ਸਾਲ ਦੀ ਉਮਰ ਵਿੱਚ ਰਾਜ ਚਲਾ ਜਾਂਦਾ ਹੈ ਅਤੇ ਦੂਸਰਾ ਮਨੁੱਖ ਵੀਹ ਸਾਲ ਦੀ ਉਮਰ ਵਿੱਚ ਗੱਦੀ ’ਤੇ ਬੈਠਦਾ ਹੈ, ਉਹ ਸਤਾਈ ਸਾਲ ਦੀ ਉਮਰ ਵਿੱਚ ਗੱਦੀ ਤੋਂ ਉੱਠ ਜਾਂਦਾ ਹੈ ਤਾਂ ਕਿਸਨੇ ਸੱਚਮੁੱਚ ਰਾਜ ਭੋਗਿਆ ਕਿਹਾ ਜਾਵੇਗਾ ? ਪਹਿਲਾਂ ਵਾਲੇ ਦਾ ਬਚਪਨ ਵਿੱਚ ਚਲਾ ਗਿਆ, ਉਸਨੂੰ ਖਿਡੌਣਾ ਦਿਓ ਤਾਂ ਉਹ ਖਿਡੌਣੇ ਨਾਲ ਖੇਡਣ ਬੈਠ ਜਾਵੇਗਾ!

ਇਸ ਲਈ ਇਹ ਨਾਸਮਝੀ ਵਿੱਚ ਕੀਤੇ ਹੋਏ ਪੁੰਨ ਦਾ ਫ਼ਲ ਹੈ। ਇਹ ਦਰਸ਼ਨ ਕੀਤੇ ਸਨ ਬਿਨਾਂ ਸਮਝੇ, ਤਾਂ ਉਹ ਬਿਨਾਂ ਸਮਝੇ ਹੀ ਫ਼ਲ ਭੋਗੇਗਾ। ਸਮਝ ਕੇ ਕੀਤੇ ਹੋਏ ਦਾ ਫ਼ਲ ਸਮਝ ਨਾਲ ਭੋਗਦਾ ਹੈ!

ਉਸੇ ਤਰ੍ਹਾਂ ਜਾਗ੍ਰਿਤ ਮਾਈਂਡ ਨਾਲ ਕੀਤੇ ਗਏ ਪਾਪ ਜਾਗ੍ਰਿਤੀ ਨਾਲ ਭੋਗਣੇ ਪੈਂਦੇ ਹਨ ਅਤੇ ਅਜਾਗ੍ਰਿਤੀ ਨਾਲ ਕੀਤੇ ਗਏ ਪਾਪ ਅਜਾਗ੍ਰਿਤੀ ਨਾਲ ਭੋਗਣੇ ਪੈਂਦੇ ਹਨ। ਉਸ ਵਿੱਚ ਬਚਪਨ ਵਿੱਚ ਤਿੰਨ ਸਾਲ ਦੀ ਉਮਰ ਵਿੱਚ ਮਾਂ ਮਰ ਜਾਵੇ ਤਾਂ ਰੋਂਦਾ ਨਹੀਂ ਹੈ। ਉਸਨੂੰ ਪਤਾ ਵੀ ਨਹੀਂ ਹੁੰਦਾ। ਸਮਝਦਾ ਹੀ ਨਹੀਂ, ਉੱਥੇ ਕੀ ਕਰੇ ? ਅਤੇ ਪੱਚੀ ਸਾਲ ਦਾ ਹੋਵੇ ਅਤੇ ਉਸਦੀ ਮਾਂ ਮਰ ਜਾਵੇ ਤਾਂ ? ਯਾਨੀ ਇਹ ਜਾਣਦੇ ਹੋਏ ਦੁੱਖ ਭੋਗਦਾ ਹੈ ਅਤੇ ਬੱਚਾ ਅਣਜਾਣੇ ਵਿੱਚ ਭੁਗਤਦਾ ਹੈ।

## ਕਸੂਰ ਸੇਠ ਦਾ ਜਾਂ ਆਪਣੇ ਪਾਪਾਂ ਦਾ ?

ਸੇਠ ਇਨਾਮ ਦਿੰਦੇ ਹਨ, ਉਹ ਆਪਣਾ ਵਿਵਸਥਿਤ ਹੈ ਅਤੇ ਆਪਣਾ ਵਿਵਸਥਿਤ ਉਲਟਾ ਆਵੇ ਤਾਂ ਸੇਠ ਦੇ ਮਨ ਵਿੱਚ ਹੁੰਦਾ ਹੈ ਕਿ ਇਸ ਵਾਰੀ ਇਸਦੀ ਤਨਖਾਹ ਕੱਟ ਲੈਣੀ ਚਾਹੀਦੀ ਹੈ। ਜਦੋਂ ਸੇਠ ਤਨਖਾਹ ਕੱਟ ਲਵੇ ਤਾਂ ਨੌਕਰ ਦੇ ਮਨ ਵਿੱਚ ਇਸ ਤਰ੍ਹਾਂ ਹੁੰਦਾ ਹੈ ਕਿ ਇਹ ਸੇਠ ਨਲਾਇਕ ਹੈ। ਇਹ ਨਲਾਇਕ ਮੈਨੂੰ ਮਿਲਿਆ। ਪਰ ਇਸ ਤਰ੍ਹਾਂ ਗੁਣਾਂਕਾਰ ਕਰਨ ਵਾਲੇ ਆਦਮੀ ਨੂੰ ਪਤਾ ਨਹੀਂ ਹੈ ਕਿ ਇਹ ਨਲਾਇਕ ਹੁੰਦਾ ਤਾਂ ਇਨਾਮ ਕਿਸ ਲਈ ਦਿੰਦਾ ? ਇਸ ਲਈ ਕੋਈ ਭੁੱਲ ਹੈ। ਸੇਠ ਟੇਢਾ ਨਹੀਂ ਹੈ। ਇਹ ਤਾਂ ਆਪਣਾ ‘ਵਿਵਸਥਿਤ’ ਬਦਲ ਰਿਹਾ ਹੈ।

ਇਹ ਸਭ ਪੁੰਨ ਚਲਾਉਂਦਾ ਹੈ। ਤੈਨੂੰ ਹਜ਼ਾਰ ਰੁਪਏ ਤਨਖਾਹ ਕੌਣ ਦਿੰਦਾ ਹੈ ? ਤਨਖਾਹ ਦੇਣ ਵਾਲਾ ਤੇਰਾ ਸੇਠ ਵੀ ਪੁੰਨ ਦੇ ਅਧੀਨ ਹੈ। ਪਾਪ ਘੇਰ ਲਵੇ ਤਾਂ ਸੇਠ ਨੂੰ ਵੀ ਕਰਮਚਾਰੀ ਮਾਰਦੇ ਹਨ।

## ਜਾਗ੍ਰਿਤੀ, ਪੁੰਨ ਅਤੇ ਪਾਪ ਦੇ ਉਦੈ ਵਿੱਚ...

**ਪ੍ਰਸ਼ਨਕਰਤਾ :** ਲੋਕਾਂ ਦਾ ਪੁੰਨ ਹੋਵੇਗਾ ਇਸ ਲਈ ਇਹ ਦੌਲਤ ਪ੍ਰਾਪਤ ਹੋਈ।

**ਦਾਦਾਸ਼੍ਰੀ :** ਉਹ ਸਭ ਪੁੰਨ ਹੈ ਨਾ, ਜ਼ਬਰਦਸਤ ਪੁੰਨ ਹੈ ਨਾ, ਪਰ ਦੌਲਤ ਨੂੰ ਸੰਭਾਲਣਾ ਔਖਾ ਹੋ ਜਾਂਦਾ ਹੈ।

**ਪ੍ਰਸ਼ਨਕਰਤਾ :** ਇਸ ਲਈ ਉਹ ਠੀਕ ਹੈ। ਉਪਾਧੀ ਤਾਂ ਹੈ ਹੀ ਨਾ ? ਸ਼ੁਰੂਆਤ ਫਿਰ ਉੱਥੋਂ ਹੀ ਹੁੰਦੀ ਹੈ।

**ਦਾਦਾਸ਼੍ਰੀ :** ਦੌਲਤ ਨਾ ਹੋਵੇ ਉਸਦੇ ਵਰਗਾ ਤਾਂ ਕੁੱਝ ਵੀ ਨਹੀਂ।

**ਪ੍ਰਸ਼ਨਕਰਤਾ :** ਪੈਸੇ ਨਾ ਹੋਣ, ਦੌਲਤ ਨਾ ਹੋਵੇ, ਤਾਂ ਉਸ ਵਰਗਾ ਕੁੱਝ ਵੀ ਨਹੀਂ ?

**ਦਾਦਾਸ਼੍ਰੀ :** ਹਾਂ, ਉਸਦੇ ਵਰਗਾ ਤਾਂ ਕੁੱਝ ਵੀ ਨਹੀਂ। ਦੌਲਤ ਤਾਂ ਉਪਾਧੀ ਹੈ। ਦੌਲਤ ਜੇ ਇਸ ਪਾਸੇ ਧਰਮ ਵੱਲ ਮੁੜ ਗਈ ਹੋਵੇ ਤਾਂ ਹਰਜ਼ ਨਹੀਂ ਹੈ, ਨਹੀਂ ਤਾਂ ਉਪਾਧੀ ਹੋ ਜਾਂਦੀ ਹੈ। ਕਿਸ ਨੂੰ ਦੇਈਏ ? ਹੁਣ ਕਿੱਥੇ ਰੱਖੀਏ ? ਉਹ ਸਭ ਉਪਾਧੀ ਹੋ ਜਾਂਦੀ ਹੈ!

ਇਸ ਲਈ ਬਹੁਤ ਪੁੰਨ ਵੀ ਕੰਮ ਦਾ ਨਹੀਂ ਹੈ। ਪੁੰਨ ਵੀ ਸੰਤੁਲਿਤ ਹੋਵੇ ਤਾਂ ਹੀ ਚੰਗਾ ਹੈ। ਬਹੁਤ ਪੁੰਨ ਹੋਵੇ ਤਾਂ ਸਰੀਰ ਇੰਨਾ ਵੱਡਾ ਹੋ ਜਾਂਦਾ ਹੈ। ਕੀ ਕਰਨਾ ਹੈ ਉਸਨੂੰ ? ਕਿੰਨੇ ਕਿੱਲੋ ਦਾ ਸਰੀਰ ? ਅਸੀਂ ਚੁੱਕੀਏ ਅਤੇ ਪਲੰਘ ਨੂੰ ਵੀ ਚੁੱਕਣਾ ਪਵੇ ਨਾ ? ਪਲੰਘ ਵੀ ਚੂੰ-ਚੂੰ ਕਰਦਾ ਰਹੇ ਨਾ ?

**ਪ੍ਰਸ਼ਨਕਰਤਾ :** ਪਾਪ ਅਤੇ ਪੁੰਨ ਦਾ ਉਦੈ ਹੋਵੇ, ਉਸਦਾ ਜੀਵਨ ਦੀਆਂ ਘਟਨਾਵਾਂ 'ਤੇ ਕੁੱਝ ਅਸਰ ਹੁੰਦਾ ਹੈ, ਉਸਦਾ ਕੋਈ ਉਦਾਹਰਣ ਦੇ ਕੇ ਸਮਝਾਓ।

**ਦਾਦਾਸ਼੍ਰੀ :** ਪਾਪ ਦਾ ਉਦੈ ਹੋਵੇ, ਤਾਂ ਪਹਿਲਾਂ ਤਾਂ ਜੌਬ (ਨੌਕਰੀ) ਚਲੀ ਜਾਂਦੀ ਹੈ। ਫਿਰ ਕੀ ਹੁੰਦਾ ਹੈ ? ਵਾਈਫ ਅਤੇ ਬੇਟਾ ਹੋਵੇ, ਉਹ ਸਟੋਰ (ਦੁਕਾਨ) ਵਿੱਚ ਜਾਣ ਲਈ ਪੈਸੇ ਮੰਗਦੇ ਹਨ। ਉਹ ਆਦਤ ਪਹਿਲਾਂ ਦੀ ਪਈ ਹੋਈ ਹੈ, ਉਸ

ਅਨੁਸਾਰ ਕਹਿਣਗੇ, ਦੋ ਸੌ ਡਾਲਰ ਦਿਓ, ਇਸ ਲਈ ਕਲੇਸ਼ ਹੁੰਦਾ ਹੈ ਫਿਰ। ਇੱਥੇ ਨੌਕਰੀ ਨਹੀਂ ਅਤੇ ਇਹ ਰੌਲ਼ਾ ਪਾਉਂਦੀ ਰਹਿੰਦੀ ਹੈ ਬਿਨਾਂ ਕੰਮ ਦੇ ? ਦੋ ਸੌ-ਦੋ ਸੌ ਡਾਲਰ ਦਾ ਖਰਚਾ ਕਰਨਾ ਹੈ ? ਇਹ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ, ਸਭ ਆਰਾਮ ਨਾਲ। ਉਹ ਵੀ ਰੋਜ਼ ਕਲੇਸ਼, ਫਿਰ ਪਤਨੀ ਕਹੇਗੀ, ਬੈਂਕ ਵਿੱਚੋਂ ਲਿਆ ਕੇ ਨਹੀਂ ਦਿੰਦੇ ਹੋ। ਤਾਂ ਬੈਂਕ ਵਿੱਚ ਥੋੜ੍ਹਾ ਰਹਿਣ ਦੇਣਾ ਚਾਹੀਦਾ ਹੈ ਜਾਂ ਨਹੀਂ ਰਹਿਣ ਦੇਣਾ ਚਾਹੀਦਾ ? ਇੱਥੇ ਇਸਦਾ ਕਿਰਾਇਆ ਦੇਣਾ ਪਵੇਗਾ। ਇਹ ਸਭ ਨਹੀਂ ਕਰਨਾ ਪਵੇਗਾ ? ਬੈਂਕ ਵਿੱਚ ਪੈਸੇ ਨਹੀਂ ਭਰਨੇ ਪੈਣਗੇ ? ਪਰ ਪਤਨੀ ਕਲ਼ੇਸ਼ ਕਰਦੀ ਹੈ, ਤਾਂ ਦਿਮਾਗ ਪੱਕ ਜਾਵੇ ਇੰਝ ਦਾ ਕਲੇਸ਼ ਕਰਦੀ ਹੈ। ਇਹ ਸਾਰੇ ਲੱਛਣ ਤਾਂ ਰਾਤ ਨੂੰ ਸੌਣ ਵੀ ਨਹੀਂ ਦਿੰਦੇ, ਇੱਥੇ ਅਮਰੀਕਾ ਵਿੱਚ ਕਿੰਨਿਆਂ ਨੂੰ ਇਹੋ ਜਿਹਾ ਅਨੁਭਵ ਹੁੰਦਾ ਹੋਵੇਗਾ ਅਤੇ ਕਹਿੰਦੇ ਵੀ ਹਨ ਕਰਕਸ਼ਾ (ਕਲ਼ਮੂੰਹੀ) ਹੈ। ਕਮੀਨੀ ਅਤੇ ਕਲ਼ਮੂੰਹੀ ਹੈ, ਇਹੋ ਜਿਹੇ ਸ਼ਬਦ ਬੋਲਦੇ ਹਨ। ਯਾਨੀ ਜਿੰਨੇ ਸ਼ਬਦ ਆਉਣ ਓਨੇ ਕਠੋਰ ਸ਼ਬਦ ਬੋਲਦਾ ਹੈ। ਛੱਡਦਾ ਨਹੀਂ ਹੈ ? ਉਸਨੂੰ ਪਰੇਸ਼ਾਨ ਕਰਦੀ ਰਹਿੰਦੀ ਹੈ, ਉਸ ਵਿਚਾਰੇ ਦੀ ਇਸ ਵਾਰ ਨੌਕਰੀ ਚਲੀ ਗਈ, ਇੱਕ ਤਾਂ ਟਿਕਾਣਾ ਨਹੀਂ ਪੈਂਦਾ ਅਤੇ ਦਿਮਾਗ ਉਲਟਾ ਹੀ ਚੱਲ ਰਿਹਾ ਹੁੰਦਾ ਹੈ, ਉਸ ਵਿੱਚ ਫਿਰ ਇਹ ਪਰੇਸ਼ਾਨ ਕਰਦੀ ਹੈ। ਹੁੰਦਾ ਹੈ ਕਿ ਨਹੀਂ ਹੁੰਦਾ ਇੰਝ ?

**ਪ੍ਰਸ਼ਨਕਰਤਾ** : ਹੁੰਦਾ ਹੈ, ਹੁੰਦਾ ਹੈ।

**ਦਾਦਾਸ੍ਰੀ** : ਕਿਸੇ ਜਗ੍ਹਾ 'ਤੇ ਹੁੰਦਾ ਹੋਵੇਗਾ ਕਿ ਬਹੁਤ ਜਗ੍ਹਾ 'ਤੇ ? ਜੌਬ ਚਲੀ ਗਈ ਹੋਵੇ, ਉਹ ਮੈਨੂੰ ਮਿਲਦੇ ਹਨ, 'ਦਾਦਾ ਜੌਬ ਚਲੀ ਗਈ ਹੈ, ਕੀ ਕਰਾਂ ?' ਕਹੇਗਾ।

ਜੌਬ ਚਲੀ ਗਈ ਹੋਵੇ ਅਤੇ ਦਿਨ ਬਹੁਤ ਚੰਗੀ ਤਰ੍ਹਾਂ ਕੱਢੇ, ਉਹ ਵਿਵੇਕੀ ਮਨੁੱਖ ਕਹਾਉਂਦਾ ਹੈ। ਪਤਨੀ ਅਤੇ ਖੁਦ ਦੋਵੇਂ ਚੰਗੀ ਤਰ੍ਹਾਂ ਦਿਨ ਗੁਜ਼ਾਰਨ ਉਹ ਵਿਵੇਕੀ। ਨਵੇਂ ਕੱਪੜੇ ਨਹੀਂ ਲਿਆਉਂਦੇ ਅਤੇ ਪਹਿਲਾਂ ਦੇ ਕੱਪੜੇ ਹੋਣ ਨਾ, ਉਹੀ ਪਹਿਨਦੇ ਹਨ। ਜਦੋਂ ਤੱਕ ਨੌਕਰੀ ਨਾ ਮਿਲੇ ਨਾ, ਉਦੋਂ ਤੱਕ ਓਨਾ ਟਾਈਮ ਕੱਢ ਲੈਂਦੇ ਹਨ ਅਤੇ ਮਰਦਾਂ ਨੂੰ ਹੌਸਲਾ ਰੱਖਣਾ ਚਾਹੀਦਾ ਹੈ, ਨੌਕਰੀ ਚਲੀ ਜਾਵੇ ਉਸ ਤੋਂ ਡਰਨਾ ਨਹੀਂ ਚਾਹੀਦਾ। ਇੰਨਾ ਘਾਹ ਵੱਢ ਕੇ ਜਾਂ ਏਦਾਂ-ਓਦਾਂ ਕੁੱਝ ਵੀ ਕਰਕੇ, ਸ਼ਾਮ ਨੂੰ ਦਸ-ਵੀਹ ਡਾਲਰ ਲੈ ਆਵੇ, ਬਹੁਤ ਹੋ ਗਿਆ, ਕਮੀ ਤਾਂ ਨਹੀਂ ਪਵੇਗੀ। ਤਾਂ ਕਹੇ, ਨਹੀਂ, ਸਾਨੂੰ ਤਾਂ ਇਹ ਲੋਕ ਦੇਖ ਲੈਣਗੇ ਤਾਂ ਕੀ ਕਹਿਣਗੇ ?

ਓਏ ਮੂਰਖਾ! ਲੋਕਾਂ ਦੇ ਕੋਲ ਤਾਂ ਜੌਬ ਹੈ, ਤੇਰੇ ਕੋਲ ਜੌਬ ਨਹੀਂ ਹੈ, ਤੂੰ ਪਹਿਲਾਂ ਇਸਦੀ ਫਿਕਰ ਕਰ ਨਾ। ਕਿਸੇ ਦੀ ਆਬਰੂ ਇਸ ਦੁਨੀਆ ਵਿੱਚ ਰਹੀ ਨਹੀਂ ਹੈ। ਸਭ ਨੇ ਕੱਪੜੇ ਪਹਿਨ ਲਏ ਹਨ, ਇਸ ਲਈ ਆਬਰੂਦਾਰ ਦਿਸਦੇ ਹਨ ਅਤੇ ਕੱਪੜੇ ਉਤਾਰ ਦਿਉ ਤਾਂ ਸਭ ਨੰਗੇ ਦਿਸਣਗੇ। ਬਾਕੀ ਇਹ ਪੂਰਾ ਜਗਤ ਨੰਗਾ ਹੈ।

**ਪ੍ਰਸ਼ਨਕਰਤਾ** : ਇੱਕ ਪਾਸੇ ਜੌਬ ਚਲੀ ਗਈ ਹੋਵੇ ਅਤੇ ਦੂਸਰੇ ਪਾਸੇ ਦਾਦਾ ਮਿਲੇ ਹੋਣ, ਤਾਂ ਉਹ ਪਾਪ ਅਤੇ ਪੁੰਨ ਦੋਵੇਂ ਇਕੱਠੇ ਹੋ ਗਏ ?

**ਦਾਦਾਸ਼੍ਰੀ** : ਇਹ ਪਾਪ ਦਾ ਉਦੈ ਚੰਗਾ ਆਇਆ ਕਿ ਦਾਦਾ ਮਿਲ ਗਏ, ਇਸ ਲਈ ਦਾਦਾ ਸਾਨੂੰ ਪਾਪ ਵਿੱਚ ਕੀ ਕਰਨਾ ਚਾਹੀਦਾ ਹੈ, ਉਹ ਦੱਸ ਦਿੰਦੇ ਹਨ ਅਤੇ ਸਾਡਾ ਸਭ ਟਿਕਾਣੇ 'ਤੇ ਲਿਆ ਦਿੰਦੇ ਹਨ। ਪੁੰਨ ਦਾ ਉਦੈ ਹੋਵੇ ਅਤੇ ਦਾਦਾ ਮਿਲੇ ਹੋਣ, ਤਾਂ ਉਸ ਵਿੱਚ ਦਾਦਾ ਕੋਲੋਂ ਸਾਨੂੰ ਕੀ ਜਾਣਨ ਨੂੰ ਮਿਲਿਆ ? ਅਤੇ ਪਾਪ ਦਾ ਉਦੈ ਹੋਵੇ ਤਾਂ ਦਾਦਾ ਕਹਿਣਗੇ ਕਿ ਦੇਖ ਭਾਈ, ਇਸ ਤਰ੍ਹਾਂ ਵਰਤਾਓ ਕਰਨਾ ਹੈ, ਹੁਣ ਏਦਾਂ ਕਰੋ, ਓਦਾਂ ਕਰੋ ਅਤੇ ਸਭ ਟਿਕਾਣੇ 'ਤੇ ਲਿਆ ਦਿੰਦੇ ਹਨ। ਅਰਥਾਤ ਪਾਪ ਦਾ ਉਦੈ ਹੋਵੇ ਅਤੇ ਦਾਦਾ ਮਿਲ ਜਾਵੇ, ਉਹ ਬਹੁਤ ਚੰਗਾ ਕਹਾਉਂਦਾ ਹੈ।

## ਰਹੱਸ, ਬੁੱਧੀ ਦੇ ਆਸ਼ਯ ਦੇ...

ਹਰ ਇੱਕ ਆਦਮੀ ਨੂੰ ਖੁਦ ਦੇ ਘਰ ਵਿੱਚ ਹੀ ਆਨੰਦ ਆਉਂਦਾ ਹੈ। ਝੁੱਗੀ ਵਾਲੇ ਨੂੰ ਬੰਗਲੇ ਵਿੱਚ ਆਨੰਦ ਨਹੀਂ ਆਉਂਦਾ ਅਤੇ ਬੰਗਲੇ ਵਾਲੇ ਨੂੰ ਝੁੱਗੀ ਵਿੱਚ ਆਨੰਦ ਨਹੀਂ ਆਉਂਦਾ। ਉਸਦਾ ਕਾਰਣ ਉਸਦੀ ਬੁੱਧੀ ਦਾ ਆਸ਼ਯ ਹੈ। ਜੋ ਜਿਸ ਤਰ੍ਹਾਂ ਦਾ ਬੁੱਧੀ ਦੇ ਆਸ਼ਯ ਵਿੱਚ ਭਰ ਕੇ ਲਿਆਇਆ ਹੁੰਦਾ ਹੈ, ਉਸੇ ਤਰ੍ਹਾਂ ਦਾ ਉਸ ਨੂੰ ਮਿਲਦਾ ਹੈ। ਬੁੱਧੀ ਦੇ ਆਸ਼ਯ ਵਿੱਚ ਜੋ ਭਰਿਆ ਹੁੰਦਾ ਹੈ, ਉਸ ਦੀਆਂ ਦੋ ਫੋਟੋਆਂ ਖਿੱਚੀਆਂ ਜਾਂਦੀਆਂ ਹਨ, (1) ਪਾਪ ਫ਼ਲ ਅਤੇ (2) ਪੁੰਨ ਫ਼ਲ। ਬੁੱਧੀ ਦੇ ਆਸ਼ਯ ਦੀ ਹਰ ਇੱਕ ਨੇ ਵੰਡ (ਵਿਭਾਜਨ) ਕੀਤੀ ਹੈ। ਉਸ ਸੌ ਪ੍ਰਤੀਸ਼ਤ ਵਿੱਚੋਂ ਜ਼ਿਆਦਾਤਰ ਪ੍ਰਤੀਸ਼ਤ ਗੱਡੀ-ਬੰਗਲਾ, ਬੇਟੇ-ਬੇਟੀਆਂ ਅਤੇ ਪਤਨੀ, ਉਹਨਾਂ ਸਭ ਲਈ ਭਰਿਆ ਹੈ। ਤਾਂ ਉਹ ਸਭ ਪ੍ਰਾਪਤ ਕਰਨ ਵਿੱਚ ਪੁੰਨ ਖਰਚ ਹੋ ਗਿਆ ਅਤੇ ਧਰਮ ਦੇ ਲਈ ਮੁਸ਼ਕਿਲ ਨਾਲ ਇੱਕ-ਦੋ ਪ੍ਰਤੀਸ਼ਤ ਹੀ ਬੁੱਧੀ ਦੇ ਆਸ਼ਯ ਵਿੱਚ ਭਰੇ।

**ਪ੍ਰਸ਼ਨਕਰਤਾ** : ਬੁੱਧੀ ਦੇ ਆਸ਼ਯ ਜ਼ਰਾ ਵਿਸ਼ੇਸ਼ ਰੂਪ ਵਿੱਚ ਸਮਝਾਓ ਨਾ, ਦਾਦਾ।

**ਦਾਦਾਸ੍ਰੀ** : ਬੁੱਧੀ ਦਾ ਆਸ਼ਯ ਮਤਲਬ 'ਅਸੀਂ ਬਸ ਚੋਰੀ ਕਰਕੇ ਹੀ ਚਲਾਉਣਾ ਹੈ। ਕਾਲਾ ਬਾਜ਼ਾਰੀ ਕਰਕੇ ਹੀ ਚਲਾਉਣਾ ਹੈ।' ਕੋਈ ਕਹੇਗਾ, 'ਅਸੀਂ ਚੋਰੀ ਕਦੇ ਵੀ ਨਹੀਂ ਕਰਨੀ ਹੈ।' ਕੋਈ ਕਹੇਗਾ, 'ਮੈਂ ਇਸ ਤਰ੍ਹਾਂ ਭੋਗ ਲੈਣਾ ਹੈ', ਉਹ ਉਸ ਤਰ੍ਹਾਂ ਭੋਗਣ ਲਈ ਇਕਾਂਤ ਵਾਲੀ ਜਗ੍ਹਾ ਵੀ ਤਿਆਰ ਕਰ ਦਿੰਦਾ ਹੈ। ਉਸ ਵਿੱਚ ਫਿਰ ਪਾਪ-ਪੁੰਨ ਕੰਮ ਕਰਦਾ ਹੈ। ਜੋ ਕੁੱਝ ਭੋਗਣ ਦੀ ਇੱਛਾ ਕੀਤੀ ਹੁੰਦੀ ਹੈ, ਉਸ ਤਰ੍ਹਾਂ ਦਾ ਉਸਨੂੰ ਸਭ ਮਿਲ ਜਾਂਦਾ ਹੈ। ਮੰਨਣ ਵਿੱਚ ਨਾ ਆਵੇ ਉਸ ਤਰ੍ਹਾਂ ਦਾ ਸਭ ਕੁੱਝ ਉਸਨੂੰ ਮਿਲ ਜਾਂਦਾ ਹੈ। ਕਿਉਂਕਿ ਉਸਦੀ ਬੁੱਧੀ ਦੇ ਆਸ਼ਯ ਵਿੱਚ ਸੀ ਅਤੇ ਪੁੰਨ ਕੰਮ ਕਰੇ ਤਾਂ ਉਸਨੂੰ ਕੋਈ ਫੜ ਵੀ ਨਹੀਂ ਸਕਦਾ, ਚਾਹੇ ਜਿੰਨੇ ਮਰਜ਼ੀ ਪਹਿਰੇ ਲਗਾਏ ਹੋਣ ਫਿਰ ਵੀ! ਜੇ ਪੁੰਨ ਪੂਰਾ ਹੋ ਜਾਵੇ, ਤਾਂ ਐਵੇਂ ਹੀ ਫੜ੍ਹਿਆ ਜਾਂਦਾ ਹੈ। ਛੋਟਾ ਬੱਚਾ ਵੀ ਉਸਨੂੰ ਲੱਭ ਲੈਂਦਾ ਹੈ ਕਿ, 'ਗੜਬੜ ਹੈ ਇੱਧਰ!'

ਦੋ ਚੋਰ ਚੋਰੀ ਕਰਦੇ ਹਨ, ਉਸ ਵਿੱਚੋਂ ਇੱਕ ਫੜਿਆ ਜਾਂਦਾ ਹੈ ਅਤੇ ਦੂਸਰਾ ਆਜ਼ਾਦ ਛੁੱਟ ਜਾਂਦਾ ਹੈ। ਉਹ ਕੀ ਸੂਚਿਤ ਕਰਦਾ ਹੈ ? ਚੋਰੀ ਕਰਨੀ ਹੈ ਉਹ, ਬੁੱਧੀ ਦੇ ਆਸ਼ਯ ਵਿੱਚ ਤਾਂ ਦੋਵੇਂ ਹੀ ਚੋਰੀ ਲਿਆਏ ਸਨ। ਪਰ ਉਹਨਾਂ ਵਿੱਚੋਂ ਜੋ ਫੜ੍ਹਿਆ ਗਿਆ, ਉਸਦਾ ਪਾਪ ਫ਼ਲ ਉਦੈ ਵਿੱਚ ਆਇਆ ਅਤੇ ਉਦੈ ਵਿੱਚ ਆ ਕੇ ਖਰਚ ਹੋ ਗਿਆ। ਜਦੋਂਕਿ ਦੂਸਰਾ ਜੋ ਛੁੱਟ ਗਿਆ, ਉਸਦਾ ਪੁੰਨ ਉਸ ਵਿੱਚ ਖਰਚ ਹੋ ਗਿਆ। ਉਸੇ ਤਰ੍ਹਾਂ ਹਰ ਇੱਕ ਦੇ ਬੁੱਧੀ ਦੇ ਆਸ਼ਯ ਵਿੱਚ ਜੋ ਹੁੰਦਾ ਹੈ, ਉਸ ਵਿੱਚ ਪਾਪ ਅਤੇ ਪੁੰਨ ਕੰਮ ਕਰਦੇ ਹਨ। ਬੁੱਧੀ ਦੇ ਆਸ਼ਯ ਵਿੱਚ ਲੱਛਮੀ ਪ੍ਰਾਪਤ ਕਰਨੀ ਹੈ ਇਹ ਭਰ ਕੇ ਲਿਆਇਆ ਹੋਵੇ, ਉਸ ਵਿੱਚ ਉਸਦਾ ਪੁੰਨ ਕੰਮ ਵਿੱਚ ਆਵੇ ਤਾਂ ਲੱਛਮੀ ਦਾ ਢੇਰ ਲੱਗ ਜਾਂਦਾ ਹੈ। ਦੂਸਰਾ ਬੁੱਧੀ ਦੇ ਆਸ਼ਯ ਵਿੱਚ ਲੱਛਮੀ ਪ੍ਰਾਪਤ ਕਰਨੀ ਹੈ ਇਹ ਲੈ ਕੇ ਤਾਂ ਆਇਆ ਹੈ, ਪਰ ਉਸ ਵਿੱਚ ਪੁੰਨ ਕੰਮ ਆਉਣ ਦੇ ਬਦਲੇ ਪਾਪ ਫ਼ਲ ਸਾਹਮਣੇ ਆਇਆ। ਉਸਨੂੰ ਲੱਛਮੀ ਜੀ ਮੂੰਹ ਵੀ ਨਹੀਂ ਦਿਖਾਉਂਦੀ। ਓਏ, ਇਹ ਤਾਂ ਇੰਨਾ ਜ਼ਿਆਦਾ ਚੋਖਾ ਹਿਸਾਬ ਹੈ ਕਿ ਕਿਸੇ ਦਾ ਜ਼ਰਾ ਵੀ ਚੱਲੇ ਇੰਝ ਨਹੀਂ ਹੈ। ਜਦੋਂ ਕਿ ਇਹ ਅਕਰਮੀ ਮੰਨ ਲੈਂਦੇ ਹਨ ਕਿ ਮੈਂ ਦਸ ਲੱਖ ਰੁਪਏ ਕਮਾਏ। ਓਏ, ਇਹ ਤਾਂ ਪੁੰਨ ਖਰਚ ਹੋਇਆ ਅਤੇ ਉਹ ਵੀ ਪੁੱਠੇ ਰਸਤੇ। ਉਸਦੇ ਬਦਲੇ ਆਪਣਾ ਬੁੱਧੀ ਦਾ ਆਸ਼ਯ ਬਦਲ। ਧਰਮ ਲਈ ਹੀ ਬੁੱਧੀ ਦਾ ਆਸ਼ਯ ਬੰਨ੍ਹਣ ਜਿਹਾ ਹੈ। ਇਹ ਜੜ੍ਹ ਵਸਤੂਆਂ ਗੱਡੀਆਂ, ਬੰਗਲੇ, ਰੇਡੀਓ

ਉਹਨਾਂ ਸਭ ਦੀ ਭਜਨਾ ਕੀਤੀ, ਸਿਰਫ਼ ਉਸਦੇ ਲਈ ਹੀ ਬੁੱਧੀ ਦਾ ਆਸ਼ਯ ਬੰਨ੍ਹਣ ਜਿਹਾ ਨਹੀਂ ਹੈ। ਧਰਮ ਦੇ ਲਈ ਹੀ-ਆਤਮਧਰਮ ਦੇ ਲਈ ਹੀ ਬੁੱਧੀ ਦਾ ਆਸ਼ਯ ਰੱਖੋ। ਹੁਣ ਤੁਹਾਨੂੰ ਜੋ ਪ੍ਰਾਪਤ ਹੈ ਉਹ ਬੇਸ਼ੱਕ ਹੋਵੇ, ਪਰ ਹੁਣ ਤਾਂ ਸਿਰਫ਼ ਆਸ਼ਯ ਬਦਲ ਕੇ ਪੂਰਾ ਸੌ ਪ੍ਰਤੀਸ਼ਤ ਧਰਮ ਦੇ ਲਈ ਹੀ ਰੱਖੋ।

ਅਸੀਂ ਆਪਣੇ ਬੁੱਧੀ ਦੇ ਆਸ਼ਯ ਵਿੱਚ ਪਚਾਨਵੇਂ ਪ੍ਰਤੀਸ਼ਤ ਧਰਮ ਅਤੇ ਜਗਤ ਕਲਿਆਣ ਦੀ ਭਾਵਨਾ ਲੈ ਕੇ ਆਏ ਹਾਂ। ਹੋਰ ਕਿਸੇ ਜਗ੍ਹਾ ਸਾਡਾ ਪੁੰਨ ਖਰਚ ਹੋਇਆ ਹੀ ਨਹੀਂ ਹੈ। ਪੈਸਾ, ਗੱਡੀ, ਬੰਗਲਾ, ਬੇਟਾ, ਬੇਟੀ ਕਿਤੇ ਵੀ ਨਹੀਂ।

ਸਾਨੂੰ ਜੋ-ਜੋ ਮਿਲੇ ਅਤੇ ਗਿਆਨ ਲੈ ਕੇ ਗਏ, ਉਹਨਾਂ ਨੇ ਦੋ-ਪੰਜ ਪ੍ਰਤੀਸ਼ਤ ਧਰਮ ਦੇ ਲਈ, ਮੁਕਤੀ ਦੇ ਲਈ ਰੱਖੇ ਸਨ। ਇਸ ਲਈ ਅਸੀਂ ਮਿਲੇ। ਅਸੀਂ ਪੂਰੇ ਸੌ ਪ੍ਰਤੀਸ਼ਤ ਧਰਮ ਵਿੱਚ ਪਾਏ ਸਨ, ਇਸ ਲਈ ਸਾਨੂੰ ਸਾਰੇ ਪਾਸਿਓਂ ਧਰਮ ਲਈ 'ਨੋ ਆਬਜੈਕਸ਼ਨ ਸਰਟੀਫ਼ਿਕੇਟ' ਮਿਲਿਆ ਹੈ।

ਅਨੰਤ ਜਨਮਾਂ ਤੋਂ ਮੋਕਸ਼ ਦਾ ਨਿਯਾਣਾਂ (ਆਪਣਾ ਸਾਰਾ ਪੁੰਨ ਖਰਚ ਕਰਕੇ ਕਿਸੇ ਇੱਕ ਵਸਤੂ ਦੀ ਕਾਮਨਾ ਕਰਨਾ) ਕੀਤਾ ਹੈ, ਪਰੰਤੂ ਪੂਰਾ ਪੱਕਾ ਨਿਯਾਣਾਂ ਨਹੀਂ ਕੀਤਾ ਹੈ। ਜੇ ਮੋਕਸ਼ ਦੇ ਲਈ ਹੀ ਪੱਕਾ ਨਿਯਾਣਾਂ ਕੀਤਾ ਹੋਵੇ ਤਾਂ ਸਾਰਾ ਪੁੰਨ ਉਸ ਵਿੱਚ ਹੀ ਖਰਚ ਹੋਵੇ। ਆਤਮਾ ਦੇ ਲਈ ਜੀਵੇ ਉਹ ਪੁੰਨ ਹੈ ਅਤੇ ਸੰਸਾਰ ਦੇ ਲਈ ਜੀਵੇ ਤਾਂ ਨਿਰਾ ਪਾਪ ਹੈ।

## ਪਸੰਦ, ਪੁੰਨ ਦੇ ਬਟਵਾਰੇ ਦੀ...

ਇਸ ਲਈ ਇਹ ਪੁੰਨ ਹੈ ਨਾ, ਉਹ ਅਸੀਂ ਜਿਸ ਤਰ੍ਹਾਂ ਦੀ ਮੰਗ ਕਰੀਏ ਨਾ, ਉਸ ਵਿੱਚ ਵੰਡਿਆ ਜਾਂਦਾ ਹੈ। ਕੋਈ ਕਹੇਗਾ, ਮੈਨੂੰ ਇੰਨੀ ਸ਼ਰਾਬ ਚਾਹੀਦੀ ਹੈ, ਏਦਾਂ ਚਾਹੀਦਾ ਹੈ, ਓਦਾਂ ਚਾਹੀਦਾ ਹੈ। ਤਾਂ ਉਸ ਵਿੱਚ ਵੰਡਿਆ ਜਾਂਦਾ ਹੈ। ਕੋਈ ਕਹੇਗਾ, ਮੈਨੂੰ ਗੱਡੀ ਚਾਹੀਦੀ ਹੈ, ਅਤੇ ਘਰ। ਤਾਂ ਪੁੱਛੀਏ, ਦੋ ਰੂਮ ਹੋਣ ਤਾਂ ਚੱਲੇਗਾ। ਦੋ ਰੂਮ ਨਾਲ ਉਸਨੂੰ ਸੰਤੋਖ ਹੁੰਦਾ ਹੈ ਅਤੇ ਗੱਡੀ ਚਲਾਉਣ ਨੂੰ ਮਿਲਦੀ ਹੈ।

ਇਹਨਾਂ ਲੋਕਾਂ ਨੂੰ ਸੰਤੋਖ ਰਹਿੰਦਾ ਹੋਵੇਗਾ, ਛੋਟੀਆਂ-ਛੋਟੀਆਂ ਝੁੱਗੀਆਂ ਵਿੱਚ ਰਹਿੰਦੇ ਹਨ ਉਹਨਾਂ ਸਭ ਨੂੰ ? ਖਰਾ ਸੰਤੋਖ। ਇਸ ਲਈ ਤਾਂ ਉਹਨਾਂ ਨੂੰ ਉਹ ਘਰ ਪਸੰਦ ਆਉਂਦਾ ਹੈ। ਉਸ ਤਰ੍ਹਾਂ ਹੋਵੇ ਤਾਂ ਹੀ ਚੰਗਾ ਲੱਗਦਾ ਹੈ। ਹੁਣ ਉਸ

ਆਦਿਵਾਸੀ ਨੂੰ ਆਪਣੇ ਘਰ ਲਿਆ ਕੇ ਦੇਖੋ। ਚਾਰ ਦਿਨ ਰੱਖ ਕੇ ਦੇਖੋ ? ਉਸਨੂੰ ਚੈਨ ਨਹੀਂ ਪਵੇਗਾ ਇੱਥੇ। ਕਿਉਂਕਿ ਉਸਦਾ ਬੁੱਧੀ ਦਾ ਆਸ਼ਯ ਹੈ ਅਤੇ ਉਸਦੇ ਅਨੁਸਾਰ ਪੁੰਨ ਦਾ ਡਿਵਿਜ਼ਨ ਹੁੰਦਾ ਹੈ। ਟੈਂਡਰ ਦੇ ਅਨੁਸਾਰ ਆਈਟਮ ਮਿਲਦੀ ਹੈ।

**ਪ੍ਰਸ਼ਨਕਰਤਾ** : ਪਾਪ-ਪੁੰਨ ਦੇ ਹੀ ਅਧੀਨ ਹੋਵੇ ਤਾਂ ਫਿਰ ਟੈਂਡਰ ਭਰਨ ਨੂੰ ਕਿੱਥੇ ਰਿਹਾ ?

**ਦਾਦਾਸ਼੍ਰੀ** : ਇਹ ਟੈਂਡਰ ਭਰਿਆ ਜਾਂਦਾ ਹੈ, ਉਹ ਪਾਪ-ਪੁੰਨ ਦੇ ਉਦੈ ਦੇ ਅਨੁਸਾਰ ਹੀ ਭਰਿਆ ਜਾਂਦਾ ਹੈ। ਇਸ ਲਈ ਮੈਂ ਕਹਿੰਦਾ ਵੀ ਹਾਂ ਕਿ 'ਟੈਂਡਰ ਭਰੋ, ਪਰ ਮੈਂ ਜਾਣਦਾ ਹਾਂ ਕਿ ਕਿਸ ਆਧਾਰ 'ਤੇ ਟੈਂਡਰ ਭਰਿਆ ਜਾਂਦਾ ਹੈ। ਇਹਨਾਂ ਦੋਵਾਂ ਕਾਨੂੰਨਾਂ ਦੇ ਬਾਹਰ ਚੱਲ ਸਕੇ, ਇੰਝ ਨਹੀਂ ਹੈ।

ਮੈਂ ਬਹੁਤ ਲੋਕਾਂ ਨੂੰ ਮੇਰੇ ਕੋਲ 'ਟੈਂਡਰ' ਭਰ ਕੇ ਲਿਆਉਣ ਲਈ ਕਹਿੰਦਾ ਹਾਂ। ਪਰ ਕੋਈ ਭਰ ਕੇ ਨਹੀਂ ਲਿਆਇਆ। ਕਿਸ ਤਰ੍ਹਾਂ ਭਰਨ ? ਉਹ ਪਾਪ-ਪੁੰਨ ਦੇ ਅਧੀਨ ਹੈ। ਇਸ ਲਈ ਪਾਪ ਦਾ ਉਦੈ ਹੋਵੇ ਤਾਂ ਬਹੁਤ ਭੱਜ-ਦੌੜ ਕਰੇਗਾ ਤਾਂ ਜੋ ਹੈ ਉਹ ਵੀ ਚਲਾ ਜਾਵੇਗਾ। ਇਸ ਲਈ ਘਰ ਜਾ ਕੇ ਸੌਂ ਜਾ ਅਤੇ ਥੋੜ੍ਹਾ-ਥੋੜ੍ਹਾ ਸਧਾਰਣ ਕੰਮ ਕਰ, ਅਤੇ ਪੁੰਨ ਦਾ ਉਦੈ ਹੋਵੇ ਤਾਂ ਭਟਕਣ ਦੀ ਜ਼ਰੂਰਤ ਹੀ ਕੀ ਹੈ ? ਘਰ ਬੈਠੇ ਆਹਮਣੇ-ਸਾਹਮਣੇ ਥੋੜ੍ਹਾ ਜਿਹਾ ਕੰਮ ਕਰਨ ਨਾਲ ਸਭ ਆ ਮਿਲਦਾ ਹੈ, ਇਸ ਲਈ ਦੋਵੇਂ ਹੀ ਸਥਿਤੀਆਂ ਵਿੱਚ ਭੱਜ-ਦੌੜ ਕਰਨ ਨੂੰ ਮਨ੍ਹਾ ਕਰਦੇ ਹਾਂ।

ਗੱਲ ਨੂੰ ਸਿਰਫ਼ ਸਮਝਣ ਦੀ ਹੀ ਜ਼ਰੂਰਤ ਹੈ।

## ਪੁੰਨ ਦੇ ਖੇਲ ਦੇ ਸਾਹਮਣੇ ਮਿੱਥਿਆ ਯਤਨ ਕਿਉਂ ?

ਪੁੰਨ ਫ਼ਲ ਦੇਣ ਲਈ ਸਾਹਮਣੇ ਹੋਇਆ ਹੈ, ਤਾਂ ਕਿਸ ਲਈ ਮਿੱਥਿਆ ਯਤਨ ਵਿੱਚ ਲੱਗਿਆ ਹੈਂ ? ਅਤੇ ਜੇ ਪੁੰਨ ਫ਼ਲ ਦੇਣ ਲਈ ਸਾਹਮਣੇ ਨਹੀਂ ਹੋਇਆ ਤਾਂ ਦਖਲ ਕਿਸ ਲਈ ਕਰਦਾ ਹੈਂ ਬਿਨਾਂ ਕੰਮ ਦੇ ? ਸਾਹਮਣੇ ਨਹੀਂ ਹੋਇਆ ਅਤੇ ਤੂੰ ਦਖਲ ਕਰੇਂਗਾ ਤਾਂ ਵੀ ਕੁੱਝ ਹੋਣ ਵਾਲਾ ਨਹੀਂ ਹੈ ਅਤੇ ਸਾਹਮਣੇ ਹੋਇਆ ਹੋਵੇ ਤਾਂ ਦਖਲ ਕਿਸ ਲਈ ਕਰਦਾ ਹੈਂ ਤੂੰ ? ਪੁੰਨ ਜਦੋਂ ਫ਼ਲ ਦੇਣ ਲਈ ਤਿਆਰ ਹੋਵੇਗਾ ਤਾਂ ਦੇਰ ਹੀ ਨਹੀਂ ਲੱਗੇਗੀ।

# ਪਾਪ-ਪੁੰਨ ਦੀ ਲਿੰਕ...

ਕੋਈ ਬਾਹਰ ਦਾ ਆਦਮੀ ਮੇਰੇ ਕੋਲ ਵਿਹਾਰ ਨਾਲ ਸਲਾਹ ਲੈਣ ਆਵੇ ਕਿ, 'ਮੈਂ ਚਾਹੇ ਜਿੰਨੀ ਸਿਰ ਖਪਾਈ ਕਰਦਾ ਹਾਂ ਤਾਂ ਵੀ ਕੁੱਝ ਹੁੰਦਾ ਹੀ ਨਹੀਂ।' ਤਾਂ ਮੈਂ ਕਹਿੰਦਾ ਹਾਂ, 'ਹੁਣ ਤੇਰਾ ਉਦੈ ਪਾਪ ਦਾ ਹੈ। ਤੂੰ ਕਿਸੇ ਕੋਲੋਂ ਰੁਪਏ ਉਧਾਰ ਲੈ ਕੇ ਆਵੇਂਗਾ ਤਾਂ ਰਸਤੇ ਵਿੱਚ ਤੇਰੀ ਜੇਬ ਕੱਟ ਜਾਵੇਗੀ! ਇਸ ਲਈ ਹੁਣ ਆਰਾਮ ਨਾਲ ਘਰ ਬੈਠ ਕੇ, ਤੂੰ ਜੋ ਸ਼ਾਸਤਰ ਪੜ੍ਹਦਾ ਹੈਂ ਉਹ ਪੜ੍ਹ ਅਤੇ ਭਗਵਾਨ ਦਾ ਨਾਮ ਲੈਂਦਾ ਰਹਿ।'

ਅਸੀਂ 1968 ਵਿੱਚ ਜੈਗੜ ਦੀ ਜੇਟੀ ਬਣਾ ਰਹੇ ਸੀ। ਉੱਥੇ ਇੱਕ ਕਾਂਟ੍ਰੈਕਟਰ ਮੇਰੇ ਕੋਲ ਆਇਆ। ਉਹ ਮੈਨੂੰ ਪੁੱਛਣ ਲੱਗਾ, 'ਮੈਂ ਆਪਣੇ ਗੁਰੂ ਮਹਾਰਾਜ ਕੋਲ ਜਾਂਦਾ ਹਾਂ। ਹਰ ਸਾਲ ਮੇਰੇ ਪੈਸੇ ਵੱਧਦੇ ਹੀ ਰਹਿੰਦੇ ਹਨ। ਮੇਰੀ ਇੱਛਾ ਨਹੀਂ ਹੈ, ਫਿਰ ਵੀ ਵੱਧਦੇ ਹਨ, ਤਾਂ ਕੀ ਉਹ ਗੁਰੂ ਦੀ ਕਿਰਪਾ ਹੈ ?' ਮੈਂ ਉਸਨੂੰ ਕਿਹਾ, 'ਉਹ ਗੁਰੂ ਦੀ ਕਿਰਪਾ ਹੈ, ਇੰਝ ਨਾ ਮੰਨੀ। ਜੇ ਪੈਸਾ ਚਲਾ ਗਿਆ ਤਾਂ ਤੈਨੂੰ ਇਸ ਤਰ੍ਹਾਂ ਹੋਵੇਗਾ ਕਿ ਲਿਆ, ਗੁਰੂ ਨੂੰ ਪੱਥਰ ਮਾਰਾਂ!'

ਇਸ ਵਿੱਚ ਗੁਰੂ ਤਾਂ ਨਿਮਿਤ ਹੈ, ਉਹਨਾਂ ਦੇ ਆਸ਼ੀਰਵਾਦ ਨਿਮਿਤ ਹਨ। ਗੁਰੂ ਨੂੰ ਹੀ ਚਾਹੀਦੇ ਹੋਣ ਤਾਂ ਚਾਰ ਆਨੇ ਨਾ ਮਿਲਣ! ਇਸ ਲਈ ਫਿਰ ਉਸਨੇ ਮੈਨੂੰ ਪੁੱਛਿਆ ਕਿ, 'ਮੈਨੂੰ ਕੀ ਕਰਨਾ ਚਾਹੀਦਾ ਹੈ ?' ਮੈਂ ਕਿਹਾ, 'ਦਾਦਾ ਦਾ ਨਾਮ ਲੈਣਾ।' ਹੁਣ ਤੱਕ ਤੇਰੀ ਪੁੰਨ ਦੀ ਲਿੰਕ ਆਈ ਸੀ। ਲਿੰਕ ਮਤਲਬ ਹਨੇਰੇ ਵਿੱਚ ਪੱਤਾ ਚੁੱਕੇ ਤਾਂ ਚੌਕਾ ਆਵੇ, ਫਿਰ ਪੰਜਾ ਆਵੇ, ਫਿਰ ਵਾਪਸ ਚੁੱਕੇ ਤਾਂ ਛੱਕਾ ਆਵੇ। ਤਾਂ ਲੋਕ ਕਹਿਣਗੇ ਕਿ, 'ਵਾਹ ਸੇਠ, ਵਾਹ ਸੇਠ, ਕਹਿਣਾ ਪਵੇਗਾ।' ਉਸ ਤਰ੍ਹਾਂ ਤੈਨੂੰ ਇੱਕ ਸੌ ਸੱਤ ਵਾਰ ਤੱਕ ਸੱਚਾ ਪੈਂਦਾ ਹੈ। ਪਰ ਹੁਣ ਬਦਲਣ ਵਾਲਾ ਹੈ। ਇਸ ਲਈ ਸਾਵਧਾਨ ਰਹਿਣਾ। ਹੁਣ ਤੂੰ ਕੱਢੇਂਗਾ ਤਾਂ ਸਤਵੰਜਾ ਤੋਂ ਬਾਅਦ ਤਿੰਨ ਆਵੇਗਾ ਅਤੇ ਤਿੰਨ ਤੋਂ ਬਾਅਦ ਇੱਕ ਸੌ ਗਿਆਰਾਂ ਆਵੇਗਾ! ਤਾਂ ਲੋਕ ਤੈਨੂੰ ਬੁੱਧੂ ਕਹਿਣਗੇ। ਇਸ ਲਈ ਇਹ ਦਾਦਾ ਦਾ ਨਾਮ ਛੱਡਣਾ ਨਹੀਂ। ਨਹੀਂ ਤਾਂ ਮਾਰਿਆ ਜਾਵੇਂਗਾ।

ਫਿਰ ਅਸੀਂ ਮੁੰਬਈ ਆ ਗਏ। ਉਹ ਆਦਮੀ ਦੋ-ਚਾਰ ਦਿਨ ਬਾਅਦ ਇਹ ਗੱਲ ਭੁੱਲ ਗਿਆ। ਉਸਨੂੰ ਫਿਰ ਬਹੁਤ ਭਾਰੀ ਨੁਕਸਾਨ ਹੋਇਆ। ਇਸ ਲਈ ਉਹਨਾਂ ਪਤੀ-ਪਤਨੀ ਦੋਵਾਂ ਨੇ ਕੀੜੇ ਮਾਰਨ ਦੀ ਦਵਾਈ ਪੀ ਲਈ! ਪਰ

ਪੁੰਨਸ਼ਾਲੀ ਇੰਨਾ ਕਿ ਉਸਦਾ ਭਰਾ ਹੀ ਡਾਕਟਰ ਸੀ। ਉਹ ਆਇਆ ਅਤੇ ਬਚ ਗਿਆ! ਫਿਰ ਉਹ ਗੱਡੀ ਲੈ ਕੇ ਦੌੜਦਾ ਹੋਇਆ ਮੇਰੇ ਕੋਲ ਆਇਆ। ਮੈਂ ਉਸਨੂੰ ਕਿਹਾ, 'ਇਸ ਦਾਦਾ ਦਾ ਨਾਮ ਲੈਂਦੇ ਰਹਿਣਾ ਅਤੇ ਫਿਰ ਇੰਝ ਕਦੇ ਵੀ ਨਾ ਕਰਨਾ।' ਤਾਂ ਫਿਰ ਉਹ ਨਾਮ ਲੈਂਦਾ ਰਿਹਾ। ਉਸਦੇ ਸਭ ਪਾਪ ਧੋਤੇ ਗਏ ਅਤੇ ਸਭ ਠੀਕ ਹੋ ਗਿਆ।

'ਦਾਦਾ' ਬੋਲੀਏ ਉਸ ਘੜੀ ਪਾਪ ਕੋਲ ਆਉਂਦੇ ਹੀ ਨਹੀਂ। ਚਾਰੇ ਪਾਸੇ ਫਿਰਦੇ ਰਹਿੰਦੇ ਹਨ ਪਰ ਛੂੰਹਦੇ ਨਹੀਂ ਤੁਹਾਨੂੰ। ਤੁਸੀਂ ਝੋਂਕਾ ਖਾਂਦੇ ਹੋ, ਤਾਂ ਉਸ ਘੜੀ ਛੂਹ ਜਾਂਦੇ ਹਨ। ਰਾਤ ਨੂੰ ਨੀਂਦ ਵਿੱਚ ਨਹੀਂ ਛੂੰਹਦੇ। ਜੇ ਜਦੋਂ ਤੱਕ ਜਾਗਦੇ ਹੋਈਏ ਉਦੋਂ ਤੱਕ ਬੋਲਦੇ ਰਹੀਏ ਅਤੇ ਸਵੇਰੇ ਉੱਠਦੇ ਹੀ ਬੋਲੀਏ, ਤਾਂ ਵਿਚਾਲੇ ਦਾ ਸਮਾਂ ਉਹ ਸਰੂਪ ਕਹਾਉਂਦਾ ਹੈ।

ਧਰਮ ਦਾ ਪੁੰਨ ਤਾਂ ਇਸ ਤਰ੍ਹਾਂ ਦਾ ਹੈ, ਧਰਮ ਹਰ ਇੱਕ ਜਗ੍ਹਾ 'ਤੇ ਮੱਦਦ ਕਰਦਾ ਹੈ। ਚਾਹੇ ਜਿਵੇਂ ਦੀ ਮਰਜ਼ੀ ਮੁਸ਼ਕਿਲ ਹੋਵੇ, ਮੱਦਦ ਕਰਦਾ ਹੈ। ਉਸ ਤਰ੍ਹਾਂ ਦਾ ਧਰਮ ਦਾ ਪੁੰਨ ਹੁੰਦਾ ਹੈ। ਪੁੰਨ ਹੈਲਪ ਕਰਦਾ ਹੀ ਹੈ। ਆਪਣਾ ਗਿਆਨ ਤਾਂ ਅਲੱਗ ਹੀ ਤਰ੍ਹਾਂ ਦਾ ਹੈ। ਪ੍ਰਤੱਖ ਹਾਜ਼ਰ (ਹਾਜ਼ਰਾ ਹਜ਼ੂਰ) ਗਿਆਨ ਹੈ!

ਪੁੰਨ ਵੀ ਫਾਈਲ ਹੈ ਅਤੇ ਪਾਪ ਵੀ ਫਾਈਲ ਹੈ। ਪੁੰਨ ਪ੍ਰਮਾਦ ਕਰਵਾਉਂਦਾ ਹੈ ਅਤੇ ਪਾਪ ਜਾਗ੍ਰਿਤ ਰੱਖਦਾ ਹੈ। ਪੁੰਨ ਤਾਂ ਉਲਟੇ ਇਹ ਆਈਸਕ੍ਰੀਮ ਖਾਓ, ਇਹ ਫ਼ਰੂਟ ਖਾਓ, ਇਹੋ ਜਿਹੇ ਸਭ ਪ੍ਰਮਾਦ ਕਰਵਾਉਂਦਾ ਹੈ। ਉਸਦੇ ਨਾਲੋਂ ਇਹ ਕੌੜੀ ਦਵਾਈ ਪਿਲਾ ਦਿਓ ਨਾ, ਤਾਂ ਜਾਗ੍ਰਿਤੀ ਤਾਂ ਰਹੇ!

## ਗ੍ਰਾਹਕ ਭੇਜਣ ਵਾਲਾ ਕੌਣ ?

ਇਹ ਸਭ ਲੋਕ ਮੋਟਲ ਚਲਾਉਂਦੇ ਹਨ, ਉਸ ਮੋਟਲ ਵਿੱਚ ਆਉਣ ਵਾਲੇ ਨੂੰ ਕੌਣ ਭੇਜਦਾ ਹੋਵੇਗਾ ? ਤੁਸੀਂ ਮੋਟਲ ਚਲਾਉਂਦੇ ਹੋ ਨਾ, ਕੌਣ ਭੇਜਦਾ ਹੋਵੇਗਾ ?

**ਪ੍ਰਸ਼ਨਕਰਤਾ** : ਪਤਾ ਨਹੀਂ।

**ਦਾਦਾਸ਼੍ਰੀ** : ਉਹੀ ਤੁਹਾਡਾ ਪੁੰਨ ਹੈ। ਭਗਵਾਨ ਨਹੀਂ ਭੇਜਦਾ, ਦੂਸਰਾ ਕੋਈ ਨਹੀਂ ਭੇਜਦਾ। ਤੁਹਾਡਾ ਪੁੰਨ ਭੇਜਦਾ ਹੈ ਅਤੇ ਪਾਪ ਦਾ ਉਦੈ ਹੋਵੇ ਤਾਂ ਸਭ ਦੀ ਮੋਟਲ ਭਰੀ ਹੋਈ ਹੋਵੇ ਪਰ ਤੁਹਾਡੀ ਨਹੀਂ ਭਰਦੀ। ਚੰਗੀ ਤੋਂ ਚੰਗੀ ਬਣਾਈ ਹੋਵੇ, ਫਿਰ ਵੀ ਨਹੀਂ ਭਰਦੀ।

# ਕਿਸੇ ਨੂੰ ਦੋਸ਼ ਦਿੱਤਾ ਜਾਵੇ ਅਜਿਹਾ ਹੈ ?

ਕੋਈ ਚੀਜ਼ ਇਹੋ ਜਿਹੀ ਨਹੀਂ ਹੈ ਕਿ ਜੋ ਇਹਨਾਂ ਪੁੰਨਸ਼ਾਲੀਆਂ ਨੂੰ ਨਾ ਮਿਲੇ, ਪਰ ਪੁੰਨ ਉਸ ਤਰ੍ਹਾਂ ਦਾ ਪੂਰਾ ਨਹੀਂ ਲਿਆਏ ਹਨ ਇਸ ਲਈ। ਨਹੀਂ ਤਾਂ ਹਰ ਇੱਕ ਚੀਜ਼ ਜਿਸ ਤਰ੍ਹਾਂ ਦੀ ਚਾਹੀਦੀ ਹੈ ਉਸੇ ਤਰ੍ਹਾਂ ਦੀ ਮਿਲੇ ਇੰਝ ਹੈ। ਪਰ ਲੋਕ ਲੌਕਿਕ ਗਿਆਨ ਵਿੱਚ ਪਏ ਹੋਏ ਹਨ ਅਤੇ ਉਦੋਂ ਤੱਕ ਕਦੇ ਵੀ 'ਵਸਤੂ' ਪ੍ਰਾਪਤ ਹੁੰਦੀ ਨਹੀਂ ਹੈ। ਇੱਕ ਤਾਂ ਦਿਮਾਗ ਜ਼ਰਾ ਤੇਜ਼ ਹੁੰਦਾ ਹੈ, ਉਸ ਵਿੱਚ ਫਿਰ ਉਸਨੂੰ ਇਹੋ ਜਿਹਾ ਗਿਆਨ ਮਿਲੇ ਕਿ 'ਬੂਧੇ ਨਾਰ ਪਾਂਸਰੀ' (ਨਾਰੀ ਤਾੜਨ ਦੀ ਅਧਿਕਾਰੀ), ਫਿਰ ਤਾਂ ਉਸਨੂੰ ਜੋ ਚਾਹੀਦਾ ਹੈ ਉਹ ਮਿਲ ਗਿਆ! ਇਹ ਜੋ ਗਿਆਨ ਮਿਲਿਆ, ਉਹ ਗਿਆਨ ਉਸਨੂੰ ਫ਼ਲ ਦੇਵੇਗਾ ਜਾਂ ਨਹੀਂ ਦੇਵੇਗਾ ? ਫਿਰ ਕੀ ਹੋਵੇਗਾ ? ਜਿਸ ਇਸਤਰੀ ਦੀ ਕੁੱਖੋਂ ਤੀਰਥੰਕਰ ਜਨਮੇ ਉਸ ਇਸਤਰੀ ਦੀ ਦਸ਼ਾ ਤਾਂ ਦੇਖੋ, ਤੁਸੀਂ ਕੀ ਕੀਤੀ ਹੈ ? ਕਿੰਨਾ ਅਨਿਆਂ ਹੈ ? ਕਿਉਂਕਿ ਜਿਸ ਇਸਤਰੀ ਜਾਤੀ ਦੀ ਕੁੱਖੋਂ ਚੌਵੀ ਤੀਰਥੰਕਰ ਜਨਮੇ, ਬਾਰਾਂ ਚੱਕਰਵਰਤੀ ਜਨਮੇ, ਵਾਸੂਦੇਵ ਜਨਮੇ, ਉੱਥੇ ਵੀ ਇੰਝ ਕੀਤਾ ? ਬੇਸ਼ੱਕ ਤੁਹਾਨੂੰ ਕੌੜਾ ਅਨੁਭਵ ਹੋਇਆ ਹੋਵੇ। ਉਸ ਵਿੱਚ ਇਸਤਰੀ ਜਾਤੀ ਦੀ ਕਿਸ ਲਈ ਨਿੰਦਾ ਕਰਦੇ ਹੋ ? ਤੁਸੀਂ ਬਾਰਾਂ ਰੁਪਏ ਦਰਜਨ ਦੇ ਮੁੱਲ ਦੇ ਅੰਬ ਲੈ ਕੇ ਆਉਂਦੇ ਹੋ, ਪਰ ਖੱਟੇ ਨਿਕਲਦੇ ਹਨ, ਪਰ ਦੂਸਰੇ ਤਿੰਨ ਰੁਪਏ ਦਰਜਨ ਦੇ ਮੁੱਲ ਵਾਲੇ ਮਿੱਠੇ ਨਿਕਲਦੇ ਹਨ। ਯਾਨੀ ਬਹੁਤ ਵਾਰ ਵਸਤੂ ਮੁੱਲ ਦੇ ਉੱਪਰ ਆਧਾਰਿਤ ਨਹੀਂ ਹੁੰਦੀ, ਤੁਹਾਡੇ ਪੁੰਨ ਉੱਤੇ ਆਧਾਰਿਤ ਹੁੰਦੀ ਹੈ। ਤੁਹਾਡਾ ਪੁੰਨ ਜੇ ਜ਼ੋਰ ਕਰੇ, ਤਾਂ ਅੰਬ ਕਿਹੋ ਜਿਹਾ ਮਿੱਠਾ ਨਿਕਲਦਾ ਹੈ, ਅਤੇ ਉਹ ਖੱਟਾ ਨਿਕਲਿਆ ਉਸ ਵਿੱਚ ਤੁਹਾਡੇ ਪੁੰਨ ਦਾ ਜ਼ੋਰ ਨਹੀਂ ਸੀ, ਉਸ ਵਿੱਚ ਕਿਸੇ ਨੂੰ ਦੋਸ਼ ਕਿਵੇਂ ਦਿੱਤਾ ਜਾਵੇ ?

ਇਸ ਲਈ ਇਹ ਤਾਂ ਪੁੰਨ ਕੱਚਾ ਪੈ ਜਾਂਦਾ ਹੈ, ਦੂਸਰਾ ਹੋਰ ਕੀ ਹੈ ਇਹ ? ਵੱਡਾ ਭਰਾ ਜਾਇਦਾਦ ਨਾ ਦਿੰਦਾ ਹੋਵੇ ਤਾਂ ਕੀ ਵੱਡੇ ਭਰਾ ਦਾ ਦੋਸ਼ ਹੈ ? ਆਪਣਾ ਪੁੰਨ ਕੱਚਾ ਹੈ। ਉਸ ਵਿੱਚ ਦੋਸ਼ ਕਿਸੇ ਦਾ ਹੈ ਨਹੀਂ। ਇਹ ਤਾਂ ਪੁੰਨ ਨੂੰ ਉਹ ਸੁਧਾਰਦਾ ਨਹੀਂ ਹੈ ਅਤੇ ਵੱਡੇ ਭਰਾ ਦੇ ਨਾਲ ਨਿਰੇ ਪਾਪ ਬੰਨ੍ਹਦਾ ਹੈ! ਫਿਰ ਪਾਪ ਦੇ ਘੜੇ ਭਰਦਾ ਹੈ।

ਸਾਨੂੰ ਮਕਾਨ ਦੀ ਅੜਚਨ ਹੋਵੇ ਅਤੇ ਕੋਈ ਮਨੁੱਖ ਮੱਦਦ ਕਰੇ ਅਤੇ ਮਕਾਨ ਰਹਿਣ ਲਈ ਦੇ ਦੇਵੇ, ਤਾਂ ਜਗਤ ਦੇ ਮਨੁੱਖ ਨੂੰ ਉਸ ਉੱਪਰ ਰਾਗ ਹੋ ਜਾਂਦਾ ਹੈ

ਅਤੇ ਉਹ ਜਦੋਂ ਮਕਾਨ ਲੈਣਾ ਚਾਹੇ ਤਾਂ ਉਸ ਉੱਪਰ ਦਵੇਸ਼ ਹੁੰਦਾ ਹੈ। ਇਹ ਰਾਗ-ਦਵੇਸ਼ ਹੈ, ਹੁਣ ਅਸਲ ਵਿੱਚ ਤਾਂ ਰਾਗ-ਦਵੇਸ਼ ਕਰਨ ਦੀ ਜ਼ਰੂਰਤ ਨਹੀਂ ਹੈ, ਉਹ ਨਿਮਿਤ ਹੀ ਹੈ। ਉਹ ਦੇਣ ਵਾਲਾ ਅਤੇ ਲੈ ਲੈਣ ਵਾਲਾ, ਦੋਵੇਂ ਨਿਮਿਤ ਹਨ। ਤੁਹਾਡੇ ਪੁੰਨ ਦਾ ਉਦੈ ਹੋਵੇ ਉਦੋਂ ਉਹ ਦੇਣ ਦੇ ਲਈ ਮਿਲਦਾ ਹੈ, ਪਾਪ ਦਾ ਉਦੈ ਹੋਵੇ ਤਾਂ ਲੈਣ ਦੇ ਲਈ ਮਿਲਦਾ ਹੈ। ਇਸ ਵਿੱਚ ਉਸਦਾ ਕੋਈ ਦੋਸ਼ ਨਹੀਂ ਹੈ। ਤੁਹਾਡੇ ਉਦੈ ਉੱਪਰ ਆਧਾਰਿਤ ਹੈ। ਸਾਹਮਣੇ ਵਾਲੇ ਦਾ ਕਿੰਚਿਤਮਾਤਰ ਦੋਸ਼ ਨਹੀਂ ਹੈ। ਉਹ ਨਿਮਿਤ ਮਾਤਰ ਹੈ। ਅਜਿਹਾ ਆਪਣਾ ਗਿਆਨ ਕਹਿੰਦਾ ਹੈ, ਕਿੰਨੀ ਸੋਹਣੀ ਗੱਲ ਕਰਦਾ ਹੈ!

ਅਗਿਆਨੀ ਨੂੰ ਤਾਂ ਕੋਈ ਮਿੱਠਾ-ਮਿੱਠਾ ਬੋਲੇ ਉੱਥੇ ਰਾਗ ਹੁੰਦਾ ਹੈ ਅਤੇ ਕੌੜਾ ਬੋਲੇ ਉੱਥੇ ਦਵੇਸ਼ ਹੁੰਦਾ ਹੈ। ਸਾਹਮਣੇ ਵਾਲਾ ਮਿੱਠਾ ਬੋਲੇ, ਉਹ ਖੁਦ ਦਾ ਪੁੰਨ ਪ੍ਰਕਾਸ਼ਿਤ ਹੈ ਅਤੇ ਸਾਹਮਣੇ ਵਾਲਾ ਕੌੜਾ ਬੋਲੇ, ਤਾਂ ਉਹ ਖੁਦ ਦਾ ਪਾਪ ਪ੍ਰਕਾਸ਼ਿਤ ਹੈ। ਇਸ ਲਈ ਮੂਲ ਗੱਲ ਵਿੱਚ, ਦੋਨਾਂ ਵਿੱਚ ਸਾਹਮਣੇ ਵਾਲੇ ਦਾ ਕੁੱਝ ਲੈਣਾ-ਦੇਣਾ ਨਹੀਂ ਹੈ। ਬੋਲਣ ਵਾਲੇ ਨੂੰ ਕੋਈ ਲੈਣਾ-ਦੇਣਾ ਨਹੀਂ ਹੈ। ਸਾਹਮਣੇ ਵਾਲਾ ਮਨੁੱਖ ਤਾਂ ਨਿਮਿਤ ਹੀ ਹੈ। ਜੋ ਯਸ਼ ਦਾ ਨਿਮਿਤ ਹੁੰਦਾ ਹੈ ਉਸ ਨਾਲ ਯਸ਼ ਮਿਲਦਾ ਹੈ ਅਤੇ ਅਪਯਸ਼ ਦਾ ਨਿਮਿਤ ਹੁੰਦਾ ਹੈ ਉਸ ਨਾਲ ਅਪਯਸ਼ ਮਿਲਦਾ ਹੈ। ਉਹ ਤਾਂ ਸਿਰਫ਼ ਨਿਮਿਤ ਹੀ ਹੈ। ਉਸ ਵਿੱਚ ਕਿਸੇ ਦਾ ਦੋਸ਼ ਨਹੀਂ ਹੈ।

**ਪ੍ਰਸ਼ਨਕਰਤਾ** : ਸਾਰੇ ਨਿਮਿਤ ਹੀ ਮੰਨੇ ਜਾਣਗੇ ਨਾ ?

**ਦਾਦਾਸ਼੍ਰੀ** : ਨਿਮਿਤ ਤੋਂ ਸਿਵਾ ਇਸ ਜਗਤ ਵਿੱਚ ਕੋਈ ਦੂਸਰੀ ਚੀਜ਼ ਹੈ ਹੀ ਨਹੀਂ। ਜੋ ਹੈ, ਉਹ ਇਹ ਨਿਮਿਤ ਹੀ ਹੈ।

## ਉਸਦਾ ਅਧਾਰ ਹੈ ਪੁੰਨ ਅਤੇ ਪਾਪ 'ਤੇ

**ਪ੍ਰਸ਼ਨਕਰਤਾ** : ਕਿੰਨੇ ਹੀ ਝੂਠ ਬੋਲੀਏ ਤਾਂ ਵੀ ਸੱਚ ਵਿੱਚ ਖਪ ਜਾਂਦਾ ਹੈ ਅਤੇ ਕਿੰਨੇ ਹੀ ਸੱਚ ਬੋਲੀਏ ਤਾਂ ਵੀ ਝੂਠ ਵਿੱਚ ਖਪਦਾ ਹੈ। ਇਹ ਪਜ਼ਲ (ਪਹੇਲੀ) ਕੀ ਹੈ ?!

**ਦਾਦਾਸ਼੍ਰੀ** : ਉਹ ਉਹਨਾਂ ਦੇ ਪਾਪ ਅਤੇ ਪੁੰਨ ਦੇ ਆਧਾਰ 'ਤੇ ਹੁੰਦਾ ਹੈ। ਉਹਨਾਂ ਦੇ ਪਾਪ ਦਾ ਉਦੈ ਹੋਵੇ ਤਾਂ ਉਹ ਸੱਚ ਬੋਲਦੇ ਹਨ ਤਾਂ ਵੀ ਝੂਠ ਵਿੱਚ ਚਲਾ ਜਾਂਦਾ ਹੈ। ਜਦੋਂ ਪੁੰਨ ਦਾ ਉਦੈ ਹੋਵੇ ਤਾਂ ਝੂਠ ਬੋਲੀਏ ਤਾਂ ਵੀ ਲੋਕ ਉਸਨੂੰ ਸੱਚ ਸਵੀਕਾਰਦੇ ਹਨ, ਚਾਹੇ ਜਿਵੇਂ ਦਾ ਝੂਠ ਬੋਲੀਏ ਤਾਂ ਵੀ ਚੱਲ ਜਾਂਦਾ ਹੈ।

**ਪ੍ਰਸ਼ਨਕਰਤਾ** : ਤਾਂ ਉਸਨੂੰ ਕੋਈ ਨੁਕਸਾਨ ਨਹੀਂ ਹੁੰਦਾ ?

**ਦਾਦਾਸ਼੍ਰੀ** : ਨੁਕਸਾਨ ਤਾਂ ਹੈ, ਪਰ ਅਗਲੇ ਜਨਮ ਦਾ। ਇਸ ਜਨਮ ਵਿੱਚ ਤਾਂ ਉਸਨੂੰ ਪਿਛਲੇ ਜਨਮ ਦਾ ਫ਼ਲ ਮਿਲਿਆ ਹੈ ਅਤੇ ਇਹ ਝੂਠ ਬੋਲਿਆ ਨਾ, ਉਸਦਾ ਫ਼ਲ ਉਸਨੂੰ ਅਗਲੇ ਜਨਮ ਵਿੱਚ ਮਿਲੇਗਾ। ਹੁਣ ਇਹ ਉਸਨੇ ਬੀਜ ਬੀਜਿਆ। ਬਾਕੀ, ਇਹ ਕੋਈ ਅੰਧੇਰ ਨਗਰੀ ਨਹੀਂ ਹੈ ਕਿ ਚਾਹੇ ਜਿਵੇਂ ਵੀ ਚੱਲ ਜਾਵੇਗਾ।

## ਉਸ ਕਪਲ (ਜੋੜੇ) ਵਿੱਚ ਕੌਣ ਪੁੰਨਸ਼ਾਲੀ ?

ਇੱਕ ਆਦਮੀ ਮੇਰੇ ਕੋਲ ਆਇਆ ਸੀ। ਉਸ ਨੇ ਮੈਨੂੰ ਕਿਹਾ, 'ਦਾਦਾ, ਮੈਂ ਵਿਆਹ ਤਾਂ ਕੀਤਾ ਹੈ ਪਰ ਮੈਨੂੰ ਮੇਰੀ ਪਤਨੀ ਪਸੰਦ ਨਹੀਂ ਹੈ।' ਤਾਂ ਮੈਂ ਕਿਹਾ, 'ਕਿਉਂ ਭਾਈ, ਨਾ ਪਸੰਦ ਹੋਣ ਦਾ ਕਾਰਣ ਕੀ ਹੈ ?' ਤਾਂ ਉਸ ਨੇ ਕਿਹਾ, 'ਉਹ ਜ਼ਰਾ ਲੰਗੜੀ ਹੈ, ਪੈਰ ਤੋਂ ਲੰਗੜਾਉਂਦੀ ਹੈ।' ਫਿਰ ਮੈਂ ਪੁੱਛਿਆ, 'ਤਾਂ ਤੇਰੀ ਪਤਨੀ ਨੂੰ ਤੂੰ ਪਸੰਦ ਹੈਂ ਜਾਂ ਨਹੀਂ ?' ਤਾਂ ਉਹ ਕਹਿੰਦਾ ਹੈ, 'ਦਾਦਾ, ਮੈਂ ਤਾਂ ਪਸੰਦ ਆਵਾਂ, ਉਸ ਤਰ੍ਹਾਂ ਦਾ ਹੀ ਹਾਂ ਨਾ! ਸੋਹਣਾ ਹਾਂ, ਪੜ੍ਹਿਆ-ਲਿਖਿਆ ਹਾਂ, ਮੇਰੇ ਵਿੱਚ ਕੋਈ ਸਰੀਰਿਕ ਖਾਮੀ ਨਹੀਂ ਹੈ।' ਤਾਂ ਮੈਂ ਕਿਹਾ, 'ਤਾਂ ਉਸ ਵਿੱਚ ਭੁੱਲ ਤੇਰੀ ਹੀ ਹੈ। ਤੂੰ ਇਹੋ ਜਿਹੀ ਕਿਹੜੀ ਭੁੱਲ ਕੀਤੀ ਸੀ ਕਿ ਤੈਨੂੰ ਲੰਗੜੀ ਮਿਲੀ ਅਤੇ ਉਸਨੇ ਕਿੰਨੇ ਪੁੰਨ ਕੀਤੇ ਸਨ ਕਿ ਤੂੰ ਇੰਨਾ ਚੰਗਾ ਉਸਨੂੰ ਮਿਲਿਆ! ਓਏ, ਇਹ ਤਾਂ ਖੁਦ ਦੇ ਕੀਤੇ ਹੋਏ ਕਰਮ ਹੀ ਖੁਦ ਦੇ ਸਾਹਮਣੇ ਆਉਂਦੇ ਹਨ। ਉਸ ਵਿੱਚ ਸਾਹਮਣੇ ਵਾਲੇ ਦਾ ਦੋਸ਼ ਕਿਉਂ ਦੇਖਦਾ ਹੈਂ ? ਜਾ ਆਪਣੀ ਭੁੱਲ ਨੂੰ ਭੁਗਤ ਲੈ ਅਤੇ ਫਿਰ ਨਵੀਂ ਭੁੱਲ ਨਾ ਕਰੀਂ।'

## ਦਰਦ ਵਿੱਚ ਪਾਪ-ਪੁੰਨ ਦਾ ਰੋਲ...

**ਪ੍ਰਸ਼ਨਕਰਤਾ** : ਮਨੁੱਖ ਨੂੰ ਰੋਗ ਹੁੰਦੇ ਹਨ, ਉਸਦਾ ਕੀ ਕਾਰਣ ਹੈ ?

**ਦਾਦਾਸ਼੍ਰੀ** : ਉਸਨੇ ਆਪ ਹੀ ਗੁਨਾਹ ਕੀਤੇ ਹਨ ਸਾਰੇ, ਪਾਪ ਕੀਤੇ ਹਨ, ਉਸ ਨਾਲ ਇਹ ਰੋਗ ਹੁੰਦੇ ਹਨ।

**ਪ੍ਰਸ਼ਨਕਰਤਾ** : ਪਰ ਇਹਨਾਂ ਛੋਟੇ-ਛੋਟੇ ਬੱਚਿਆਂ ਨੇ ਕਿਹੜਾ ਗੁਨਾਹ ਕੀਤਾ ਸੀ ?

**ਦਾਦਾਸ਼੍ਰੀ** : ਸਭ ਨੇ ਪਾਪ ਕੀਤੇ ਸਨ, ਉਸਦੇ ਇਹ ਰੋਗ ਹਨ ਸਾਰੇ। ਪਿਛਲੇ ਜਨਮ ਵਿੱਚ ਜੋ ਪਾਪ ਕੀਤੇ ਸਨ, ਉਹਨਾਂ ਦਾ ਫ਼ਲ ਆਇਆ ਇਸ ਸਮੇਂ। ਛੋਟੇ ਬੱਚੇ ਦੁੱਖ ਭੁਗਤਦੇ ਹਨ, ਉਹ ਪਾਪ ਦਾ ਫ਼ਲ ਅਤੇ ਸ਼ਾਂਤੀ ਅਤੇ ਆਨੰਦ ਭੋਗਦੇ ਹਨ ਉਹ ਪੁੰਨ ਦਾ ਫ਼ਲ। ਪਾਪ ਅਤੇ ਪੁੰਨ ਦੇ ਫ਼ਲ, ਦੋਵੇਂ ਮਿਲਦੇ ਹਨ। ਪੁੰਨ ਹੈ, ਉਹ ਕ੍ਰੈਡਿਟ ਹੈ ਅਤੇ ਪਾਪ ਡੈਬਿਟ ਹੈ।

**ਪ੍ਰਸ਼ਨਕਰਤਾ** : ਸਾਨੂੰ ਹੁਣ ਇਸ ਜਨਮ ਵਿੱਚ ਕੋਈ ਦਰਦ ਹੋਵੇ, ਰੋਗ ਹੋ ਜਾਵੇ ਤਾਂ ਉਹ ਪਿਛਲੇ ਜਨਮ ਦੇ ਕਰਮ ਦਾ ਫ਼ਲ ਹੈ, ਤਾਂ ਫਿਰ ਅਸੀਂ ਹੁਣ ਕੋਈ ਵੀ ਇਲਾਜ ਕਰੀਏ, ਤਾਂ ਉਹ ਸਾਨੂੰ ਕਿਸ ਤਰ੍ਹਾਂ ਸੁਧਾਰਦਾ ਹੈ, ਜੇ ਉਹ ਵਿਵਸਥਿਤ ਹੀ ਹੈ ਤਾਂ ਫਿਰ ?

**ਦਾਦਾਸ਼੍ਰੀ** : ਦਵਾਈ ਲੈਂਦੇ ਹੋ, ਉਹ ਵੀ ਵਿਵਸਥਿਤ ਹੋਵੇ ਤਾਂ ਹੀ ਲਈ ਜਾਂਦੀ ਹੈ, ਨਹੀਂ ਤਾਂ ਲਈ ਹੀ ਨਹੀਂ ਜਾਂਦੀ। ਸਾਨੂੰ ਮਿਲੇ ਹੀ ਨਾ।

**ਪ੍ਰਸ਼ਨਕਰਤਾ** : ਹੋਰ ਕਿੰਨੇ ਤਰ੍ਹਾਂ ਦੀਆਂ ਦਵਾਈਆਂ ਲਈਏ, ਤਾਂ ਵੀ ਦਵਾਈ ਅਸਰ ਨਹੀਂ ਕਰਦੀ, ਠੀਕ ਨਹੀਂ ਹੁੰਦਾ ਉਹਨਾਂ ਨਾਲ। ਇੰਝ ਵੀ ਹੁੰਦਾ ਹੈ ਨਾ, ਦਾਦਾ।

**ਦਾਦਾਸ਼੍ਰੀ** : ਪੈਸੇ ਤੱਕ ਖਤਮ ਹੋ ਜਾਂਦੇ ਹਨ ਅਤੇ ਮਰਨ ਦਾ ਸਮਾਂ ਆ ਜਾਂਦਾ ਹੈ। ਜਦੋਂ ਕਿ ਪੁੰਨ ਪ੍ਰਕਾਸ਼ਿਤ ਹੋਵੇ ਤਾਂ ਥੋੜ੍ਹਾ ਐਵੇਂ ਹੀ ਗੱਲਾਂ-ਗੱਲਾਂ ਵਿੱਚ ਹੀ ਟਮਾਟਰ ਦਾ ਰਸ ਪੀ ਲਵੇ ਤਾਂ ਵੀ ਰੋਗ ਮਿਟ ਜਾਂਦਾ ਹੈ। ਇਸ ਲਈ ਪੁੰਨ 'ਤੇ ਆਧਾਰਿਤ ਹੈ। ਤੁਹਾਡਾ ਪੁੰਨ ਫ਼ਲ ਦੇਣ ਲਈ ਤਿਆਰ ਹੋ ਜਾਵੇ ਤਾਂ ਸਭ ਐਵੇਂ ਹੀ ਫ੍ਰੀ ਆਫ ਕੌਸਟ ਮਿਲ ਜਾਂਦਾ ਹੈ ਅਤੇ ਪਾਪ ਫ਼ਲ ਦੇਣ ਲਈ ਤਿਆਰ ਹੋ ਜਾਵੇ ਤਾਂ ਚੰਗੀ ਚੀਜ਼ ਹੋਵੇ, ਉਹ ਵੀ ਪੁੱਠੀ ਪੈ ਜਾਂਦੀ ਹੈ।

ਬਿਮਾਰੀ ਵਿੱਚ ਪੁੰਨ ਨਾਲ ਭੁਗਤਣਾ ਘੱਟ ਹੋ ਜਾਂਦਾ ਹੈ। ਬਿਮਾਰੀ ਵਿੱਚ ਪਾਪ ਨਾਲ ਭੁਗਤਣਾ ਵੱਧ ਜਾਂਦਾ ਹੈ। ਪੁੰਨ ਨਾ ਹੋਵੇ ਤਾਂ ਪੂਰਾ ਹੀ ਭੁਗਤਣਾ ਪੈਂਦਾ ਹੈ।

ਹੁਣ ਪੁੰਨ ਹੋਵੇ ਤਾਂ ਵੈਦਰਾਜ ਚੰਗੇ ਮਿਲ ਜਾਂਦੇ ਹਨ। ਟਾਈਮ ਆ ਮਿਲਦਾ ਹੈ। ਸਭ ਮਿਲ ਜਾਂਦਾ ਹੈ ਅਤੇ ਸ਼ਾਂਤੀ ਰਹਿੰਦੀ ਹੈ। ਦਰਦ ਡਾਕਟਰ ਨੇ ਮਿਟਾਇਆ ? ਪੁੰਨ ਨੇ ਮਿਟਾ ਦਿੱਤਾ ਅਤੇ ਪਾਪ ਨਾਲ ਖੜ੍ਹਾ ਹੋਇਆ ਸੀ। ਤਾਂ ਦੂਸਰਾ ਕੌਣ ਮਿਟਾਵੇਗਾ ? ਡਾਕਟਰ ਨਿਮਿਤ ਹੈ!

**ਪ੍ਰਸ਼ਨ ਕਰਤਾ** : ਰੋਗ ਹੋਣਾ ਉਹ ਪਾਪ ਦਾ ਉਦੈ ਕਹਾਵੇਗਾ ?

**ਦਾਦਾਸ਼੍ਰੀ :** ਤਾਂ ਹੋਰ ਕੀ ਹੈ ਉਹ ? ਇਹ ਰੋਗ ਤਾਂ ਪਾਪ ਹੈ ਅਤੇ ਨਿਰੋਗਤਾ ਪੁੰਨ ਹੈ।

## ਉਮਰ ਲੰਬੀ ਚੰਗੀ ਜਾਂ ਛੋਟੀ ?

**ਪ੍ਰਸ਼ਨਕਰਤਾ :** ਬਹੁਤ ਲੰਬੀ ਉਮਰ, ਬਹੁਤ ਲੰਬਾ ਆਯੁਸ਼ ਉਹ ਪੁੰਨ ਦਾ ਫ਼ਲ ਹੈ ਜਾਂ ਪਾਪ ਦਾ ਫ਼ਲ ਹੈ ?

**ਦਾਦਾਸ਼੍ਰੀ :** ਹਾਂ, ਲੋਕਾਂ ਨੂੰ ਗਾਲ੍ਹਾਂ ਕੱਢਣ ਅਤੇ ਲੋਕਾਂ ਦੀ ਨਿੰਦਾ ਕਰਨ ਲਈ ਜੇ ਜੀਵਨ ਹੋਵੇ ਤਾਂ ਪਾਪ ਦਾ ਫ਼ਲ ਹੈ! ਖੁਦ ਦੇ ਆਤਮਾ ਦੇ ਭਲੇ ਲਈ ਜਾਂ ਦੂਸਰਿਆਂ ਦੇ ਭਲੇ ਲਈ ਕੋਈ ਜ਼ਿਆਦਾ ਜਿਊਂਦਾ ਹੈ, ਤਾਂ ਉਹ ਪੁੰਨ ਦਾ ਫ਼ਲ ਹੈ।

ਪੁੰਨਸ਼ਾਲੀ ਦੀ ਉਮਰ ਲੰਬੀ ਹੁੰਦੀ ਹੈ, ਜ਼ਰਾ ਘੱਟ ਪੁੰਨ ਹੋਵੇ ਤਾਂ ਉਮਰ ਰਸਤੇ ਵਿੱਚ ਹੀ ਟੁੱਟ ਜਾਂਦੀ ਹੈ। ਹੁਣ ਕੋਈ ਮਨੁੱਖ ਬਹੁਤ ਪਾਪੀ ਹੋਵੇ, ਅਤੇ ਉਮਰ ਲੰਬੀ ਹੋਵੇ ਤਾਂ ? ਉਸਨੂੰ ਭਗਵਾਨ ਨੇ ਕੀ ਕਿਹਾ ਹੈ ਕਿ ਪਾਪੀ ਦੀ ਉਮਰ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ? ਅਸੀਂ ਭਗਵਾਨ ਨੂੰ ਪੁੱਛੀਏ ਕਿ, 'ਪਾਪੀ ਦੀ ਉਮਰ ਕਿੰਨੀ ਹੋਵੇ, ਤਾਂ ਚੰਗਾ ਮੰਨਿਆ ਜਾਵੇਗਾ ?' ਤਾਂ ਕਹੀਏ ਕਿ, 'ਜਿੰਨਾ ਘੱਟ ਜੀਵੇ ਓਨਾ ਚੰਗਾ।' ਕਿਉਂਕਿ ਇਹੋ ਜਿਹੇ ਪਾਪ ਦੇ ਸੰਜੋਗਾਂ ਵਿੱਚ ਹੈ, ਇਸ ਲਈ ਘੱਟ ਜੀਵੇ ਤਾਂ ਉਹ ਸੰਜੋਗ ਬਦਲਣਗੇ ਉਸਦੇ! ਪਰ ਉਹ ਘੱਟ ਜਿਊਂਦਾ ਨਹੀਂ ਹੈ ਨਾ! ਇਹ ਤਾਂ ਲੈਵਲ ਦੱਸਣ ਲਈ ਸਾਨੂੰ ਕਹਿੰਦੇ ਹਨ, ਪਰ ਜ਼ਿਆਦਾ ਜਿਊਂਦਾ ਹੈ, ਉਹ ਸੌ ਸਾਲ ਵੀ ਪੂਰੇ ਕਰਦਾ ਹੈ ਅਤੇ ਇੰਨੇ ਸਾਰੇ ਪਾਪ ਦੇ ਘੜੇ ਭਰਦਾ ਹੈ ਕਿ ਕਿੰਨਾ ਗਹਿਰਾ ਜਾਵੇਗਾ ਉਹ ਤਾਂ ਉਹੀ ਜਾਣੇ! ਅਤੇ ਪੁੰਨਸ਼ਾਲੀ ਆਦਮੀ ਜ਼ਿਆਦਾ ਜੀਵੇ ਤਾਂ ਬਹੁਤ ਚੰਗਾ।

## ਪਰਭਵ ਦੀਆਂ ਗਠੜੀਆਂ ਕਿਸ ਦੀਆਂ ?

ਪਰਦੇਸ ਦੀ ਕਮਾਈ ਪਰਦੇਸ ਵਿੱਚ ਹੀ ਰਹੇਗੀ। ਇਹ ਗੱਡੀਆਂ-ਬੰਗਲੇ, ਮਿੱਲਾਂ, ਬੀਵੀ-ਬੱਚੇ ਸਭ ਇੱਥੇ ਹੀ ਛੱਡ ਕੇ ਜਾਣਾ ਪਵੇਗਾ। ਇਸ ਅੰਤਿਮ ਸਟੇਸ਼ਨ 'ਤੇ ਤਾਂ ਕਿਸੇ ਦੇ ਪਿਓ ਦੀ ਵੀ ਚੱਲੇ ਅਜਿਹਾ ਨਹੀਂ ਹੈ ਨਾ! ਸਿਰਫ਼ ਪੁੰਨ ਅਤੇ ਪਾਪ ਨਾਲ ਲੈ ਜਾਣ ਦੇਣਗੇ। ਦੂਸਰੀ ਸਾਦੀ ਭਾਸ਼ਾ ਵਿੱਚ ਤੈਨੂੰ ਸਮਝਾਵਾਂ ਤਾਂ

ਇੱਥੇ ਜੋ-ਜੋ ਗੁਨਾਹ ਕੀਤੇ ਉਹਨਾਂ ਦੀਆਂ ਕਲਮਾਂ ਨਾਲ ਆਉਣਗੀਆਂ। ਉਸ ਗੁਨਾਹ ਦੀ ਕਮਾਈ ਇੱਥੇ ਹੀ ਰਹਿ ਜਾਵੇਗੀ ਅਤੇ ਵਾਪਸ ਕੇਸ ਚੱਲੇਗਾ। ਕਲਮਾਂ ਦੇ ਹਿਸਾਬ ਨਾਲ ਨਵੀਂ ਦੇਹ ਪ੍ਰਾਪਤ ਕਰਕੇ ਫਿਰ ਤੋਂ ਨਵੇਂ ਸਿਰੇ ਤੋਂ ਕਮਾਈ ਕਰਕੇ ਉਧਾਰ ਚੁਕਾਉਣਾ ਪਵੇਗਾ। ਇਸ ਲਈ ਭਾਈ, ਪਹਿਲਾਂ ਹੀ ਸਿੱਧਾ ਹੋ ਜਾ ਨਾ! 'ਸਵਦੇਸ਼' ਵਿੱਚ ਤਾਂ ਬਹੁਤ ਸੁੱਖ ਹੈ। ਪਰ ਸਵਦੇਸ਼ ਦੇਖਿਆ ਹੀ ਨਹੀਂ ਨਾ!

**ਪ੍ਰਸ਼ਨਕਰਤਾ** : ਮਨੁੱਖ ਜਨਮ ਵਿੱਚ ਸਤ ਕਰਮ ਕਰਨ ਤੋਂ ਬਾਅਦ, ਉਸਦੇ ਮਰਨ ਤੋਂ ਬਾਅਦ, ਉਸ ਆਤਮਾ ਦੀ ਪਰਿਸਥਿਤੀ ਕਿਸ ਤਰ੍ਹਾਂ ਦੀ ਹੁੰਦੀ ਹੈ ?

**ਦਾਦਾਸ਼੍ਰੀ** : ਸਤ ਕਰਮ ਕਰੇ ਤਾਂ ਪੁੰਨ ਬੰਨ੍ਹਦਾ ਹੈ। ਉਹ ਕ੍ਰੈਡਿਟ ਹੁੰਦਾ ਹੈ, ਤਾਂ ਮਨੁੱਖੀ ਚੋਲੇ ਵਿੱਚ ਚੰਗੇ ਘਰ ਵਿੱਚ ਜਨਮ ਮਿਲਦਾ ਹੈ। ਰਾਜਾ ਬਣਦਾ ਹੈ ਜਾਂ ਪ੍ਰਧਾਨ ਮੰਤਰੀ ਬਣਦਾ ਹੈ ਜਾਂ ਉਸ ਤੋਂ ਵੀ ਜ਼ਿਆਦਾ ਸਤ ਕਰਮ ਕੀਤੇ ਹੋਣ ਤਾਂ ਦੇਵ ਗਤੀ ਵਿੱਚ ਜਾਂਦਾ ਹੈ। ਸਤ ਕਰਮ ਕਰੇ ਉਹ ਕ੍ਰੈਡਿਟ ਕਹਾਉਂਦਾ ਹੈ, ਉਹ ਫਿਰ ਕ੍ਰੈਡਿਟ ਭੋਗਣ ਜਾਂਦਾ ਹੈ ਅਤੇ ਮਾੜੇ ਕਰਮ ਕੀਤੇ ਹੋਣ, ਉਹ ਡੈਬਿਟ ਭੋਗਣ ਜਾਂਦਾ ਹੈ ਫਿਰ, ਦੋ ਪੈਰਾਂ ਵਿੱਚੋਂ ਚਾਰ ਪੈਰ ਹੋ ਜਾਂਦੇ ਹਨ! ਇਹ ਤੁਸੀਂ ਐੱਸ.ਈ. ਬਣੇ ਹੋ ਉਹ ਕ੍ਰੈਡਿਟ ਦੇ ਕਾਰਣ! ਅਤੇ ਡੈਬਿਟ ਹੋਵੇ ਤਾਂ ਮਿੱਲ ਵਿੱਚ ਨੌਕਰੀ ਕਰਨੀ ਪਵੇ। ਪੂਰਾ ਦਿਨ ਮਿਹਨਤ ਕਰੇ ਤਾਂ ਵੀ ਪੂਰਾ ਹੀ ਨਹੀਂ ਹੁੰਦਾ। ਇਸ ਲਈ ਇਹ ਕ੍ਰੈਡਿਟ-ਡੈਬਿਟ ਦੇ ਆਧਾਰ 'ਤੇ ਇਹ ਚਾਰ ਗਤੀਆਂ ਅਤੇ ਕ੍ਰੈਡਿਟ-ਡੈਬਿਟ ਉਤਪੰਨ ਨਹੀਂ ਹੋਇਆ ਤਾਂ ਮੋਕਸ਼ ਗਤੀ ਵਿੱਚ ਜਾਂਦਾ ਹੈ।

ਸਵਾਰਥ ਕਰਨ ਨਾਲ ਪਾਪ ਕਰਮ ਬੰਨ੍ਹਦੇ ਹਨ ਅਤੇ ਨਿਸਵਾਰਥ ਕਰਨ ਨਾਲ ਪੁੰਨ ਕਰਮ ਬੰਨ੍ਹਦਾ ਹੈ। ਪਰ ਦੋਵੇਂ ਹੀ ਕਰਮ ਹਨ ਨਾ ? ਪੁੰਨ ਕਰਮ ਦਾ ਫ਼ਲ ਸੋਨੇ ਦੀ ਬੇੜੀ ਹੈ ਅਤੇ ਪਾਪ ਕਰਮ ਦਾ ਫ਼ਲ ਲੋਹੇ ਦੀ ਬੇੜੀ ਹੈ। ਪਰ ਦੋਵੇਂ ਬੇੜੀਆਂ ਹੀ ਹਨ ਨਾ ?

## ਫ਼ਰਕ, ਸਵਰਗ ਅਤੇ ਮੋਕਸ਼ ਵਿੱਚ...

**ਪ੍ਰਸ਼ਨਕਰਤਾ** : ਸਵਰਗ ਅਤੇ ਮੋਕਸ਼ ਵਿੱਚ ਕੀ ਫ਼ਰਕ ਹੈ ?

**ਦਾਦਾਸ਼੍ਰੀ** : ਸਵਰਗ ਤਾਂ ਇੱਥੇ ਜੋ ਪੁੰਨ ਕਰਕੇ ਜਾਂਦੇ ਹਨ ਨਾ, ਪੁੰਨ ਮਤਲਬ ਚੰਗੇ ਕੰਮ ਕਰਦੇ ਹਨ, ਸ਼ੁੱਭ ਕੰਮ ਕਰਦੇ ਹਨ, ਯਾਨੀ ਕਿ ਲੋਕਾਂ ਨੂੰ ਦਾਨ ਦਿੰਦੇ ਹਨ, ਕਿਸੇ ਨੂੰ ਦੁੱਖ ਨਹੀਂ ਹੋਣ ਦਿੰਦੇ, ਕਿਸੇ ਦੀ ਮੱਦਦ ਕਰਦੇ ਹਨ, ਆਬਲਾਇਜ਼ਿੰਗ ਨੇਚਰ ਰੱਖਦੇ ਹਨ, ਇਹੋ ਜਿਹੇ ਕਰਮ ਨਹੀਂ ਕਰਦੇ ਹਨ ਲੋਕ ?

**ਪ੍ਰਸ਼ਨਕਰਤਾ :** ਕਰਦੇ ਹਨ।

**ਦਾਦਾਸ਼੍ਰੀ :** ਅਰਥਾਤ ਚੰਗੇ ਕੰਮ ਕਰੇ ਤਾਂ ਸਵਰਗ ਵਿੱਚ ਜਾਂਦਾ ਹੈ ਅਤੇ ਮਾੜੇ ਕੰਮ ਕਰੇ ਤਾਂ ਨਰਕ ਵਿੱਚ ਜਾਂਦਾ ਹੈ ਅਤੇ ਚੰਗੇ-ਮਾੜੇ ਕੰਮ ਮਿਕਸ ਕਰੇ ਪਰ ਉਸ ਵਿੱਚ ਮਾੜੇ ਕੰਮ ਘੱਟ ਕਰੇ, ਉਹ ਮਨੁੱਖ ਵਿੱਚ ਆਉਂਦਾ ਹੈ। ਇਸ ਤਰ੍ਹਾਂ ਚਾਰ ਭਾਗਾਂ ਵਿੱਚ ਕੰਮ ਕਰਨ ਦੇ ਫ਼ਲ ਮਿਲਦੇ ਰਹਿੰਦੇ ਹਨ ਅਤੇ ਕੰਮ ਕਰਨ ਵਾਲਾ ਕੋਈ ਵੀ ਮੋਕਸ਼ ਵਿੱਚ ਨਹੀਂ ਜਾ ਸਕਦਾ। ਮੋਕਸ਼ ਲਈ ਤਾਂ ਕਰਤਾ ਭਾਵ ਨਹੀਂ ਰਹਿਣਾ ਚਾਹੀਦਾ। ਆਤਮ ਗਿਆਨ ਮਿਲੇ ਉਦੋਂ ਕਰਤਾ ਭਾਵ ਟੁੱਟਦਾ ਹੈ ਅਤੇ ਕਰਤਾ ਭਾਵ ਟੁੱਟੇ ਤਾਂ ਮੋਕਸ਼ ਹੋ ਜਾਵੇ।

## ਪੁੰਨ ਦੇ ਫ਼ਲ ਕਿਹੋ ਜਿਹੇ ?

ਪੁੰਨ ਮਤਲਬ ਜਮ੍ਹਾਂ ਰਕਮ ਅਤੇ ਪਾਪ ਮਤਲਬ ਉਧਾਰ ਰਕਮ। ਜਮ੍ਹਾਂ ਰਕਮ ਜਿੱਥੇ ਖਰਚ ਕਰਨੀ ਹੋਵੇ ਉੱਥੇ ਖਰਚ ਕੀਤੀ ਜਾ ਸਕਦੀ ਹੈ। ਦੇਵ-ਦੇਵੀਆਂ ਨੂੰ ਨਜ਼ਰ ਕੈਦ ਹੁੰਦੀ ਹੈ ਪਰ ਉਹਨਾਂ ਨੂੰ ਵੀ ਮੋਕਸ਼ ਤਾਂ ਨਹੀਂ ਮਿਲਦਾ। ਤੁਹਾਡੇ ਘਰ ਵਿਆਹ ਹੋਵੇ ਅਤੇ ਤੁਸੀਂ ਸਭ ਕੁੱਝ ਭੁੱਲ ਜਾਂਦੇ ਹੋ, ਪੂਰਾ ਮੋਹ ਵਿੱਚ ਤਨਮਯ (ਏਕਾਕਾਰ) ਹੁੰਦੇ ਹੋ। ਆਈਸਕ੍ਰੀਮ ਖਾਓ ਤਾਂ ਜੀਭ ਖਾਣ ਵਿੱਚ ਹੁੰਦੀ ਹੈ, ਬੈਂਡ ਵੱਜੇ ਤਾਂ ਕੰਨ ਨੂੰ ਸੋਹਣਾ ਲੱਗਦਾ ਹੈ। ਅੱਖਾਂ ਦੂਲਹੇ ਰਾਜਾ ਨੂੰ ਦੇਖ ਰਹੀਆਂ ਹੁੰਦੀਆਂ ਹਨ, ਨੱਕ ਅਗਰਬੱਤੀ ਅਤੇ ਸੈਂਟ ਵਿੱਚ ਜਾਂਦੀ ਹੈ। ਇੰਝ ਪੰਜੇ ਇੰਦਰੀਆਂ ਕੰਮ ਵਿੱਚ ਲੱਗ ਜਾਂਦੀਆਂ ਹਨ। ਮਨ ਝੰਜਟ ਵਿੱਚ ਹੁੰਦਾ ਹੈ। ਇਹ ਸਭ ਹੋਵੇ, ਉੱਥੇ ਆਤਮਾ ਯਾਦ ਨਹੀਂ ਆਉਂਦਾ। ਉਸੇ ਤਰ੍ਹਾਂ ਦੇਵੀ-ਦੇਵਤਿਆਂ ਨੂੰ ਹਮੇਸ਼ਾ ਇੰਝ ਹੀ ਹੁੰਦਾ ਹੈ। ਇਸ ਤੋਂ ਅਨੇਕ ਗੁਣਾ ਵਿਸ਼ੇਸ਼ ਸੁੱਖ ਹੁੰਦਾ ਹੈ ਇਸ ਲਈ ਉਹ ਹੋਸ਼ ਵਿੱਚ ਹੀ ਨਹੀਂ ਹੁੰਦੇ। ਉਹਨਾਂ ਨੂੰ ਆਤਮਾ ਦਾ ਖਿਆਲ ਹੀ ਨਹੀਂ ਆਉਂਦਾ। ਪਰ ਦੇਵ ਗਤੀ ਵਿੱਚ ਵੀ ਕੜਾਪਾ-ਅਜੰਪਾ (ਬੇਚੈਨੀ) ਅਤੇ ਈਰਖਾ ਹੁੰਦੇ ਹਨ। ਦੇਵੀ-ਦੇਵਤੇ ਵੀ ਨਿਰੇ ਸੁੱਖਾਂ ਤੋਂ ਬੇਜ਼ਾਰ ਹੋ ਜਾਂਦੇ ਹਨ। ਉਹ ਕਿਸ ਤਰ੍ਹਾਂ ? ਚਾਰ ਦਿਨ ਵਿਆਹ ਵਿੱਚ ਰੋਜ਼ ਲੱਡੂ ਖਿਲਾਏ ਹੋਣ ਤਾਂ ਪੰਜਵੇਂ ਦਿਨ ਖਿਚੜੀ ਯਾਦ ਆਵੇ ਅਜਿਹਾ ਹੈ! ਉਹ ਲੋਕ ਵੀ ਇੱਛਾ ਕਰਦੇ ਹਨ ਕਿ ਕਦੋਂ ਮਨੁੱਖ ਦੇਹ ਮਿਲੇ ਅਤੇ ਭਰਤ ਖੇਤਰ ਵਿੱਚ ਚੰਗੇ ਸੰਸਕਾਰੀ ਪਰਿਵਾਰ ਵਿੱਚ ਜਨਮ ਹੋਵੇ ਅਤੇ ਗਿਆਨੀ ਪੁਰਖ ਨਾਲ ਮੁਲਾਕਾਤ ਹੋ ਜਾਵੇ। ਗਿਆਨੀ ਪੁਰਖ ਮਿਲਣ ਤਾਂ ਹੀ ਹੱਲ ਆਵੇ ਅਜਿਹਾ ਹੈ। ਨਹੀਂ ਤਾਂ ਚਾਰੇ ਗਤੀਆਂ ਦੀ ਭਟਕਣ ਤਾਂ ਹੈ ਹੀ।

# ਪਾਪ ਦੇ ਫ਼ਲ ਕਿਹੋ ਜਿਹੇ ?

ਆਤਮਾ ਦੇ ਉੱਪਰ ਇਹੋ ਜਿਹੀਆਂ ਪਰਤਾਂ ਹਨ, ਆਵਰਣ ਹਨ ਕਿ ਇੱਕ ਆਦਮੀ ਨੂੰ ਹਨੇਰੀ ਕੋਠਰੀ ਵਿੱਚ ਰੱਖੀਏ ਅਤੇ ਉਸ ਨੂੰ ਸਿਰਫ਼ ਦੋ ਵਕਤ ਦਾ ਖਾਣਾ ਦੇਈਏ ਅਤੇ ਫਿਰ ਜਿਸ ਦੁੱਖ ਦਾ ਅਨੁਭਵ ਹੁੰਦਾ ਹੈ, ਉਸ ਤਰ੍ਹਾਂ ਦੇ ਅਪਾਰ ਦੁੱਖ ਦਾ ਅਨੁਭਵ ਇਹਨਾਂ ਦਰਖਤਾਂ ਆਦਿ ਇੱਕ ਇੰਦਰੀ ਤੋਂ ਲੈ ਕੇ ਪੰਜ ਇੰਦਰੀ ਤੱਕ ਦੇ ਜੀਵਾਂ ਨੂੰ ਹੁੰਦਾ ਹੈ। ਇਹਨਾਂ ਪੰਜ ਇੰਦਰੀ ਵਾਲੇ ਮਨੁੱਖਾਂ ਨੂੰ ਇੰਨਾ ਦੁੱਖ ਹੈ, ਤਾਂ ਜਿਨ੍ਹਾਂ ਨੂੰ ਘੱਟ ਇੰਦਰੀਆਂ ਹਨ ਉਹਨਾਂ ਨੂੰ ਕਿੰਨਾ ਦੁੱਖ ਹੋਵੇਗਾ ? ਪੰਜਵੀਂ ਤੋਂ ਜ਼ਿਆਦਾ ਛੇਵੀਂ ਇੰਦਰੀ ਵਾਲਾ ਕੋਈ ਨਹੀਂ ਹੈ। ਇਹ ਦਰਖਤ ਅਤੇ ਜਾਨਵਰ ਤ੍ਰਿਅੰਚ ਗਤੀ ਹੈ। ਤਾਂ ਉਹਨਾਂ ਨੂੰ ਸਖਤ ਕੈਦ ਦੀ ਸਜ਼ਾ ਹੈ। ਇਹ ਮਨੁੱਖ ਗਤੀ, ਉਹ ਸਾਦੀ ਕੈਦ ਵਾਲਾ ਅਤੇ ਨਰਕ ਗਤੀ ਵਿੱਚ ਤਾਂ ਭਿਅੰਕਰ ਦੁੱਖ ਹਨ, ਉਹਨਾਂ ਦਾ ਜਿਸ ਤਰ੍ਹਾਂ ਹੈ ਉਸ ਤਰ੍ਹਾਂ ਵਰਣਨ ਕਰਾਂ ਤਾਂ ਸੁਣਦੇ ਹੀ ਮਨੁੱਖ ਮਰ ਜਾਵੇ। ਚੌਲ ਉਬਾਲ਼ੀਏ ਅਤੇ ਉਛਲਣ ਉਸ ਨਾਲੋਂ ਲੱਖ ਗੁਣਾ ਜ਼ਿਆਦਾ ਦੁੱਖ ਹੁੰਦਾ ਹੈ। ਇੱਕ ਜਨਮ ਵਿੱਚ ਪੰਜ-ਪੰਜ ਵਾਰ ਮਰਨ ਦੀ ਵੇਦਨਾ ਹੁੰਦੀ ਹੈ ਅਤੇ ਫਿਰ ਵੀ ਮੌਤ ਨਹੀਂ ਹੁੰਦੀ। ਉੱਥੇ ਦੇਹ ਪਾਰੇ ਵਰਗੀ ਹੁੰਦੀ ਹੈ। ਕਿਉਂਕਿ ਉਹਨਾਂ ਨੂੰ ਦੁੱਖ ਨੂੰ ਭੋਗਣਾ ਹੁੰਦਾ ਹੈ, ਇਸ ਲਈ ਮੌਤ ਨਹੀਂ ਹੁੰਦੀ। ਉਹਨਾਂ ਦੇ ਸਾਰੇ ਅੰਗ ਛਿੰਨ-ਭਿੰਨ ਹੁੰਦੇ ਹਨ ਅਤੇ ਫਿਰ ਜੁੜ ਜਾਂਦੇ ਹਨ। ਦਰਦ ਭੋਗਣਾ ਹੀ ਪੈਂਦਾ ਹੈ। ਨਰਕ ਗਤੀ ਯਾਨੀ ਉਮਰ ਕੈਦ ਦੀ ਸਜ਼ਾ।

# ਪਾਪ-ਪੁੰਨ ਦੇ ਗਲਨ ਦੇ ਸਮੇਂ...

ਪਾਪ ਦਾ ਪੂਰਣ ਕਰਦੇ ਹਨ ਨਾ, ਉਸਦਾ ਜਦੋਂ ਗਲਨ ਹੋਵੇਗਾ ਉਦੋਂ ਪਤਾ ਲੱਗੇਗਾ! ਉਦੋਂ ਤੇਰੇ ਛੱਕੇ ਛੁੱਟ ਜਾਣਗੇ। ਅੰਗਾਰਿਆਂ ਦੇ ਉੱਪਰ ਬੈਠੇ ਹੋ, ਇੰਝ ਲੱਗੇਗਾ!! ਪੁੰਨ ਦਾ ਪੂਰਣ ਕਰੇਗਾ ਉਦੋਂ ਪਤਾ ਲੱਗੇਗਾ ਕਿ ਕਿਹੋ ਜਿਹਾ ਹੋਰ ਹੀ ਤਰ੍ਹਾਂ ਦਾ ਮਜ਼ਾ ਆ ਰਿਹਾ ਹੈ। ਇਸ ਲਈ ਜਿਸ-ਜਿਸ ਦਾ ਪੂਰਣ ਕਰੋ ਉਹ ਦੇਖ-ਵਿਚਾਰ ਕੇ ਕਰਨਾ ਕਿ ਗਲਨ ਹੋਵੇ ਤਾਂ ਪਰਿਣਾਮ ਕਿਹੋ ਜਿਹਾ ਆਉਂਦਾ ਹੈ! ਪੂਰਣ ਕਰਦੇ ਸਮੇਂ ਲਗਾਤਾਰ ਖਿਆਲ ਰੱਖਣਾ ਕਿ, ਪਾਪ ਕਰਕੇ ਕਿਸੇ ਨੂੰ ਧੋਖਾ ਦੇ ਕੇ ਪੈਸਾ ਇਕੱਠਾ ਕਰਦੇ ਸਮੇਂ ਹਮੇਸ਼ਾ ਯਾਦ ਰੱਖਣਾ ਕਿ ਉਹ ਵੀ ਗਲਨ ਹੋਣ

ਵਾਲਾ ਹੈ। ਉਹ ਪੈਸਾ ਬੈਂਕ ਵਿੱਚ ਰੱਖੋਗੇ ਤਾਂ ਉਹ ਵੀ ਜਾਣ ਵਾਲਾ ਤਾਂ ਹੈ ਹੀ। ਉਸਦਾ ਵੀ ਗਲਨ ਤਾਂ ਹੋਵੇਗਾ ਹੀ ਅਤੇ ਉਹ ਪੈਸਾ ਇਕੱਠਾ ਕਰਦੇ ਸਮੇਂ ਜੋ ਪਾਪ ਕੀਤਾ, ਜੋ ਰੌਧਰ ਧਿਆਨ ਕੀਤਾ, ਤਾਂ ਉੱਪਰ ਤੋਂ ਉਸਦੀ ਦਫ਼ਾ ਨਾਲ ਆਉਣ ਵਾਲੀ ਹੈ ਅਤੇ ਜਦੋਂ ਉਸਦਾ ਗਲਨ ਹੋਵੇਗਾ ਉਦੋਂ ਤੇਰੀ ਕੀ ਦਸ਼ਾ ਹੋਵੇਗੀ ?

## ਪੁੰਨ ਪੂਰਾ ਹੋਵੇ ਉਹ ਅਲੱਗ ਕਰ ਦੇਵੇ ਗਿਆਨੀ ਤੋਂ...

ਪੁੰਨਿਆਈ ਦਾ ਸੁਭਾਅ ਕਿਹੋ ਜਿਹਾ ਹੈ ? ਖਰਚ ਹੋ ਜਾਂਦਾ ਹੈ। ਕਰੋੜਾਂ ਮਣ ਬਰਫ਼ ਹੋਵੇ ਪਰ ਉਸਦਾ ਸੁਭਾਅ ਕਿਹੋ ਜਿਹਾ ਹੁੰਦਾ ਹੈ ? ਪਿਘਲ ਜਾਵੇ ਉਸ ਤਰ੍ਹਾਂ ਦਾ।

ਤੇਰਾ ਸਾਡੇ ਨਾਲ ਦਾ ਸੰਜੋਗ ਪੁੰਨ ਦੇ ਆਧਾਰ 'ਤੇ ਹੈ। ਤੇਰਾ ਪੁੰਨ ਖਤਮ ਹੋ ਜਾਵੇ ਤਾਂ ਉਸ ਵਿੱਚ ਅਸੀਂ ਕੀ ਕਰੀਏ ? ਅਤੇ ਤੂੰ ਮੰਨ ਬੈਠੇਂ ਕਿ ਇਹੀ ਸੰਜੋਗ ਮੈਨੂੰ ਚਾਹੀਦਾ ਹੈ, ਫਿਰ ਕੀ ਹੋ ਸਕਦਾ ਹੈ ? ਮਾਰ ਖਾ ਜਾਵੇਂਗਾ। ਸਿਰ ਵੀ ਫੱਟ ਜਾਵੇਗਾ। ਜਿੰਨਾ ਮਿਲਿਆ ਓਨਾ ਲਾਭ। ਉਸਦੇ ਆਨੰਦ ਵਿੱਚ ਰਹਿਣਾ ਕਿ ਮੇਰਾ ਪੁੰਨ ਜਗਿਆ ਹੈ। ਤੂੰ ਇੰਝ ਮੰਨਦਾ ਹੈਂ ਕਿ ਇਹ ਮਨਚਾਹਾ ਸੰਜੋਗ ਮਿਲ ਜਾਵੇ ?

**ਪ੍ਰਸ਼ਨਕਰਤਾ** : ਇੰਝ ਨਹੀਂ।

**ਦਾਦਾਸ਼੍ਰੀ** : ਫਿਰ ? ਇਹ ਨਿਯਮ ਅਨੁਸਾਰ ਹੀ ਹੈ ਨਾ ? ਜਾਂ ਨਿਯਮ ਤੋਂ ਬਾਹਰ ਹੋਵੇਗਾ ?

**ਪ੍ਰਸ਼ਨਕਰਤਾ** : ਨਿਯਮ ਅਨੁਸਾਰ ਹੀ ਹੈ।

**ਦਾਦਾਸ਼੍ਰੀ** : ਉਸ ਤੋਂ ਬਾਅਦ ਮੰਨ ਬੈਠੀਏ ਤਾਂ ਕੀ ਹੋਵੇਗਾ ? ਉਹ ਤਾਂ ਕਦੇ ਪੁੰਨ ਜਾਗੇ ਤਾਂ ਮੇਰੇ ਨਾਲ ਭੇਂਟ (ਮੁਲਾਕਾਤ) ਹੋ ਜਾਂਦੀ ਹੈ। ਫਿਰ ਵਿਛੜਦਾ ਹੈ ਉਦੋਂ ਪਤਾ ਚੱਲ ਜਾਂਦਾ ਹੈ। ਇਸ ਲਈ ਵਿਛੜਨ ਦੀ ਸਥਿਤੀ ਵਿੱਚ ਅਨੁਭਵ ਕੀਤਾ ਹੋਵੇ ਤਾਂ ਫਿਰ ਹਰਜ਼ ਨਹੀਂ ਹੈ ਨਾ ਸਾਨੂੰ। ਭਗੌੜਾ ਵਿਰਤੀ ਨਾਲ ਕੀ ਕਰਮਾਂ ਤੋਂ ਛੁੱਟਿਆ ਜਾ ਸਕਦਾ ਹੈ ? ਮੈਂ ਬੜੌਦਾ ਵਿੱਚ ਹੋਵਾਂ, ਤੂੰ ਬੜੌਦਾ ਵਿੱਚ ਹੋਵੇਂ, ਫਿਰ ਵੀ ਕਰਮ ਮਿਲਣ ਨਹੀਂ ਦੇਣਗੇ! ਇਹ ਗਿਆਨ ਦਿੱਤਾ ਹੋਇਆ ਹੈ, ਜਿਸ ਸਮੇਂ ਜੋ ਆ ਮਿਲਿਆ ਉਹ 'ਵਿਵਸਥਿਤ' ਅਤੇ ਉਸਦਾ ਸਮਭਾਵ ਨਾਲ ਨਿਕਾਲ ਕਰ। ਬਸ, ਇੰਨੀ ਹੀ ਗੱਲ ਹੈ।

ਪੁੰਨ ਹੋਵੇ ਉਦੋਂ ਤੱਕ ਦਾਦਾ ਦੇ ਕੋਲ ਬੈਠਣ ਦਾ ਸਮਾਂ ਮਿਲ ਜਾਂਦਾ ਹੈ, ਉਸ ਪੁੰਨ ਦਾ ਉਪਕਾਰ ਮੰਨਣਾ ਚਾਹੀਦਾ ਹੈ। ਇਹ ਹਮੇਸ਼ਾ ਲਈ ਹੁੰਦਾ ਹੋਵੇਗਾ ਕਿਤੇ ? ਇਸ ਤਰ੍ਹਾਂ ਦੀ ਉਮੀਦ ਵੀ ਕਿਵੇਂ ਰੱਖੀ ਜਾਵੇ ?

## ਕੁਸੰਗ ਨਾਲ ਪਾਪ ਦਾ ਪ੍ਰਵੇਸ਼

ਇਸ ਦੁਨੀਆ ਵਿੱਚ ਸਭ ਤੋਂ ਵੱਡਾ ਪੁੰਨਸ਼ਾਲੀ ਕੌਣ ਹੈ ? ਜਿਸਨੂੰ ਕੁਸੰਗ ਨਾ ਛੂਹੇ। ਜਿਸਨੂੰ ਪਾਪ ਕਰਦੇ ਹੋਏ ਡਰ ਲੱਗਦਾ ਹੈ, ਉਹ ਵੱਡਾ ਗਿਆਨ ਕਹਾਉਂਦਾ ਹੈ!

ਕੁਸੰਗ ਨਾਲ ਪਾਪ ਦਾ ਪ੍ਰਵੇਸ਼ ਹੁੰਦਾ ਹੈ ਅਤੇ ਬਾਅਦ ਵਿੱਚ ਪਾਪ ਕੱਟਦਾ ਹੈ। ਉਸਨੂੰ ਜਿਵੇਂ ਹੀ ਫ਼ੁਰਸਤ ਮਿਲੇ ਉਦੋਂ ਕੁਸੰਗ ਮਿਲ ਜਾਂਦਾ ਹੈ, ਤਾਂ ਫਿਰ ਕੁਸੰਗ ਨਾਲ ਨਿੰਦਾ ਕਰਨਾ ਵੱਧ ਜਾਂਦਾ ਹੈ ਅਤੇ ਨਿੰਦਾ ਕਰਨ ਨਾਲ ਦਾਗ ਪੈ ਜਾਂਦੇ ਹਨ। ਇਹ ਜੋ ਸਾਰੇ ਦੁੱਖ ਹਨ, ਉਹ ਉਸਦੇ ਹੀ ਹਨ। ਸਾਨੂੰ ਕਿਸੇ ਬਾਰੇ ਵੀ ਬੋਲਣ ਦਾ ਕੀ ਅਧਿਕਾਰ ਹੈ ? ਸਾਨੂੰ ਆਪਣਾ ਦੇਖਣਾ ਹੈ। ਕੋਈ ਦੁਖੀ ਹੋਵੇ ਜਾਂ ਸੁਖੀ, ਪਰ ਸਾਨੂੰ ਉਸ ਨਾਲ ਕੀ ਲੈਣਾ-ਦੇਣਾ ? ਇਹ ਤਾਂ ਰਾਜਾ ਹੋਵੇ ਤਾਂ ਵੀ ਉਸਦੀ ਨਿੰਦਾ ਕਰਦੇ ਹਨ। ਖੁਦ ਨੂੰ ਕੁੱਝ ਵੀ ਲੈਣਾ-ਦੇਣਾ ਨਹੀਂ ਇਹੋ ਜਿਹੀ ਪਰਾਈ ਗੱਲ! ਉੱਪਰੋਂ ਦਵੇਸ਼ ਅਤੇ ਈਰਖਾ ਅਤੇ ਉਸਦੇ ਹੀ ਦੁੱਖ ਹਨ। ਭਗਵਾਨ ਕੀ ਕਹਿੰਦੇ ਹਨ ਕਿ ਵੀਤਰਾਗ ਹੋ ਜਾ। ਤੂੰ ਹੈ ਹੀ ਵੀਤਰਾਗ, ਇਹ ਰਾਗ-ਦਵੇਸ਼ ਕਿਸ ਲਈ ? ਤੂੰ ਨਾਮ ਵਿੱਚ ਪਵੇਂਗਾ ਤਾਂ ਰਾਗ-ਦਵੇਸ਼ ਹੈ ਨਾ ? ਅਤੇ ਅਨਾਮੀ ਹੋ ਜਾਵੇਂਗਾ ਤਾਂ ਵੀਤਰਾਗ ਹੋ ਗਿਆ!

## ਸਦਉਪਯੋਗ, ਆਤਮਾਰਥ ਦੇ ਲਈ ਹੀ...

ਇਸ ਤਰ੍ਹਾਂ ਹੈ ਨਾ, ਇਹ ਪੁੰਨ ਜਾਗਿਆ ਹੈ ਤਾਂ ਖਾਣਾ-ਪੀਣਾ ਸਭ ਘਰ ਬੈਠੇ ਆ ਮਿਲਦਾ ਹੈ ਇਸ ਲਈ ਇਹ ਟੀ.ਵੀ. ਦੇਖਣਾ ਹੈ, ਨਹੀਂ ਤਾਂ ਖਾਣ-ਪੀਣ ਦਾ ਟਿਕਾਣਾ ਨਾ ਹੋਵੇ ਤਾਂ ਪੂਰਾ ਦਿਨ ਮਿਹਨਤ ਕਰਨ ਜਾਈਏ ਜਾਂ ਟੀ.ਵੀ. ਦੇਖੀਏ ? ਯਾਨੀ ਕਿ ਇਸ ਪੁੰਨ ਦਾ ਦੁਰਉਪਯੋਗ ਕਰਦੇ ਹਨ। ਇਸ ਪੁੰਨ ਦਾ ਸਦਉਪਯੋਗ ਤਾਂ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਇਹ ਜੋ ਟਾਈਮ ਹੈ ਇਹ ਆਤਮਾ ਲਈ ਕੱਢਣਾ ਚਾਹੀਦਾ ਹੈ। ਫਿਰ ਵੀ ਟੀ.ਵੀ. ਦੇਖਣਾ ਹੀ ਨਹੀਂ ਅਜਿਹਾ ਆਗ੍ਰਹਿ ਨਹੀਂ ਹੈ, ਥੋੜ੍ਹੀ ਦੇਰ ਦੇਖ ਵੀ ਲਓ, ਪਰ ਉਸ ਵਿੱਚੋਂ ਰੁਚੀ ਕੱਢ ਦੇਣੀ ਚਾਹੀਦੀ ਹੈ ਸੋਚ ਕੇ ਕਿ ਇਹ ਗਲਤ ਹੈ।

# ਪਰਉਪਕਾਰ ਨਾਲ ਬੰਨ੍ਹੇ ਪੁੰਨ

**ਪ੍ਰਸ਼ਨਕਰਤਾ :** ਪੁੰਨ ਕਿਸ ਤਰ੍ਹਾਂ ਸੁਧਰਦੇ ਹਨ ?

**ਦਾਦਾਸ਼੍ਰੀ :** ਜੋ ਆਵੇ ਉਸਨੂੰ 'ਆਓ ਭਾਈ, ਬੈਠੋ।' ਇਹੋ ਜਿਹੀ ਆਓ-ਭਗਤ ਕਰੇ। ਆਪਣੇ ਕੋਲ ਚਾਹ ਹੋਵੇ ਤਾਂ ਚਾਹ ਅਤੇ ਨਹੀਂ ਤਾਂ ਜੋ ਹੋਵੇ ਉਹ, ਪਰਾਂਠੇ ਦਾ ਟੁਕੜਾ ਹੋਵੇ ਤਾਂ ਉਹ ਦੇ ਦਿਓ। ਪੁੱਛੋ ਕਿ, 'ਭਾਈ, ਥੋੜ੍ਹਾ ਪਰਾਂਠਾ ਲਓਗੇ ?' ਇਸ ਤਰ੍ਹਾਂ ਪ੍ਰੇਮ ਨਾਲ ਵਿਹਾਰ ਕਰੀਏ ਤਾਂ ਪੁੰਨ ਇਕੱਠਾ ਹੁੰਦਾ ਹੈ। ਪਰਾਏ ਲਈ ਕਰਨਾ, ਉਸਦਾ ਨਾਮ ਪੁੰਨ। ਘਰ ਦੇ ਬੱਚਿਆਂ ਲਈ ਤਾਂ ਹਰ ਕੋਈ ਕਰਦਾ ਹੈ।

**ਪ੍ਰਸ਼ਨਕਰਤਾ :** ਪੁੰਨ ਵਿੱਚ ਵਾਧਾ ਹੋਵੇ, ਉਸਦੇ ਲਈ ਕੀ ਕਰੀਏ ?

**ਦਾਦਾਸ਼੍ਰੀ :** ਪੂਰਾ ਦਿਨ ਲੋਕਾਂ ਉੱਤੇ ਉਪਕਾਰ ਹੀ ਕਰਦਾ ਰਹੇ। ਇਹ ਮਨੋਯੋਗ, ਬਾਣੀਯੋਗ ਅਤੇ ਦੇਹਯੋਗ ਲੋਕਾਂ ਦੇ ਲਈ ਖਰਚ ਕਰੇ, ਉਹ ਪੁੰਨ ਕਹਾਉਂਦਾ ਹੈ।

# ਪਾਪ-ਪੁੰਨ, ਪਤੀ-ਪਤਨੀ ਦੇ ਵਿੱਚ...

**ਪ੍ਰਸ਼ਨਕਰਤਾ :** ਪਤੀ-ਪਤਨੀ ਦੋਵੇਂ ਲਗਭਗ ਪੂਰਾ ਸਮਾਂ ਇਕੱਠੇ ਰਹਿੰਦੇ ਹਨ, ਉਹਨਾਂ ਦਾ ਵਿਹਾਰ ਯਾਨੀ ਉਹਨਾਂ ਦੇ ਕਰਮ ਵੀ ਇਕੱਠੇ ਬੰਨ੍ਹੇ ਹੋਏ ਹੁੰਦੇ ਹਨ, ਤਾਂ ਉਹਨਾਂ ਦੇ ਫ਼ਲ ਉਹਨਾਂ ਨੂੰ ਕਿਸ ਤਰ੍ਹਾਂ ਭੋਗਣੇ ਹੁੰਦੇ ਹਨ ?

**ਦਾਦਾਸ਼੍ਰੀ :** ਫ਼ਲ ਤਾਂ ਤੁਹਾਡਾ ਭਾਵ ਜਿਸ ਤਰ੍ਹਾਂ ਦਾ ਹੋਵੇਗਾ ਉਸ ਤਰ੍ਹਾਂ ਦਾ ਫ਼ਲ ਤੁਹਾਨੂੰ ਭੋਗਣਾ ਪੈਂਦਾ ਹੈ ਅਤੇ ਉਹਨਾਂ ਦਾ ਭਾਵ ਹੋਵੇ ਉਸ ਤਰ੍ਹਾਂ ਦਾ ਉਹਨਾਂ ਨੂੰ ਫ਼ਲ ਭੋਗਣਾ ਪੈਂਦਾ ਹੈ।

**ਪ੍ਰਸ਼ਨਕਰਤਾ :** ਕੀ ਇੰਝ ਹੁੰਦਾ ਹੈ ਕਿ ਪਤਨੀ ਦੇ ਪੁੰਨ ਨਾਲ ਪਤੀ ਦਾ ਚੱਲਦਾ ਹੈ ? ਕਹਿੰਦੇ ਹਨ ਨਾ ਪਤਨੀ ਦੇ ਪੁੰਨ ਨਾਲ, ਇਹ ਲੱਛਮੀ ਹੈ ਜਾਂ ਘਰ ਵਿੱਚ ਸਭ ਚੰਗਾ ਹੈ, ਕੀ ਇੰਝ ਹੁੰਦਾ ਹੈ ?

**ਦਾਦਾਸ਼੍ਰੀ :** ਉਹ ਤਾਂ ਆਪਣੇ ਲੋਕ, ਇੱਕ ਆਦਮੀ ਆਪਣੀ ਪਤਨੀ ਨੂੰ ਬਹੁਤ ਮਾਰਦਾ ਸੀ, ਤਾਂ ਉਸ ਨੂੰ ਸਮਝਾਇਆ ਕਿ ਭਾਈ, ਇਹ ਤੇਰੀ ਪਤਨੀ ਦਾ ਨਸੀਬ ਤਾਂ ਦੇਖ, ਕਿਸ ਲਈ ਮਾਰਦਾ ਹੈਂ ? ਉਸਦੇ ਪੁੰਨ ਦਾ ਤਾਂ ਤੂੰ ਖਾਂਦਾ ਹੈਂ। ਉਸ ਤੋਂ ਬਾਅਦ ਗੱਲ ਸ਼ੁਰੂ ਹੋ ਗਈ। ਜੀਵ ਮਾਤਰ ਖੁਦ ਦੇ ਪੁੰਨ ਦਾ ਹੀ ਖਾਂਦਾ ਹੈ। ਹਰ

ਕੋਈ ਖੁਦ ਦੇ ਪੁੰਨ ਦਾ ਹੀ ਭੋਗਦਾ ਹੈ। ਫਿਰ ਕਿਸੇ ਨੂੰ ਕੁੱਝ ਲੈਣਾ-ਦੇਣਾ ਹੀ ਨਹੀਂ ਹੈ। ਇੱਕ ਵਾਲ਼ ਜਿੰਨੀ ਵੀ ਝੰਜਟ ਨਹੀਂ ਹੈ।

**ਪ੍ਰਸ਼ਨਕਰਤਾ** : ਇੰਝ ਦਾਨ ਕਰੀਏ, ਕੋਈ ਸ਼ੁੱਭ ਕੰਮ ਕਰੀਏ, ਉਦਾਹਰਣ ਦੇ ਤੌਰ 'ਤੇ ਪੁਰਸ਼ ਦਾਨ ਕਰੇ, ਔਰਤ ਉਸ ਵਿੱਚ ਸਹਿਮਤ ਹੋਵੇ, ਉਸਦਾ ਸਹਿਯੋਗ ਹੋਵੇ, ਤਾਂ ਦੋਨਾਂ ਨੂੰ ਫ਼ਲ ਮਿਲਦਾ ਹੈ ?

**ਦਾਦਾਸ਼੍ਰੀ** : ਪੁਰਸ਼ ਅਰਥਾਤ ਕਰਨ ਵਾਲਾ ਅਤੇ ਸਹਿਯੋਗ ਹੋਵੇ ਅਰਥਾਤ ਕਰਤਾ ਪ੍ਰਤੀ ਅਨੁਮੋਦਨਾ ਕਰਨ ਵਾਲਾ। ਕਰਨ ਵਾਲਾ, ਕਰਵਾਉਣ ਵਾਲਾ ਅਤੇ ਕਰਤਾ ਪ੍ਰਤੀ ਅਨੁਮੋਦਨਾ ਕਰਨ ਵਾਲਾ, ਕਿਸੇ ਨੇ ਤੁਹਾਨੂੰ ਕਿਹਾ ਹੋਵੇ ਕਿ ਇਹ ਕਰਨਾ, ਕਰਨਾ ਚਾਹੀਦਾ ਹੈ, ਤਾਂ ਉਹ ਕਰਵਾਉਣ ਵਾਲਾ ਕਹਾਉਂਦਾ ਹੈ, ਤੁਸੀਂ ਕਰਨ ਵਾਲੇ ਕਹਾਉਂਦੇ ਹੋ ਅਤੇ ਔਰਤ ਇਤਰਾਜ਼ ਨਾ ਕਰੇ ਤਾਂ ਉਹ ਕਰਤਾ ਦੇ ਪ੍ਰਤੀ ਅਨੁਮੋਦਨਾ ਕਰਨ ਵਾਲੀ ਕਹਾਉਂਦੀ ਹੈ। ਇਹਨਾਂ ਸਭ ਨੂੰ ਪੁੰਨ ਪ੍ਰਾਪਤ ਹੁੰਦਾ ਹੈ। ਪਰ ਕਰਨ ਵਾਲੇ ਦੇ ਹਿੱਸੇ ਵਿੱਚ ਪੰਜਾਹ ਪ੍ਰਤੀਸ਼ਤ ਅਤੇ ਪੰਜਾਹ ਪ੍ਰਤੀਸ਼ਤ ਅਨੁਮੋਦਨਾ ਕਰਨ ਵਾਲੇ ਦੇ ਹਿੱਸੇ ਵਿੱਚ ਉਹਨਾਂ ਦੋ ਲੋਕਾਂ ਵਿੱਚ ਵੰਡ ਜਾਂਦਾ ਹੈ।

**ਪ੍ਰਸ਼ਨਕਰਤਾ** : ਭੈਣ ਜੀ ਕਹਿੰਦੀ ਹੈ ਕਿ ਸਾਨੂੰ ਪੱਚੀ ਪ੍ਰਤੀਸ਼ਤ ਦਿਓ, ਤਾਂ ਉਹ ਨਹੀਂ ਚੱਲੇਗਾ।

**ਦਾਦਾਸ਼੍ਰੀ** : ਫਿਰ ਖੁਦ ਕਰੋ। ਘਰ ਦੇ ਲੋਕ ਤਾਂ ਮਾਲਕ (ਪਤੀ) ਨੂੰ ਕਹਿੰਦੇ ਹਨ ਕਿ ਇਹ ਤੁਸੀਂ ਉਲਟਾ-ਸਿੱਧਾ ਕਰਕੇ ਪੈਸੇ ਲਿਆਓ ਤਾਂ ਉਸਦਾ ਪਾਪ ਤੁਹਾਨੂੰ ਲੱਗੇਗਾ, ਸਾਨੂੰ ਕੋਈ ਮਤਲਬ ਨਹੀਂ ਹੈ। ਸਾਨੂੰ ਇਹੋ ਜਿਹਾ ਨਹੀਂ ਚਾਹੀਦਾ। ਜੋ ਕਰੇ ਉਹ ਭੁਗਤੇ ਅਤੇ ਘਰ ਦੇ ਲੋਕ ਕਹਿੰਦੇ ਹਨ ਕਿ ਸਾਨੂੰ ਨਹੀਂ ਚਾਹੀਦਾ, ਯਾਨੀ ਉਹਨਾਂ ਨੇ ਅਨੁਮੋਦਨਾ ਨਹੀਂ ਕੀਤੀ ਇਸ ਲਈ ਉਸ ਤੋਂ ਮੁਕਤ ਹੋ ਗਏ ਅਤੇ ਇੰਝ ਕਰਨਾ' ਕਹਿਣ ਤਾਂ ਹਿੱਸੇਦਾਰ ਹੋ ਗਿਆ, ਪਾਰਟਨਰਸ਼ਿਪ ਕਰਨੀ ਹੋਵੇ ਤਾਂ ਆਪਣੀ ਮਰਜ਼ੀ ਦੀ ਗੱਲ ਹੈ। ਉਸ ਵਿੱਚ ਕਿਤੇ ਡੀਡ (ਲਿਖਿਤ) ਨਹੀਂ ਕਰਨੀ ਪੈਂਦੀ ਕਿ ਸਟੈਂਪ ਨਹੀਂ ਲਗਾਉਣੀ ਪੈਂਦੀ। ਬਿਨਾਂ ਸਟੈਂਪ ਦੇ ਚੱਲਦਾ ਹੈ।

## 'ਪਿਆਲੇ ਟੁੱਟਣ ਤਾਂ ਵੀ ਪੁੰਨ ਕਮਾਇਆ ?'

ਕੋਈ ਕਹੇਗਾ ਕਿ, 'ਮੈਨੂੰ ਗਿਆਨ ਨਹੀਂ ਮਿਲਿਆ ਹੈ, ਸਮਕਿਤ ਨਹੀਂ ਹੋਇਆ ਹਾਂ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ ? ਮੈਂ ਦੂਸਰਾ ਨੁਕਸਾਨ ਨਹੀਂ

ਸਹਿਣਾ ਹੈ!' ਤਾਂ ਮੈਂ ਉਸ ਨੂੰ ਕਹਿੰਦਾ ਹਾਂ ਕਿ, 'ਇਹ ਮੰਤਰ ਸਿੱਖ ਲੈ, ਕਿ ਜੇ ਪਿਆਲੇ ਟੁੱਟ ਜਾਣ ਤਾਂ ਕਹਿਣਾ ਕਿ, 'ਚੰਗਾ ਹੋਇਆ ਮਿਟਿਆ ਜੰਜਾਲ਼, ਹੁਣ ਨਵੇਂ ਪਿਆਲੇ ਲਿਆਊਂਗਾ।' ਤਾਂ ਉਸ ਨਾਲ ਪੁੰਨ ਬੰਨ੍ਹੇਗਾ। ਕਿਉਂਕਿ ਚਿੰਤਾ ਕਰਨ ਦੀ ਜਗ੍ਹਾ 'ਤੇ ਉਸਨੇ ਆਨੰਦ ਕੀਤਾ, ਇਸ ਲਈ ਪੁੰਨ ਬੰਨ੍ਹੇਗਾ। ਇੰਨਾ ਕੁ ਜ਼ਰਾ ਆ ਜਾਵੇ ਨਾ ਤਾਂ ਬਹੁਤ ਹੋ ਗਿਆ! ਮੈਨੂੰ ਬਚਪਨ ਤੋਂ ਹੀ ਇਹੋ ਜਿਹੀ ਸਮਝ ਸੀ, ਕਿਸੇ ਦਿਨ ਚਿੰਤਾ ਹੀ ਨਹੀਂ ਕੀਤੀ। ਇਸ ਤਰ੍ਹਾਂ ਦਾ ਕੁੱਝ ਹੋ ਜਾਵੇ ਤਾਂ ਉਸ ਘੜੀ ਇਹੋ ਜਿਹਾ ਕੁੱਝ ਅੰਦਰ ਆ ਹੀ ਜਾਂਦਾ ਸੀ। ਅਜਿਹਾ ਸਿਖਾਉਣ ਨਾਲ ਨਹੀਂ ਆਉਂਦਾ ਸੀ, ਪਰ ਫੌਰਨ ਹੀ ਹਾਜ਼ਰ ਜਵਾਬ ਸਭ ਆ ਹੀ ਜਾਂਦਾ ਸੀ।

## ਕਿਸ ਦੇ ਨਿਮਿਤ ਨਾਲ ਕਿਸ ਨੂੰ ਮਿਲਦਾ ਹੈ ?

**ਪ੍ਰਸ਼ਨਕਰਤਾ** : ਜਿਸਦੇ ਲਈ ਖਰਚ ਕੀਤਾ, ਉਸਦੇ ਹਿੱਸੇ ਵਿੱਚ ਪੁੰਨ ਜਾਂਦਾ ਹੈ ਨਾ ? ਨਾ ਕਿ ਕਰਨ ਵਾਲਿਆਂ ਨੂੰ। ਤੁਸੀਂ ਜਿਸਦੇ ਲਈ ਜੋ ਕੰਮ ਕਰਦੇ ਹੋ, ਉਸਦਾ ਫ਼ਲ ਉਸਨੂੰ ਮਿਲੇਗਾ ? ਅਸੀਂ ਜਿਸਦੇ ਲਈ ਜੋ ਕੰਮ ਕਰੀਏ, ਉਸਦਾ ਪੁੰਨ ਕਰੀਏ, ਉਹ ਉਸਨੂੰ ਮਿਲੇਗਾ, ਸਾਨੂੰ ਨਹੀਂ ਮਿਲੇਗਾ ? ਕਰੇ, ਉਸਨੂੰ ਨਹੀਂ ਮਿਲੇਗਾ ? ਇਸ ਵਿੱਚ ਸਹੀ ਕੀ ਹੈ ?

**ਦਾਦਾਸ਼੍ਰੀ** : ਅਸੀਂ ਕਰੀਏ ਅਤੇ ਦੂਸਰੇ ਨੂੰ ਮਿਲੇ ? ਇੰਝ ਸੁਣਿਆ ਹੈ ਕਦੇ ?

**ਪ੍ਰਸ਼ਨਕਰਤਾ** : ਉਸਦੇ ਨਿਮਿਤ ਨਾਲ ਅਸੀਂ ਕਰਦੇ ਹਾਂ ਨਾ ?

**ਦਾਦਾਸ਼੍ਰੀ** : ਉਸਦੇ ਨਿਮਿਤ ਨਾਲ ਅਸੀਂ ਕਰੀਏ ਨਾ, ਉਸਦੇ ਨਿਮਿਤ ਨਾਲ ਅਸੀਂ ਖਾਂਦੇ ਹੋਈਏ ਤਾਂ ਕੀ ਹਰਜ਼ ਹੈ ? ਨਹੀਂ, ਨਹੀਂ ਵੈਸਾ ਸਭ ਇਸ ਵਿੱਚ ਫ਼ਰਕ ਨਹੀਂ ਹੈ। ਇਹ ਤਾਂ ਬਨਾਵਟ ਕਰਕੇ ਲੋਕਾਂ ਨੂੰ ਉਲਟੇ ਰਸਤੇ 'ਤੇ ਚੜ੍ਹਾਉਂਦੇ ਹਨ, ਉਸਦੇ ਨਿਮਿਤ ਨਾਲ! ਉਸਨੂੰ ਨਾ ਖਾਣਾ ਹੋਵੇ ਅਤੇ ਅਸੀਂ ਖਾਈਏ ਤਾਂ ਕੀ ਹਰਜ਼ ਹੈ ? ਨਿਯਮ ਵਾਲਾ ਜਗਤ ਹੈ ਸਾਰਾ! ਤੁਸੀਂ ਕਰੋ ਤਾਂ ਤੁਹਾਨੂੰ ਹੀ ਭੁਗਤਣਾ ਪਵੇਗਾ। ਬਾਕੀ ਕਿਸੇ ਨੂੰ ਲੈਣਾ-ਦੇਣਾ ਨਹੀਂ ਹੈ।

## ਵਾਹ-ਵਾਹ ਵਿੱਚ ਖਰਚ ਹੋਇਆ ਪੁੰਨ

**ਪ੍ਰਸ਼ਨਕਰਤਾ** : ਇਹ ਦੱਸਦੇ ਹਨ, ਉਸ ਤਰ੍ਹਾਂ ਨਿਯਮ ਹੋਵੇ ਤਾਂ ਹੀਰਾ ਬਾ ਦੇ ਪਿੱਛੇ ਤੁਸੀਂ ਖਰਚ ਕੀਤਾ, ਤਾਂ ਤੁਹਾਨੂੰ ਪੁੰਨ ਮਿਲੇਗਾ।

**ਦਾਦਾਸ੍ਰੀ** : ਮੈਨੂੰ ਕੀ ਮਿਲੇਗਾ ? ਸਾਨੂੰ ਲੈਣਾ-ਦੇਣਾ ਨਹੀਂ ਹੈ। ਮੈਨੂੰ ਤਾਂ ਕੁੱਝ ਲੈਣਾ-ਦੇਣਾ ਹੀ ਨਹੀਂ ਹੈ ਨਾ! ਇਸ ਵਿੱਚ ਪੁੰਨ ਨਹੀਂ ਬੰਨ੍ਹਦਾ। ਇਹ ਤਾਂ ਪੁੰਨ ਭੋਗ ਲਿਆ ਜਾਂਦਾ ਹੈ। ਵਾਹ-ਵਾਹ ਹੋ ਜਾਂਦੀ ਹੈ।

ਜਾਂ ਫਿਰ ਕੋਈ ਖਰਾਬ ਕਰ ਜਾਵੇ ਤਾਂ ਕਹਿਣਗੇ, 'ਦੇਖੋ ਨਾ, ਵਿਗਾੜ ਦਿੱਤਾ ਸਭ।' ਇਸ ਲਈ ਇੱਥੇ ਦਾ ਇੱਥੇ ਹੀ ਮਿਲ ਜਾਂਦਾ ਹੈ। ਹਾਈ ਸਕੂਲ ਬਣਵਾਇਆ ਸੀ ਤਾਂ ਇੱਥੇ ਹੀ ਵਾਹ-ਵਾਹ ਹੋ ਗਈ। ਉੱਥੇ ਕੁੱਝ ਮਿਲੇਗਾ ਨਹੀਂ।

**ਪ੍ਰਸ਼ਨਕਰਤਾ** : ਸਕੂਲ ਤਾਂ ਬੱਚਿਆਂ ਲਈ ਬਣਵਾਇਆ, ਉਹ ਪੜ੍ਹਨ-ਲਿਖਣ, ਸਦ-ਵਿਚਾਰ ਉਤਪੰਨ ਹੋਣ।

**ਦਾਦਾਸ੍ਰੀ** : ਉਹ ਅਲੱਗ ਚੀਜ਼ ਹੈ। ਪਰ ਤੁਹਾਡੀ ਵਾਹ-ਵਾਹ ਹੋਈ, ਤਾਂ ਸਮਝ ਲਓ ਪੂਰਾ ਹੋ ਗਿਆ, ਖਰਚ ਹੋ ਗਿਆ।

## ਟੈਂਡਰ ਪਾਸ ਕਰਵਾਉਣ ਲਈ ਚਾਹੀਦੇ ਹਨ ਪੁੰਨ...

**ਪ੍ਰਸ਼ਨਕਰਤਾ** : ਇਹ ਸਭ ਲੋਕ ਲੱਛਮੀ ਦੇ ਪਿੱਛੇ ਬਹੁਤ ਦੌੜਦੇ ਹਨ। ਤਾਂ ਉਸਦਾ ਚਾਰਜ ਜ਼ਿਆਦਾ ਹੋਵੇਗਾ ਨਾ, ਤਾਂ ਉਹਨਾਂ ਨੂੰ ਅਗਲੇ ਜਨਮ ਵਿੱਚ ਲੱਛਮੀ ਜ਼ਿਆਦਾ ਮਿਲਣੀ ਚਾਹੀਦੀ ਹੈ ਨਾ ?

**ਦਾਦਾਸ੍ਰੀ** : ਸਾਨੂੰ ਲੱਛਮੀ ਧਰਮ ਦੇ ਰਸਤੇ 'ਤੇ ਖਰਚ ਕਰਨੀ ਚਾਹੀਦੀ ਹੈ, ਇੰਝ ਚਾਰਜ ਕੀਤਾ ਹੋਵੇ ਤਾਂ ਜ਼ਿਆਦਾ ਮਿਲੇਗੀ।

**ਪ੍ਰਸ਼ਨਕਰਤਾ** : ਪਰ ਇੰਝ ਮਨ ਵਿੱਚ ਭਾਵ ਕਰਦੇ ਰਹੀਏ ਕਿ ਮੈਨੂੰ ਲੱਛਮੀ ਮਿਲੇ, ਤਾਂ ਅਗਲੇ ਜਨਮ ਵਿੱਚ, ਅਜਿਹੇ ਭਾਵ ਕੀਤੇ ਉਹ ਚਾਰਜ ਕੀਤਾ, ਤਾਂ ਉਸਨੂੰ ਕੁਦਰਤ ਲੱਛਮੀ ਦੀ ਪੂਰਤੀ ਨਹੀਂ ਕਰੇਗੀ ?

**ਦਾਦਾਸ੍ਰੀ** : ਨਹੀਂ, ਨਹੀਂ। ਉਸ ਨਾਲ ਲੱਛਮੀ ਪ੍ਰਾਪਤ ਨਹੀਂ ਹੁੰਦੀ। ਇਹ ਲੱਛਮੀ ਮਿਲਣ ਦੇ ਜੋ ਭਾਵ ਕਰਦੇ ਹਨ ਨਾ, ਉਸ ਨਾਲ ਲੱਛਮੀ ਮਿਲਣ ਵਾਲੀ ਹੋਵੇਗੀ ਤਾਂ ਵੀ ਨਹੀਂ ਮਿਲਦੀ। ਉਲਟੇ ਅੰਤਰਾਏ ਪੈਂਦੇ ਹਨ। ਲੱਛਮੀ ਯਾਦ ਕਰਨ ਨਾਲ ਨਹੀਂ ਮਿਲਦੀ, ਉਹ ਪੁੰਨ ਕਰਨ ਨਾਲ ਮਿਲਦੀ ਹੈ।

'ਚਾਰਜ' ਮਤਲਬ ਪੁੰਨ ਦਾ ਚਾਰਜ ਕਰੇ ਤਾਂ ਲੱਛਮੀ ਮਿਲਦੀ ਹੈ। ਉਹ ਵੀ ਇਕੱਲੀ ਲੱਛਮੀ ਨਹੀਂ ਮਿਲਦੀ। ਪੁੰਨ ਦੇ ਚਾਰਜ ਵਿੱਚ ਜਿਸਦੀ ਇੱਛਾ ਹੁੰਦੀ ਹੈ ਕਿ ਮੈਨੂੰ ਲੱਛਮੀ ਦੀ ਬਹੁਤ ਜ਼ਰੂਰਤ ਹੈ, ਤਾਂ ਉਸਨੂੰ ਲੱਛਮੀ ਮਿਲਦੀ ਹੈ। ਕੋਈ

ਕਹੇਗਾ, ਮੈਨੂੰ ਤਾਂ ਸਿਰਫ਼ ਧਰਮ ਹੀ ਚਾਹੀਦਾ ਹੈ। ਤਾਂ ਸਿਰਫ਼ ਧਰਮ ਮਿਲ ਜਾਵੇਗਾ ਅਤੇ ਪੈਸਾ ਨਾ ਵੀ ਹੋਵੇ। ਯਾਨੀ ਉਸ ਪੁੰਨ ਦਾ ਅਸੀਂ ਟੈਂਡਰ ਭਰਿਆ ਹੋਇਆ ਹੋਵੇ ਕਿ ਇਸ ਤਰ੍ਹਾਂ ਦਾ ਮੈਨੂੰ ਚਾਹੀਦਾ ਹੈ। ਉਹ ਮਿਲਣ ਵਿੱਚ ਪੁੰਨ ਖਰਚ ਹੋ ਜਾਂਦਾ ਹੈ।

ਕੋਈ ਕਹੇਗਾ 'ਮੈਨੂੰ ਬੰਗਲੇ ਚਾਹੀਦੇ ਹਨ, ਗੱਡੀਆਂ ਚਾਹੀਦੀਆਂ ਹਨ, ਏਦਾਂ ਚਾਹੀਦਾ ਹੈ, ਓਦਾਂ ਚਾਹੀਦਾ ਹੈ।' ਤਾਂ ਪੁੰਨ ਉਸ ਵਿੱਚ ਖਰਚ ਹੋ ਜਾਵੇਗਾ। ਤਾਂ ਧਰਮ ਦੇ ਲਈ ਕੁੱਝ ਵੀ ਨਹੀਂ ਰਹੇਗਾ ਅਤੇ ਕੋਈ ਕਹੇਗਾ, ਮੈਨੂੰ ਧਰਮ ਹੀ ਚਾਹੀਦਾ ਹੈ। ਗੱਡੀਆਂ ਨਹੀਂ ਚਾਹੀਦੀਆਂ। ਮੈਨੂੰ ਤਾਂ ਦੋ ਕਮਰੇ ਹੋਣਗੇ ਤਾਂ ਵੀ ਚੱਲੇਗਾ, ਪਰ ਧਰਮ ਹੀ ਜ਼ਿਆਦਾ ਚਾਹੀਦਾ ਹੈ। ਤਾਂ ਉਸਨੂੰ ਧਰਮ ਜ਼ਿਆਦਾ ਮਿਲੇਗਾ ਅਤੇ ਦੂਸਰਾ ਸਭ ਘੱਟ ਮਿਲੇਗਾ। ਅਰਥਾਤ ਹਰ ਕੋਈ ਆਪਣੇ ਹਿਸਾਬ ਨਾਲ ਪੁੰਨ ਦਾ ਟੈਂਡਰ ਭਰਦਾ ਹੈ।

## ਦਾਨ ਮਤਲਬ ਬੀਜ ਕੇ ਵੱਢੋ

**ਪ੍ਰਸ਼ਨਕਰਤਾ** : ਆਤਮਾ ਅਤੇ ਦਾਨ ਦਾ ਕੋਈ ਸਬੰਧ ਨਹੀਂ ਹੈ ਤਾਂ ਫਿਰ ਇਹ ਦਾਨ ਕਰਨਾ ਜ਼ਰੂਰੀ ਹੈ ਜਾਂ ਨਹੀਂ ?

**ਦਾਦਾਸ਼੍ਰੀ** : ਦਾਨ ਮਤਲਬ ਕੀ ? ਕਿ ਦੇ ਕੇ ਲਓ। ਇਹ ਜਗਤ ਪ੍ਰਤੀਘੋਸ਼ ਸਰੂਪ ਹੈ। ਇਸ ਲਈ ਜੋ ਤੁਸੀਂ ਕਰੋਗੇ ਨਾ ਉਸ ਤਰ੍ਹਾਂ ਦਾ ਪ੍ਰਤੀਘੋਸ਼ ਆਵੇਗਾ। ਉਸਦੇ ਵਿਆਜ ਦੇ ਨਾਲ। ਇਸ ਲਈ ਤੁਸੀਂ ਦਿਓ ਅਤੇ ਲਓ। ਇਹ ਪਿਛਲੇ ਜਨਮ ਵਿੱਚ ਦਿੱਤਾ ਸੀ, ਚੰਗੇ ਕੰਮ ਵਿੱਚ ਪੈਸਾ ਖਰਚ ਕੀਤਾ ਸੀ, ਉਸ ਤਰ੍ਹਾਂ ਦਾ ਕੁੱਝ ਕੀਤਾ ਸੀ, ਉਸਦਾ ਸਾਨੂੰ ਫ਼ਲ ਮਿਲਿਆ ਹੈ। ਹੁਣ ਵਾਪਸ ਇਸ ਤਰ੍ਹਾਂ ਨਹੀਂ ਕਰਾਂਗੇ ਤਾਂ ਫਿਰ ਮਟੀਆਮੇਟ ਹੋ ਜਾਵੇਗਾ। ਅਸੀਂ ਖੇਤ ਵਿੱਚੋਂ ਕਣਕ ਤਾਂ ਲੈ ਆਏ ਚਾਰ ਸੌ ਮਣ, ਪਰ ਭਾਈ ਉਸ ਵਿੱਚੋਂ ਪੰਜਾਹ ਮਣ ਬੀਜਣ ਨਾ ਗਏ ਤਾਂ ਫਿਰ ?

**ਪ੍ਰਸ਼ਨਕਰਤਾ** : ਤਾਂ ਉੱਗੇਗਾ ਨਹੀਂ।

**ਦਾਦਾਸ਼੍ਰੀ** : ਇਸ ਤਰ੍ਹਾਂ ਹੀ ਹੈ ਇਹ ਸਭ। ਇਸ ਲਈ ਦੇਣਾ ਚਾਹੀਦਾ ਹੈ। ਇਸਦਾ ਪ੍ਰਤੀਘੋਸ਼ ਹੀ ਆਵੇਗਾ, ਵਾਪਸ ਆਵੇਗਾ, ਅਨੇਕ ਗੁਣਾ ਹੋ ਕੇ। ਪਿਛਲੇ ਜਨਮ ਵਿੱਚ ਦਿੱਤਾ ਸੀ ਇਸ ਲਈ ਤਾਂ ਅਮਰੀਕਾ ਵਿੱਚ ਆ ਸਕੇ, ਨਹੀਂ ਤਾਂ ਕੀ ਅਮਰੀਕਾ ਆਉਣਾ ਆਸਾਨ ਹੈ ? ਕਿੰਨੇ ਪੁੰਨ ਕੀਤੇ ਹੋਣ ਤਾਂ ਪਲੇਨ ਵਿੱਚ ਬੈਠਣ ਨੂੰ ਮਿਲਦਾ ਹੈ, ਕਿੰਨੇ ਹੀ ਲੋਕਾਂ ਨੇ ਪਲੇਨ ਦੇਖਿਆ ਤੱਕ ਨਹੀਂ ਹੈ!

**ਪ੍ਰਸ਼ਨਕਰਤਾ** : ਜਿਵੇਂ ਇੰਡੀਆ ਵਿੱਚ ਕਸਤੂਰਭਾਈ ਲਾਲਭਾਈ ਦੀ ਪੀੜ੍ਹੀ ਹੈ, ਤਾਂ ਉਹਨਾਂ ਦੀਆਂ ਦੋ, ਤਿੰਨ, ਚਾਰ ਪੀੜ੍ਹੀਆਂ ਤੱਕ ਪੈਸੇ ਚੱਲਦੇ ਰਹਿੰਦੇ ਹਨ, ਉਹਨਾਂ ਦੇ ਬੱਚਿਆਂ ਦੇ ਬੱਚਿਆਂ ਤੱਕ। ਜਦੋਂਕਿ ਇੱਥੇ ਅਮਰੀਕਾ ਵਿੱਚ ਕਿਸ ਤਰ੍ਹਾਂ ਹੈ ਕਿ ਪੀੜ੍ਹੀ ਹੁੰਦੀ ਹੈ, ਪਰ ਬਹੁਤ ਹੋਇਆ ਤਾਂ ਛੇ-ਅੱਠ ਸਾਲਾਂ ਵਿੱਚ ਸਭ ਖਤਮ ਹੋ ਜਾਂਦਾ ਹੈ, ਜਾਂ ਫਿਰ ਪੈਸੇ ਹੋਣ ਤਾਂ ਚਲੇ ਜਾਂਦੇ ਹਨ ਅਤੇ ਨਾ ਹੋਣ ਤਾਂ ਪੈਸੇ ਆ ਵੀ ਜਾਂਦੇ ਹਨ। ਤਾਂ ਉਸਦਾ ਕਾਰਣ ਕੀ ਹੋਵੇਗਾ ?

**ਦਾਦਾਸ਼੍ਰੀ** : ਇੰਝ ਹੈ ਨਾ, ਉੱਥੇ ਦਾ ਜੋ ਪੁੰਨ ਹੈ ਨਾ, ਇੰਡੀਆ ਦਾ ਪੁੰਨ, ਉਹ ਪੁੰਨ ਇੰਨਾ ਗਾੜ੍ਹਾ ਹੁੰਦਾ ਹੈ ਕਿ ਧੋਂਦੇ ਰਹੀਏ, ਫਿਰ ਵੀ ਜਾਂਦਾ ਨਹੀਂ ਅਤੇ ਪਾਪ ਵੀ ਇੰਨੇ ਗਾੜ੍ਹੇ ਹੁੰਦੇ ਹਨ ਕਿ ਧੋਂਦੇ ਰਹੀਏ, ਫਿਰ ਵੀ ਜਾਂਦੇ ਨਹੀਂ। ਇਸ ਲਈ ਵੈਸ਼ਣਵ ਹੋਵੇ ਜਾਂ ਜੈਨ ਹੋਵੇ, ਪਰ ਉਸਨੇ ਪੁੰਨ ਇੰਨੇ ਮਜ਼ਬੂਤ ਬੰਨ੍ਹੇ ਹੋਏ ਹੁੰਦੇ ਹਨ ਕਿ ਧੋਂਦੇ ਰਹੋ ਫਿਰ ਵੀ ਜਾਂਦੇ ਨਹੀਂ। ਜਿਵੇਂ ਕਿ ਪੇਟਲਾਦ ਦੇ ਦਾਤਾਰ ਸੇਠ, ਰਮਣਲਾਲ ਸੇਠ ਦੀਆਂ ਸੱਤ-ਸੱਤ ਪੀੜ੍ਹੀਆਂ ਤੱਕ ਸੰਪੰਨਤਾ (ਅਮੀਰੀ) ਰਹੀ। ਕਹੀਆਂ ਨਾਲ ਪੱਟ-ਪੱਟ ਕੇ ਧਨ ਦਿਆ ਕਰਦੇ ਸਨ ਲੋਕਾਂ ਨੂੰ, ਫਿਰ ਵੀ ਕਦੇ ਕਮੀ ਨਹੀਂ ਪਈ। ਉਹਨਾਂ ਨੇ ਪੁੰਨ ਜ਼ਬਰਦਸਤ ਬੰਨ੍ਹਿਆ ਸੀ, ਅਚੁੱਕ। ਅਤੇ ਪਾਪ ਵੀ ਇਹੋ ਜਿਹੇ ਅਚੁੱਕ ਬੰਨ੍ਹਦੇ ਹਨ, ਸੱਤ-ਸੱਤ ਪੀੜ੍ਹੀਆਂ ਤੱਕ ਗਰੀਬੀ ਨਹੀਂ ਜਾਂਦੀ। ਬੇਹੱਦ ਦੁੱਖ ਭੁਗਤਦੇ ਹਨ, ਅਰਥਾਤ ਐਕਸੈਸ ਵੀ ਹੁੰਦਾ ਹੈ ਅਤੇ ਮੀਡੀਅਮ ਵੀ ਰਹਿੰਦਾ ਹੈ।

ਇੱਥੇ ਅਮਰੀਕਾ ਵਿੱਚ ਤਾਂ ਉਫ਼ਨਦਾ ਵੀ ਹੈ ਅਤੇ ਫਿਰ ਬੈਠ ਵੀ ਜਾਂਦਾ ਹੈ ਅਤੇ ਫਿਰ ਉਫ਼ਨਦਾ ਵੀ ਹੈ। ਬੈਠ ਜਾਣ ਤੋਂ ਬਾਅਦ, ਫਿਰ ਤੋਂ ਵਾਪਸ ਉਫ਼ਨਦਾ ਹੈ। ਇੱਥੇ ਦੇਰ ਨਹੀਂ ਲੱਗਦੀ ਅਤੇ ਉੱਥੇ ਇੰਡੀਆ ਵਿੱਚ ਤਾਂ ਬੈਠ ਜਾਣ ਤੋਂ ਬਾਅਦ ਉਫ਼ਾਨ ਆਉਣ ਵਿੱਚ ਬਹੁਤ ਟਾਈਮ ਲੱਗਦਾ ਹੈ। ਇਸ ਲਈ ਉੱਥੇ ਤਾਂ ਸੱਤ-ਸੱਤ ਪੀੜ੍ਹੀਆਂ ਤੱਕ ਚੱਲਦਾ ਸੀ। ਪਰ ਹੁਣ ਪੁੰਨ ਘੱਟ ਗਏ ਹਨ। ਕਿਉਂਕਿ ਕੀ ਹੁੰਦਾ ਹੈ ? ਕਸਤੂਰਭਾਈ ਦੇ ਘਰ ਜਨਮ ਕੌਣ ਲਵੇਗਾ ? ਤਾਂ ਕਹੀਏ, ਇਹੋ ਜਿਹੇ ਪੁੰਨਸ਼ਾਲੀ ਜੋ ਉਹਨਾਂ ਵਰਗੇ ਹੀ ਹੋਣ, ਉਹ ਹੀ ਉੱਥੇ ਜਨਮ ਲੈਣਗੇ। ਫਿਰ ਉਹਨਾਂ ਦੇ ਉੱਥੇ ਕੌਣ ਜਨਮੇ ? ਓਦਾਂ ਦੇ ਹੀ ਪੁੰਨਸ਼ਾਲੀ ਉੱਥੇ ਜਨਮ ਲੈਂਦੇ ਹਨ। ਉੱਥੇ ਕਸਤੂਰਭਾਈ ਦਾ ਪੁੰਨ ਕੰਮ ਨਹੀਂ ਕਰਦਾ। ਉਹ ਫਿਰ ਦੂਸਰਾ ਉਸ ਤਰ੍ਹਾਂ ਦਾ ਆਇਆ ਹੋਵੇ ਨਾ ਤਾਂ ਫਿਰ ਉਸਦੇ ਪੁੰਨ। ਯਾਨੀ ਕਹਾਉਂਦੀ ਹੈ ਕਸਤੂਰ ਭਾਈ

ਦੀ ਪੀੜ੍ਹੀ, ਅਤੇ ਅੱਜ ਤਾਂ ਉਹੋ ਜਿਹੇ ਪੁੰਨਸ਼ਾਲੀ ਹੈ ਹੀ ਕਿੱਥੇ ? ਹੁਣ ਇਹਨਾਂ ਪਿਛਲੇ ਪੱਚੀ ਸਾਲਾਂ ਵਿੱਚ ਤਾਂ ਕੋਈ ਖਾਸ ਇਹੋ ਜਿਹਾ ਨਹੀਂ ਹੈ।

## ਦੋ ਨੰਬਰੀ ਧਨ ਦਾ ਦਾਨ...

**ਪ੍ਰਸ਼ਨਕਰਤਾ** : ਦੋ ਨੰਬਰ ਦੇ ਪੈਸਿਆਂ ਦਾ ਦਾਨ ਕਰੀਏ, ਤਾਂ ਉਹ ਨਹੀਂ ਚੱਲੇਗਾ ?

**ਦਾਦਾਸ਼੍ਰੀ** : ਦੋ ਨੰਬਰ ਦਾ ਦਾਨ ਨਹੀਂ ਚੱਲੇਗਾ। ਪਰ ਫਿਰ ਵੀ ਕੋਈ ਮਨੁੱਖ ਭੁੱਖਾ ਮਰ ਰਿਹਾ ਹੋਵੇ ਅਤੇ ਦੋ ਨੰਬਰ ਦਾ ਦਾਨ ਦੇਈਏ ਤਾਂ ਉਸਨੂੰ ਖਾਣ ਲਈ ਮਿਲੇਗਾ ਨਾ! ਦੋ ਨੰਬਰ ਵਿੱਚ ਕੁੱਝ ਖਾਸ ਨਿਯਮ ਦੇ ਅਨੁਸਾਰ ਪਰੇਸ਼ਾਨੀ ਆਉਂਦੀ ਹੈ, ਪਰ ਹੋਰ ਪਾਸੇ ਤੋਂ ਹਰਜ਼ ਨਹੀਂ ਹੁੰਦਾ। ਉਹ ਧਨ ਹੋਟਲ ਵਾਲੇ ਨੂੰ ਦੇਈਏ ਤਾਂ ਉਹ ਲਵੇਗਾ ਕਿ ਨਹੀਂ ਲਵੇਗਾ ?

**ਪ੍ਰਸ਼ਨ ਕਰਤਾ** : ਲੈ ਲਵੇਗਾ।

**ਦਾਦਾਸ਼੍ਰੀ** : ਹਾਂ, ਇੰਝ ਵਿਹਾਰ ਸ਼ੁਰੂ ਹੋ ਹੀ ਜਾਂਦਾ ਹੈ।

**ਪ੍ਰਸ਼ਨ ਕਰਤਾ** : ਧਰਮ ਵਿੱਚ ਦੋ ਨੰਬਰ ਦਾ ਪੈਸਾ ਹੈ, ਉਹ ਖਰਚ ਹੁੰਦਾ ਹੈ ਹੁਣ ਦੇ ਜ਼ਮਾਨੇ ਵਿੱਚ, ਤਾਂ ਕੀ ਉਸ ਨਾਲ ਲੋਕਾਂ ਨੂੰ ਪੁੰਨ ਦਾ ਉਪਾਰਜਨ (ਮਿਲਣਾ) ਹੁੰਦਾ ਹੈ ?

**ਦਾਦਾਸ਼੍ਰੀ** : ਬਿਲਕੁਲ ਹੁੰਦਾ ਹੈ ਨਾ! ਉਸਨੇ ਤਿਆਗ ਕੀਤਾ ਨਾ ਓਨਾ! ਆਪਣੇ ਕੋਲ ਆਏ ਹੋਏ ਦਾ ਤਿਆਗ ਕੀਤਾ ਨਾ! ਪਰ ਉਸ ਵਿੱਚ ਹੇਤੂ ਦੇ ਅਨੁਸਾਰ ਫਿਰ ਉਹ ਪੁੰਨ ਉਸ ਤਰ੍ਹਾਂ ਦਾ ਹੋ ਜਾਂਦਾ ਹੈ ਹੇਤੂਵਾਲਾ! ਇਹ ਪੈਸੇ ਦਿੱਤੇ, ਉਹ ਇੱਕ ਹੀ ਚੀਜ਼ ਨਹੀਂ ਦੇਖੀ ਜਾਂਦੀ। ਪੈਸਿਆਂ ਦਾ ਤਿਆਗ ਕੀਤਾ ਉਹ ਨਿਰਵਿਵਾਦ ਹੈ। ਬਾਕੀ ਪੈਸਾ ਕਿੱਥੋਂ ਆਇਆ, ਹੇਤੂ ਕੀ ਹੈ, ਇਹ ਸਾਰਾ ਪਲੱਸ-ਮਾਈਨਸ ਹੁੰਦੇ-ਹੁੰਦੇ ਜੋ ਬਾਕੀ ਰਹੇਗਾ, ਉਹ ਉਸਦਾ। ਉਸਦਾ ਹੇਤੂ ਕੀ ਹੈ ਕਿ ਸਰਕਾਰ ਲੈ ਜਾਵੇਗੀ, ਉਸਦੇ ਨਾਲੋਂ ਇਸ ਵਿੱਚ ਪਾ ਦਿਓ ਨਾ!

## ਸ਼ਾਸਤਰ ਵਾਂਚਨ, ਪਾਪ ਨਾਸ਼ ਕਰਦੇ ਹਨ ?

**ਪ੍ਰਸ਼ਨਕਰਤਾ** : ਸਤ ਸ਼ਾਸਤਰਾਂ ਦੇ ਪਠਨ ਨਾਲ ਪਾਪਾਂ ਦਾ ਨਾਸ਼ ਨਹੀਂ ਹੋ ਸਕਦਾ ?

**ਦਾਦਾਸ਼੍ਰੀ** : ਨਹੀਂ, ਉਸ ਨਾਲ ਪੁੰਨ ਜ਼ਰੂਰ ਬੰਨ੍ਹਦਾ ਹੈ। ਪਾਪਾਂ ਦਾ ਨਾਸ਼ ਨਹੀਂ ਹੁੰਦਾ। ਦੂਸਰਾ ਨਵਾਂ ਪੁੰਨ ਬੰਨ੍ਹਦਾ ਹੈ, ਉਹ ਪੁੰਨਿਆਨੁਬੰਧੀ ਪੁੰਨ ਕਹਾਉਂਦਾ ਹੈ। ਸਤ ਸ਼ਾਸਤਰ ਦਾ ਅਭਿਆਸ ਕਰਦੇ ਹਾਂ ਉਸ ਨਾਲ ਸਵਾਧਿਆਏ ਹੁੰਦਾ ਹੈ, ਉਸ ਨਾਲ ਚਿੱਤ ਦੀ ਇਕਾਗਰਤਾ, ਮਨ ਦੀ ਇਕਾਗਰਤਾ ਬਹੁਤ ਹੀ ਸੋਹਣੀ ਹੋ ਜਾਂਦੀ ਹੈ।

## ਪਾਪ ਧੋਤੇ ਜਾਣ, ਪ੍ਰਤੀਕ੍ਰਮਣ ਨਾਲ

**ਪ੍ਰਸ਼ਨਕਰਤਾ** : ਪਾਪ ਧੋਣਾ ਆਉਂਦਾ ਹੋਵੇ ਤਾਂ ?

**ਦਾਦਾਸ਼੍ਰੀ** : ਇਸ ਤਰ੍ਹਾਂ ਧੋਣਾ ਨਹੀਂ ਆਉਂਦਾ। ਗਿਆਨੀ ਪੁਰਖ ਜਦੋਂ ਤੱਕ ਰਸਤਾ ਨਾ ਦਿਖਾਉਣ ਉਦੋਂ ਤੱਕ ਪਾਪ ਧੋਣਾ ਨਹੀਂ ਆਉਂਦਾ ਹੈ। ਪਾਪ ਧੋਣਾ ਮਤਲਬ ਕੀ ? ਕਿ ਪ੍ਰਤੀਕ੍ਰਮਣ ਕਰਨਾ। ਅਤੀਕ੍ਰਮਣ ਅਰਥਾਤ ਪਾਪ ਕਹਾਉਂਦਾ ਹੈ। ਵਿਹਾਰ ਤੋਂ ਬਾਹਰ ਕੋਈ ਵੀ ਕਿਰਿਆ ਕੀਤੀ ਉਹ ਪਾਪ ਕਹਾਉਂਦਾ ਹੈ, ਅਤੀਕ੍ਰਮਣ ਕਹਾਉਂਦਾ ਹੈ। ਇਸ ਲਈ ਉਸਦਾ ਪ੍ਰਤੀਕ੍ਰਮਣ ਕਰਨਾ ਪੈਂਦਾ ਹੈ। ਤਾਂ ਕਿ ਉਹ ਸਾਰੇ ਪਾਪ ਧੋਤੇ ਜਾਣ, ਨਹੀਂ ਤਾਂ ਪਾਪ ਧੋਤੇ ਨਹੀਂ ਜਾਂਦੇ।

## ਨਹੀਂ ਹੁੰਦਾ ਕਦੇ ਪਛਤਾਵਾ ਬਨਾਵਟੀ

**ਦਾਦਾਸ਼੍ਰੀ** : ਇਸ ਤਰ੍ਹਾਂ ਦੇ ਤੁਸੀਂ ਕਿੰਨੇ ਪ੍ਰਤੀਕ੍ਰਮਣ ਕਰਦੇ ਹੋ ?

**ਪ੍ਰਸ਼ਨਕਰਤਾ** : ਕਿਸੇ ਨੂੰ ਦੁੱਖ ਹੋ ਜਾਵੇ ਤਾਂ ਤੁਰੰਤ ਪਛਤਾਵਾ ਕਰਦਾ ਹਾਂ।

**ਦਾਦਾਸ਼੍ਰੀ** : ਪਛਤਾਵਾ ਤਾਂ ਜੋ ਵੇਦਨਾ ਹੁੰਦੀ ਹੈ ਉਹ ਹੈ। ਪਛਤਾਵਾ ਪ੍ਰਤੀਕ੍ਰਮਣ ਨਹੀਂ ਕਹਾਉਂਦਾ। ਫਿਰ ਵੀ ਉਹ ਚੰਗਾ ਹੈ।

**ਪ੍ਰਸ਼ਨਕਰਤਾ** : ਇੱਕ ਪਾਸੇ ਪਾਪ ਕਰਦਾ ਰਹੇ ਅਤੇ ਇੱਕ ਪਾਸੇ ਪਛਤਾਵਾ ਕਰਦਾ ਰਹੇ। ਇੰਝ ਤਾਂ ਚੱਲਦਾ ਹੀ ਰਹੇਗਾ।

**ਦਾਦਾਸ਼੍ਰੀ** : ਉਸ ਤਰ੍ਹਾਂ ਨਹੀਂ ਹੁੰਦਾ। ਜੋ ਆਦਮੀ ਪਾਪ ਕਰੇ ਅਤੇ ਉਹ ਜੇ ਪਛਤਾਵਾ ਕਰੇ ਤਾਂ ਉਹ ਬਨਾਵਟੀ ਪਛਤਾਵਾ ਕਰ ਹੀ ਨਹੀਂ ਸਕਦਾ, ਅਤੇ ਸੱਚਾ ਹੀ ਪਛਤਾਵਾ ਹੁੰਦਾ ਹੈ। ਪਛਤਾਵਾ ਸੱਚਾ ਹੁੰਦਾ ਹੈ, ਇਸ ਲਈ ਉਸ ਤੋਂ ਬਾਅਦ ਪਿਆਜ਼ ਦੀ ਇੱਕ ਪਰਤ ਨਿਕਲ ਜਾਂਦੀ ਹੈ। ਫਿਰ ਪਿਆਜ਼ ਤਾਂ ਪੂਰੀ ਦੀ ਪੂਰੀ ਹੀ

ਦਿਸਦੀ ਹੈ ਵਾਪਸ। ਫਿਰ ਵਾਪਸ ਦੂਸਰੀ ਪਰਤ ਹਟਦੀ ਹੈ, ਪਛਤਾਵਾ ਕਦੇ ਵੀ ਬੇਕਾਰ ਨਹੀਂ ਜਾਂਦਾ। ਹਰ ਇੱਕ ਧਰਮ ਨੇ ਪਛਤਾਵਾ ਹੀ ਕਰਨਾ ਸਿਖਾਇਆ ਹੈ। ਕ੍ਰਿਸ਼ਚਨਾਂ ਨੇ ਵੀ ਪਛਤਾਵਾ ਹੀ ਕਰਨ ਨੂੰ ਕਿਹਾ ਹੈ।

## ਪਾਪਾਂ ਦਾ ਪ੍ਰਾਯਸ਼ਚਿਤ ਕਿਸ ਤਰ੍ਹਾਂ ?

**ਪ੍ਰਸ਼ਨਕਰਤਾ** : ਆਪਣੇ ਕੀਤੇ ਹੋਏ ਪਾਪ ਭਗਵਾਨ ਦੇ ਮੰਦਰ ਵਿੱਚ ਜਾ ਕੇ ਹਰ ਐਤਵਾਰ ਨੂੰ ਕਬੂਲ ਕਰ ਲਏ ਹੋਣ ਤਾਂ ਫਿਰ ਪਾਪ ਮਾਫ਼ ਹੋ ਜਾਣਗੇ ਨਾ ?

**ਦਾਦਾਸ਼੍ਰੀ** : ਇਸ ਤਰ੍ਹਾਂ ਜੇ ਪਾਪ ਧੋਤੇ ਜਾਂਦੇ ਤਾਂ ਕੋਈ ਬਿਮਾਰ ਹੁੰਦਾ ਹੀ ਨਾ ? ਫਿਰ ਤਾਂ ਕੋਈ ਦੁੱਖ ਹੁੰਦਾ ਹੀ ਨਹੀਂ ਨਾ ? ਪਰ ਇਹ ਤਾਂ ਅਪਾਰ ਦੁੱਖ ਪੈਂਦੇ ਹਨ। ਮਾਫ਼ੀ ਮੰਗਣ ਦਾ ਅਰਥ ਕੀ ਹੈ ਕਿ ਤੁਸੀਂ ਮਾਫ਼ੀ ਮੰਗੋ ਤਾਂ ਤੁਹਾਡੇ ਪਾਪ ਦੀ ਜੜ੍ਹ ਸੜ ਜਾਂਦੀ ਹੈ। ਇਸ ਲਈ ਫਿਰ ਉਹ ਉੱਗਦਾ ਨਹੀਂ ਹੈ, ਪਰ ਉਸਦਾ ਫ਼ਲ ਤਾਂ ਭੋਗਣਾ ਹੀ ਪਵੇਗਾ ਨਾ!

**ਪ੍ਰਸ਼ਨਕਰਤਾ** : ਕਈ ਜੜ੍ਹਾਂ ਤਾਂ ਵਾਪਸ ਫਿਰ ਤੋਂ ਨਿਕਲਦੀਆਂ ਹਨ।

**ਦਾਦਾਸ਼੍ਰੀ** : ਚੰਗੀ ਤਰ੍ਹਾਂ ਸੜਿਆ ਨਾ ਹੋਵੇ ਤਾਂ ਫਿਰ ਤੋਂ ਨਿਕਲਦਾ ਰਹੇਗਾ। ਬਾਕੀ, ਮੂਲ ਚਾਹੇ ਜਿੰਨਾ ਸੜ ਗਿਆ ਹੋਵੇ ਪਰ ਫ਼ਲ ਤਾਂ ਭੁਗਤਣੇ ਹੀ ਪੈਂਦੇ ਹਨ। ਭਗਵਾਨ ਨੂੰ ਵੀ ਭੁਗਤਣੇ ਪਏ ਸਨ! ਕ੍ਰਿਸ਼ਨ ਭਗਵਾਨ ਨੂੰ ਵੀ ਇੱਥੇ (ਪੈਰ ਵਿੱਚ) ਤੀਰ ਲੱਗਿਆ ਸੀ। ਉਸ ਵਿੱਚ ਕੁੱਝ ਨਹੀਂ ਹੋ ਸਕਦਾ। ਮੈਨੂੰ ਵੀ ਭੁਗਤਣਾ ਪੈਂਦਾ ਹੈ!

ਹਰ ਇੱਕ ਧਰਮ ਵਿੱਚ ਮਾਫ਼ੀ (ਖ਼ਿਮਾ) ਦਾ ਸਥਾਨ ਹੈ। ਕ੍ਰਿਸ਼ਚਨ, ਮੁਸਲਿਮ, ਹਿੰਦੂ ਸਭ ਵਿੱਚ ਹੈ। ਪਰ ਅਲੱਗ-ਅਲੱਗ ਤਰ੍ਹਾਂ ਹੁੰਦਾ ਹੈ।

**ਪ੍ਰਸ਼ਨਕਰਤਾ** : ਪਾਦਰੀ ਵੀ ਕਹਿੰਦੇ ਹਨ ਕਿ ਸਾਡੇ ਕੋਲ ਕਨਫੈਸ਼ਨ (ਕਬੂਲ) ਕਰ ਜਾਓ ਤਾਂ ਸਭ ਪਾਪਾਂ ਦਾ ਨਾਸ਼ ਹੋ ਜਾਵੇਗਾ।

**ਦਾਦਾਸ਼੍ਰੀ** : ਇੰਝ ਕਨਫੈੱਸ ਕਰਨਾ ਕੀ ਆਸਾਨ ਹੈ ? ਕੀ ਤੁਹਾਡੇ ਤੋਂ ਕਨਫੈਸ਼ਨ ਹੋਵੇਗਾ ? ਉਹ ਤਾਂ ਹਨੇਰੀ ਰਾਤ ਵਿੱਚ ਹਨੇਰੇ ਵਿੱਚ ਕਰਦੇ ਹਨ, ਉਹ ਆਦਮੀ ਉਜਾਲੇ ਵਿੱਚ ਮੂੰਹ ਨਹੀਂ ਦਿਖਾਉਂਦਾ। ਕਹੇਗਾ, ਰਾਤ ਨੂੰ ਹਨੇਰਾ ਹੋਵੇਗਾ ਤਾਂ ਕਨਫੈਸ਼ਨ ਕਰੂੰਗਾ। ਮੇਰੇ ਕੋਲ ਤਾਂ ਚਾਲੀ ਹਜ਼ਾਰ ਲੋਕਾਂ ਨੇ, ਲੜਕੀਆਂ ਨੇ ਵੀ ਉਹਨਾਂ ਦਾ ਸਭ ਕੁੱਝ ਕਨਫੈਸ਼ਨ ਕੀਤਾ ਹੋਇਆ ਹੈ। ਇੱਕ-ਇੱਕ ਚੀਜ਼ ਕਨਫੈੱਸ

ਕੀਤੀ ਹੈ। ਇੰਝ ਲਿਖ ਕੇ ਦੇ ਦਿੱਤਾ ਹੈ। ਖੁੱਲ੍ਹੇਆਮ ਕਨਫੈੱਸ ਕੀਤਾ ਹੈ, ਤਾਂ ਫਿਰ ਪਾਪ ਨਾਸ਼ ਹੋ ਹੀ ਜਾਣਗੇ ਨਾ ? ਕਨਫੈੱਸ ਕਰਨਾ ਆਸਾਨ ਨਹੀਂ ਹੈ।

**ਪ੍ਰਸ਼ਨਕਰਤਾ** : ਅਰਥਾਤ ਇਹ ਪ੍ਰਤੀਕ੍ਰਮਣ ਕਰਦੇ ਹਨ ਅਤੇ ਉਹ ਕਨਫੈੱਸ, ਦੋਵੇਂ ਇੱਕ ਸਮਾਨ ਹੀ ਹੋਏ ਨਾ ਫਿਰ ?

**ਦਾਦਾਸ਼੍ਰੀ** : ਨਹੀਂ, ਉਹ ਇੱਕ ਸਮਾਨ ਨਹੀਂ ਹੋਇਆ। ਪ੍ਰਤੀਕ੍ਰਮਣ ਤਾਂ, ਅਤੀਕ੍ਰਮਣ ਹੋ ਜਾਵੇ ਅਤੇ ਫਿਰ ਧੋਂਦੇ ਰਹੇ ਅਤੇ ਵਾਪਸ ਦਾਗ ਪਵੇ ਤਾਂ ਵਾਪਸ ਧੋਵੇ ਅਤੇ ਪਾਪ ਕਨਫੈੱਸ ਕਰਨਾ, ਜ਼ਾਹਿਰ ਕਰਨਾ, ਉਹ ਦੋਵੇਂ ਅਲੱਗ ਚੀਜ਼ਾਂ ਹਨ।

**ਪ੍ਰਸ਼ਨਕਰਤਾ** : ਪ੍ਰਤੀਕ੍ਰਮਣ ਅਤੇ ਪਸ਼ਚਾਤਾਪ ਵਿੱਚ ਕੀ ਫ਼ਰਕ ਹੈ ?

**ਦਾਦਾਸ਼੍ਰੀ** : ਪਸ਼ਚਾਤਾਪ ਬਿਨਾਂ ਨਾਮ ਨਿਰਦੇਸ਼ ਦੇ ਹੈ। ਕ੍ਰਿਸ਼ਚਨ ਐਤਵਾਰ ਨੂੰ ਚਰਚ ਵਿੱਚ ਪਸ਼ਚਾਤਾਪ ਕਰਦੇ ਹਨ। ਜੋ ਪਾਪ ਕੀਤੇ ਉਹਨਾਂ ਦਾ ਸਮੂਹਿਕ ਪਸ਼ਚਾਤਾਪ ਕਰਦੇ ਹਨ ਅਤੇ ਪ੍ਰਤੀਕ੍ਰਮਣ ਤਾਂ ਕਿਸ ਤਰ੍ਹਾਂ ਹੈ ਕਿ, ਜਿਸਨੇ ਗੋਲ਼ੀ ਮਾਰੀ, ਜਿਸਨੇ ਅਤੀਕ੍ਰਮਣ ਕੀਤਾ, ਉਹ ਪ੍ਰਤੀਕ੍ਰਮਣ ਕਰੇ, ਉਸੇ ਵਕਤ! 'ਸ਼ੂਟ ਆਨ ਸਾਈਟ' (ਦੇਖਦੇ ਹੀ ਗੋਲ਼ੀ ਮਾਰਨਾ) ਉਸਨੂੰ ਧੋ ਦੇਵੇ। ਉਹ ਭਾਵ ਪ੍ਰਤੀਕ੍ਰਮਣ ਕਹਾਉਂਦਾ ਹੈ।

## ਪਛਤਾਵੇ ਨਾਲ ਘਟੇ ਦੰਡ

**ਪ੍ਰਸ਼ਨਕਰਤਾ** : ਪਾਪ ਨੂੰ ਨਿਰਮੂਲ ਕਰਨ ਲਈ ਤਾਂ ਉੱਤਮ ਮਾਰਗ ਪ੍ਰਾਯਸ਼ਚਿਤ ਹੈ। ਇਹ ਬਹੁਤ ਵਧੀਆ ਗੱਲ ਹੈ, ਅਜਿਹਾ ਪੁਰਾਣਾਂ ਵਿੱਚ ਸਤਪੁਰਸ਼ਾਂ ਨੇ ਕਿਹਾ ਹੈ। ਕੀ ਖ਼ੂਨੀ ਆਦਮੀ ਖ਼ੂਨ ਕਰਨ ਤੋਂ ਬਾਅਦ ਪਛਤਾਵਾ ਕਰੇ ਤਾਂ ਉਸਨੂੰ ਮਾਫ਼ੀ ਮਿਲ ਸਕਦੀ ਹੈ ?

**ਦਾਦਾਸ਼੍ਰੀ** : ਖ਼ੂਨੀ ਆਦਮੀ ਖ਼ੂਨ ਕਰਨ ਤੋਂ ਬਾਅਦ ਖੁਸ਼ ਹੋਵੇ ਤਾਂ, ਉਸਦੀ ਜੋ ਸਜ਼ਾ ਬਾਰਾਂ ਮਹੀਨੇ ਦੀ ਹੋਣ ਵਾਲੀ ਸੀ, ਤਾਂ ਉਹ ਤਿੰਨ ਸਾਲ ਦੀ ਹੋ ਜਾਂਦੀ ਹੈ, ਅਤੇ ਖ਼ੂਨੀ ਆਦਮੀ ਖ਼ੂਨ ਕਰਨ ਤੋਂ ਬਾਅਦ ਪਛਤਾਵਾ ਕਰੇ ਤਾਂ ਬਾਰਾਂ ਮਹੀਨੇ ਦੀ ਜੋ ਸਜ਼ਾ ਹੋਣ ਵਾਲੀ ਹੁੰਦੀ ਹੈ, ਉਹ ਛੇ ਮਹੀਨੇ ਦੀ ਹੋ ਜਾਂਦੀ ਹੈ। ਕੋਈ ਵੀ ਗਲਤ ਕੰਮ ਕਰਕੇ ਫਿਰ ਖੁਸ਼ ਹੋਵੋਗੇ ਤਾਂ ਉਹ ਕੰਮ ਤਿੰਨ ਗੁਣਾ ਫ਼ਲ ਦੇਵੇਗਾ। ਕੰਮ ਕਰਨ ਤੋਂ ਬਾਅਦ ਪਛਤਾਵਾ ਕਰੋਗੇ ਕਿ ਗਲਤ ਕੰਮ ਕੀਤਾ ਤਾਂ ਸਜ਼ਾ ਘੱਟ ਹੋ ਜਾਵੇਗੀ।

# ਗਿਆਨੀ ਦੇ ਗਿਆਨ ਨਾਲ, ਨਿਪਟਾਰਾ ਕਰਮਾਂ ਤੋਂ !

**ਪ੍ਰਸ਼ਨਕਰਤਾ** : ਕਈ ਵਾਰੀ ਵਿਹਾਰ ਵਿੱਚ ਅਲੱਗ-ਅਲੱਗ ਤਰ੍ਹਾਂ ਦੇ ਕਰਮ ਕਰਨੇ ਪੈਂਦੇ ਹਨ, ਜਿਹਨਾਂ ਨੂੰ ਬੁਰੇ ਕਰਮ ਜਾਂ ਪਾਪ ਕਰਮ ਕਹਿੰਦੇ ਹਨ। ਤਾਂ ਉਹਨਾਂ ਪਾਪ ਕਰਮਾਂ ਤੋਂ ਕਿਵੇਂ ਬਚਿਆ ਜਾਵੇ ?

**ਦਾਦਾਸ਼੍ਰੀ** : ਪਾਪ ਕਰਮ ਦੇ ਸਾਹਮਣੇ ਉਸਨੂੰ ਜਿੰਨਾ ਗਿਆਨ ਹੋਵੇਗਾ, ਉਹ ਗਿਆਨ ਹੈਲਪ ਕਰੇਗਾ। ਸਾਨੂੰ ਇੱਥੋਂ ਸਟੇਸ਼ਨ ਜਾਣਾ ਹੋਵੇ, ਤਾਂ ਸਟੇਸ਼ਨ ਜਾਣ ਦਾ ਗਿਆਨ ਸਾਨੂੰ ਹੋਵੇ ਤਾਂ ਉਹ ਸਾਨੂੰ ਪਹੁੰਚਾਵੇਗਾ। ਪਾਪ ਕਰਮਾਂ ਤੋਂ ਕਿਸ ਤਰ੍ਹਾਂ ਬਚਿਆ ਜਾਵੇ। ਯਾਨੀ ਗਿਆਨ ਜਿੰਨਾ ਹੋਵੇਗਾ ਇਸ ਵਿੱਚ, ਕਿਤਾਬਾਂ ਵਿੱਚ ਗਿਆਨ ਜਾਂ ਹੋਰ ਕਿਸੇ ਦੇ ਕੋਲ ਗਿਆਨ ਨਹੀਂ ਹੁੰਦਾ। ਉਹ ਤਾਂ ਵਿਹਾਰਿਕ ਗਿਆਨ ਹੁੰਦਾ ਹੈ। ਨਿਸ਼ਚੈ ਗਿਆਨ ਸਿਰਫ਼ ਗਿਆਨੀਆਂ ਕੋਲ ਹੁੰਦਾ ਹੈ। ਕਿਤਾਬਾਂ ਵਿੱਚ ਉਹ ਨਿਸ਼ਚੈ ਗਿਆਨ ਨਹੀਂ ਹੁੰਦਾ। ਗਿਆਨੀਆਂ ਦੇ ਹਿਰਦੇ ਵਿੱਚ ਲੁਕਿਆ ਹੋਇਆ ਹੁੰਦਾ ਹੈ। ਉਹ ਨਿਸ਼ਚੈ ਗਿਆਨ ਜਦੋਂ ਅਸੀਂ ਬਾਣੀ ਦੇ ਰੂਪ ਵਿੱਚ ਸੁਣਦੇ ਹਾਂ ਉਦੋਂ ਸਾਡਾ ਨਿਬੇੜਾ ਆਵੇਗਾ। ਨਹੀਂ ਤਾਂ ਕਿਤਾਬਾਂ ਵਿੱਚ ਵਿਵਹਾਰਿਕ ਗਿਆਨ ਹੁੰਦਾ ਹੈ, ਉਹ ਵੀ ਕਈ ਸਪਸ਼ਟੀਕਰਣ ਦੇ ਸਕਦਾ ਹੈ। ਉਸ ਨਾਲ ਬੁੱਧੀ ਵੱਧਦੀ ਹੈ। ਮਤੀ ਗਿਆਨ ਵੱਧਦਾ ਜਾਂਦਾ ਹੈ। ਸ਼ਰੁਤੀ (ਸੁਣਨਾ) ਗਿਆਨ ਨਾਲ ਮਤੀ ਗਿਆਨ ਵੱਧਦਾ ਹੈ ਅਤੇ ਪਾਪ ਤੋਂ ਕਿਵੇਂ ਛੁੱਟੀਏ ਇਸਦਾ ਨਿਬੇੜਾ ਮਤੀ ਗਿਆਨ ਲਿਆਉਂਦਾ ਹੈ। ਬਾਕੀ ਹੋਰ ਕੋਈ ਉਪਾਅ ਹੈ ਨਹੀਂ, ਅਤੇ ਜਾਂ ਫਿਰ ਪ੍ਰਤੀਕ੍ਰਮਣ ਕਰੇ ਤਾਂ ਛੁੱਟੇ। ਪਰ ਪ੍ਰਤੀਕ੍ਰਮਣ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ? 'ਸ਼ੂਟ ਆਨ ਸਾਈਟ' ਹੋਣਾ ਚਾਹੀਦਾ ਹੈ। ਦੋਸ਼ ਹੁੰਦੇ ਹੀ ਪ੍ਰਤੀਕ੍ਰਮਣ ਕੀਤਾ ਜਾਵੇ, ਤਾਂ ਨਿਪਟਾਰਾ ਹੋਵੇਗਾ।

# ਕਰੋ ਇਹ ਵਿਧੀਆਂ, ਪਾਪ ਉਦੈ ਦੇ ਸਮੇਂ !

**ਪ੍ਰਸ਼ਨਕਰਤਾ** : ਪ੍ਰਤੀਕ੍ਰਮਣ ਕਰਨ ਨਾਲ ਸ਼ਾਇਦ ਨਵੇਂ ਪਾਪ ਨਹੀਂ ਬੰਨ੍ਹੇ ਜਾਣਗੇ, ਪਰ ਪੁਰਾਣੇ ਪਾਪ ਤਾਂ ਭੁਗਤਣੇ ਪੈਣਗੇ ਨਾ ?

**ਦਾਦਾਸ਼੍ਰੀ** : ਪ੍ਰਤੀਕ੍ਰਮਣ ਨਾਲ ਨਵੇਂ ਪਾਪ ਨਹੀਂ ਹੋਣਗੇ, ਇਹ ਤੁਹਾਡਾ ਕਹਿਣਾ ਸਹੀ ਹੈ ਅਤੇ ਪੁਰਾਣੇ ਪਾਪ ਤਾਂ ਭੁਗਤਣੇ ਹੀ ਪੈਣਗੇ। ਹੁਣ ਉਹ ਭੁਗਤਣਾ ਘੱਟ ਹੋ ਸਕਦਾ ਹੈ, ਇਸਦੇ ਲਈ ਮੈਂ ਫਿਰ ਰਸਤਾ ਦੱਸਿਆ ਹੈ ਕਿ ਤਿੰਨ

ਮੰਤਰ ਇਕੱਠੇ ਬੋਲਣਾ, ਤਾਂ ਵੀ ਭੁਗਤਣ ਦਾ ਫ਼ਲ ਹਲਕਾ ਹੋ ਜਾਵੇਗਾ। ਕਿਸੇ ਆਦਮੀ ਦੇ ਸਿਰ ’ਤੇ ਡੇਢ ਮਣ ਦਾ ਬੋਝ ਹੋਵੇ ਅਤੇ ਵਿਚਾਰਾ ਇਸ ਤਰ੍ਹਾਂ ਤੰਗ ਆ ਗਿਆ ਹੋਵੇ ਪਰ ਉਸਨੂੰ ਕੋਈ ਚੀਜ਼ ਅਚਾਨਕ ਦਿਸ ਗਈ ਅਤੇ ਦ੍ਰਿਸ਼ਟੀ ਉੱਥੇ ਚਲੀ ਗਈ ਤਾਂ ਉਹ ਆਪਣਾ ਦੁੱਖ ਭੁੱਲ ਜਾਵੇਗਾ, ਬੋਝ ਹੈ ਫਿਰ ਵੀ ਉਸਨੂੰ ਦੁੱਖ ਘੱਟ ਲੱਗਦਾ ਹੈ। ਇਸ ਤਰ੍ਹਾਂ ਹੀ ਇਹ ਤ੍ਰਿਮੰਤਰ ਹੈ ਨਾ, ਇਹ ਬੋਲਣ ਨਾਲ ਉਹ ਬੋਝ ਲੱਗੇਗਾ ਹੀ ਨਹੀਂ।

ਮੰਤਰ ਦਾ ਸਹੀ ਅਰਥ ਕੀ ਹੈ ? ਮੰਤਰ ਅਰਥਾਤ ਮਨ ਨੂੰ ਸ਼ਾਂਤ ਰੱਖੇ ਉਹ। ਭਗਵਾਨ ਦੀ ਭਗਤੀ ਕਰਦੇ ਹੋਏ ਸੰਸਾਰ ਵਿੱਚ ਵਿਘਨ (ਅੜਚਨ) ਨਾ ਆਉਣ, ਇਸ ਲਈ ਭਗਵਾਨ ਨੇ ਤਿੰਨ ਮੰਤਰ ਦਿੱਤੇ ਹਨ। (1) ਨਵਕਾਰ ਮੰਤਰ (2) ਓਮ ਨਮੋ ਭਗਵਤੇ ਵਾਸੂਦੇਵਾਯ (3) ਓਮ ਨਮ : ਸ਼ਿਵਾਯ। ਇਹ ਮੰਤਰ ਹੈਲਪਿੰਗ ਚੀਜ਼ ਹੈ। ਤੁਸੀਂ ਤ੍ਰਿਮੰਤਰ ਕਦੇ ਬੋਲਿਆ ਸੀ ? ਇੱਕ ਦਿਨ ਹੀ ਤ੍ਰਿਮੰਤਰ ਬੋਲੇ ਸੀ ? ਉਹ ਜ਼ਰਾ ਜ਼ਿਆਦਾ ਬੋਲੋ ਨਾ ਤਾਂ ਫਿਰ ਸਭ ਹਲਕਾ ਹੋ ਜਾਵੇਗਾ ਅਤੇ ਤੁਹਾਨੂੰ ਡਰ ਲੱਗਦਾ ਹੋਵੇ ਉਹ ਵੀ ਬੰਦ ਹੋ ਜਾਵੇਗਾ।

ਪੁੰਨ ਦਾ ਉਦੈ ਕੀ ਕੰਮ ਕਰਦਾ ਹੈ ? ਖੁਦ ਦੀ ਮਨਮਾਨੀ ਹੋਣ ਦਿੰਦਾ ਹੈ। ਪਾਪ ਦਾ ਉਦੈ ਕੀ ਕਰਦਾ ਹੈ ? ਆਪਣਾ ਨੱਕੀ (ਪੱਕਾ ਨਿਸ਼ਚੈ) ਕੀਤਾ ਹੋਵੇ ਉਸ ਤੋਂ ਸਭ ਉਲਟਾ ਕਰ ਦਿੰਦਾ ਹੈ।

## ਪਾਪ ਧੋਤੇ ਗਏ ਉਸ ਦੀ ਪ੍ਰਤੀਤੀ

**ਪ੍ਰਸ਼ਨਕਰਤਾ :** ਸਾਨੂੰ ਪਾਪ ਕਰਮਾਂ ਨੂੰ ਕਿਸ ਤਰ੍ਹਾਂ ਧੋਣਾ ਚਾਹੀਦਾ ਹੈ ?

**ਦਾਦਾਸ਼੍ਰੀ :** ਪਾਪ ਕਰਮਾਂ ਦੇ ਜਿੰਨੇ ਦਾਗ ਲੱਗੇ ਹਨ, ਓਨੇ ਪ੍ਰਤੀਕ੍ਰਮਣ ਕਰਨੇ ਚਾਹੀਦੇ ਹਨ। ਉਹ ਦਾਗ ਗਾੜ੍ਹੇ ਹੋਣ ਤਾਂ ਵਾਰ-ਵਾਰ ਧੋਂਦੇ ਰਹਿਣਾ ਚਾਹੀਦਾ ਹੈ, ਵਾਰ-ਵਾਰ ਧੋਂਦੇ ਰਹਿਣਾ ਚਾਹੀਦਾ ਹੈ।

**ਪ੍ਰਸ਼ਨਕਰਤਾ :** ਉਹ ਦਾਗ ਨਿਕਲ ਗਿਆ ਜਾਂ ਨਹੀਂ ਨਿਕਲਿਆ ਉਹ ਕਿਵੇਂ ਪਤਾ ਚੱਲੇਗਾ ?

**ਦਾਦਾਸ਼੍ਰੀ :** ਉਹ ਤਾਂ ਅੰਦਰ ਮਨ ਸਾਫ਼ ਹੋ ਜਾਵੇਗਾ ਨਾ, ਤਾਂ ਪਤਾ ਚੱਲ ਜਾਵੇਗਾ। ਚਿਹਰੇ ’ਤੇ ਮਸਤੀ ਛਾ ਜਾਵੇਗੀ। ਤੁਹਾਨੂੰ ਪਤਾ ਨਹੀਂ ਲੱਗੇਗਾ ਕਿ

ਦਾਗ ਹੀ ਚਲਾ ਗਿਆ ? ਕਿਉਂ ਨਹੀਂ ਚੱਲੇਗਾ ? ਹਰਜ਼ ਕੀ ਹੈ ? ਅਤੇ ਨਾ ਧੋਤਾ ਗਿਆ ਤਾਂ ਵੀ ਸਾਨੂੰ ਹਰਜ਼ ਨਹੀਂ। ਤੂੰ ਪ੍ਰਤੀਕ੍ਰਮਣ ਕਰ ਨਾ! ਤੂੰ ਸਾਬਣ ਲਗਾਉਂਦਾ ਰਹਿ ਨਾ! ਕੀ ਪਾਪ ਨੂੰ ਤੂੰ ਪਛਾਣਦਾ ਹੈਂ ?

ਸਾਹਮਣੇ ਵਾਲੇ ਨੂੰ ਦੁੱਖ ਹੋਵੇ ਉਹ ਪਾਪ ਹੈ, ਕਿਸੇ ਜੀਵ ਨੂੰ, ਫਿਰ ਉਹ ਮਨੁੱਖ ਹੋਵੇ, ਜਾਨਵਰ ਹੋਵੇ ਜਾਂ ਦਰਖਤ ਹੋਵੇ। ਬਿਨਾਂ ਕੰਮ ਦੇ ਦਰਖਤ ਦੇ ਪੱਤੇ ਤੋੜਦੇ ਰਹੀਏ ਤਾਂ ਉਸਨੂੰ ਵੀ ਦੁੱਖ ਹੁੰਦਾ ਹੈ, ਇਸ ਲਈ ਉਹ ਪਾਪ ਕਹਾਉਂਦਾ ਹੈ। ਉਸ ਲਈ ਥੋੜ੍ਹਾ ਵੀ, ਕਿੰਚਿਤਮਾਤਰ ਦੁੱਖ ਨਾ ਹੋਵੇ ਇੰਝ ਹੋਣਾ ਚਾਹੀਦਾ ਹੈ।

**ਪ੍ਰਸ਼ਨਕਰਤਾ** : ਪਰ ਮਨੁੱਖ ਆਪਣੇ ਸੁਭਾਅ ਦੇ ਅਨੁਸਾਰ ਕਰਦਾ ਹੋਵੇ ਤਾਂ ਵੀ ਉਸ ਵਿੱਚ ਉਸਨੂੰ ਪਾਪ-ਪੁੰਨ ਲੱਗਦਾ ਹੈ ?

**ਦਾਦਾਸ਼੍ਰੀ** : ਸਾਹਮਣੇ ਵਾਲੇ ਨੂੰ ਦੁੱਖ ਹੋਵੇ ਤਾਂ ਪਾਪ ਲੱਗਦਾ ਹੈ। ਉਹ ਸੁਭਾਅ ਦੇ ਅਨੁਸਾਰ ਕਰਦਾ ਹੈ, ਪਰ ਉਸ ਨੂੰ ਸਮਝਣਾ ਚਾਹੀਦਾ ਹੈ ਕਿ ਮੇਰੇ ਸੁਭਾਅ ਨਾਲ ਸਾਹਮਣੇ ਵਾਲੇ ਨੂੰ ਦੁੱਖ ਹੋ ਰਿਹਾ ਹੈ। ਇਸ ਲਈ ਮੈਨੂੰ ਉਸ ਤੋਂ ਮਾਫ਼ੀ ਮੰਗ ਲੈਣੀ ਚਾਹੀਦੀ ਹੈ ਕਿ ਮੇਰਾ ਸੁਭਾਅ ਟੇਢਾ ਹੈ ਅਤੇ ਉਸ ਨਾਲ ਉਸ ਨੂੰ ਦੁੱਖ ਹੋਇਆ ਹੈ, ਇਸ ਲਈ ਮਾਫ਼ੀ ਮੰਗਦਾ ਹਾਂ।

ਅਸੀਂ ਪ੍ਰਤੀਕ੍ਰਮਣ ਕਰੀਏ ਤਾਂ ਬਹੁਤ ਚੰਗਾ ਹੈ। ਆਪਣੇ ਕੱਪੜੇ ਸਾਫ਼ ਹੋ ਜਾਣਗੇ ਨਾ ? ਆਪਣੇ ਕੱਪੜਿਆਂ ਵਿੱਚ ਮੈਲ਼ ਕਿਉਂ ਰਹਿਣ ਦੇਈਏ ? ਦਾਦਾ ਨੇ ਅਜਿਹਾ ਰਸਤਾ ਦਿਖਾਇਆ ਹੈ ਤਾਂ ਕਿਉਂ ਨਾ ਸਾਫ਼ ਕਰ ਦੇਈਏ ?

**ਪ੍ਰਸ਼ਨਕਰਤਾ** : ਅਤੀਕ੍ਰਮਣ ਕਦੋਂ ਹੁੰਦਾ ਹੈ, ਕਿ ਕੁੱਝ ਪਿਛਲੇ ਜਨਮਾਂ ਦਾ ਹਿਸਾਬ ਹੋਵੇਗਾ ਉਦੋਂ ਹੀ ਨਾ ?

**ਦਾਦਾਸ਼੍ਰੀ** : ਹਾਂ, ਉਦੋਂ ਹੀ ਹੋਵੇਗਾ।

**ਪ੍ਰਸ਼ਨਕਰਤਾ** : ਅਰਥਾਤ ਆਪਣੇ ਲਈ ਜਦੋਂ ਪ੍ਰਤੀਕ੍ਰਮਣ ਕਰਦੇ ਹਾਂ, ਤਾਂ ਕੀ ਪਿਛਲੇ ਸਾਰੇ ਜਨਮਾਂ ਦੇ ਪਾਪਾਂ ਲਈ ਪ੍ਰਤੀਕ੍ਰਮਣ ਹੁੰਦਾ ਹੈ ?

**ਦਾਦਾਸ਼੍ਰੀ** : ਉਹ ਹਿਸਾਬ ਅਸੀਂ ਤੋੜ ਦਿੰਦੇ ਹਾਂ। ਯਾਨੀ ਆਪਣੇ ਲੋਕ 'ਸ਼ੂਟ ਆਨ ਸਾਈਟ' ਪ੍ਰਤੀਕ੍ਰਮਣ ਕਰਦੇ ਹਨ, ਜਿਸ ਨਾਲ ਆਪਣੇ ਦੋਸ਼ ਤੁਰੰਤ ਹੀ ਨਿਰਮਲ ਹੋ ਜਾਂਦੇ ਹਨ।

# ਖੇਤੀ ਦੇ ਪਾਪ ਧੋਣ ਦੀ ਵਿਧੀ

**ਪ੍ਰਸ਼ਨਕਰਤਾ** : ਅਸੀਂ ਠਹਿਰੇ ਕਿਸਾਨ ਅਤੇ ਤੰਬਾਕੂ ਦੀ ਖੇਤੀ ਕਰਦੇ ਹਾਂ ਤਾਂ ਸਾਨੂੰ ਉੱਪਰ ਤੋਂ ਹਰ ਇੱਕ ਬੂਟੇ ਦਾ ਟੂਸਾ ਯਾਨੀ ਉਸਦੀ ਗਰਦਨ ਤੋੜ ਹੀ ਦੇਣੀ ਪੈਂਦੀ ਹੈ। ਉਸਦਾ ਪਾਪ ਤਾਂ ਲੱਗੇਗਾ ਹੀ ਨਾ ? ਤਾਂ ਇਸ ਪਾਪ ਦਾ ਨਿਵਾਰਣ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ ?

**ਦਾਦਾਸ਼੍ਰੀ** : ਉਹ ਤਾਂ ਅੰਦਰ ਮਨ ਵਿੱਚ ਇੰਝ ਹੋਣਾ ਚਾਹੀਦਾ ਹੈ ਕਿ ਇਹੋ ਜਿਹਾ ਧੰਦਾ, ਕਿੱਥੋਂ ਮੇਰੇ ਹਿੱਸੇ ਵਿੱਚ ਆਇਆ ? ਬਸ ਓਨਾ ਹੀ। ਬੂਟੇ ਦਾ ਟੂਸਾ ਤੋੜ ਦੇਣਾ, ਪਰ ਮਨ ਵਿੱਚ ਇਹ ਕੰਮ ਕਿੱਥੋਂ ਮੇਰੇ ਹਿੱਸੇ ਵਿੱਚ ਆਇਆ, ਇਸ ਤਰ੍ਹਾਂ ਪਸ਼ਚਾਤਾਪ ਹੋਣਾ ਚਾਹੀਦਾ ਹੈ। ਅਜਿਹਾ ਨਹੀਂ ਕਰਨਾ ਚਾਹੀਦਾ, ਇੰਝ ਮਨ ਵਿੱਚ ਹੋਣਾ ਚਾਹੀਦਾ ਹੈ, ਬਸ।

**ਪ੍ਰਸ਼ਨਕਰਤਾ** : ਪਰ ਇਹ ਪਾਪ ਤਾਂ ਹੋਇਆ ਹੀ ਨਾ ?

**ਦਾਦਾਸ਼੍ਰੀ** : ਉਹ ਤਾਂ ਹੈ ਹੀ। ਉਹ ਤੁਸੀਂ ਨਹੀਂ ਦੇਖਣਾ ਹੈ। ਹੁੰਦਾ ਰਹਿੰਦਾ ਹੈ, ਉਸ ਪਾਪ ਨੂੰ ਨਹੀਂ ਦੇਖਣਾ ਹੈ। ਇਹ ਨਹੀਂ ਹੋਣਾ ਚਾਹੀਦਾ ਇਹ ਤੁਹਾਨੂੰ ਨੱਕੀ ਕਰਨਾ ਚਾਹੀਦਾ ਹੈ। ਨਿਸ਼ਚੈ ਕਰਨਾ ਚਾਹੀਦਾ ਹੈ। ਇਹ ਕੰਮ ਕਿੱਥੋਂ ਮਿਲਿਆ ? ਕੋਈ ਹੋਰ ਚੰਗਾ ਮਿਲਿਆ ਹੁੰਦਾ ਤਾਂ ਅਸੀਂ ਇੰਝ ਨਾ ਕਰਦੇ। ਜਦੋਂ ਤੱਕ ਇਹ ਨਾ ਜਾਣਿਆ ਹੋਵੇ ਉਦੋਂ ਤੱਕ ਪਸ਼ਚਾਤਾਪ ਨਹੀਂ ਹੁੰਦਾ। ਖੁਸ਼ ਹੋ ਕੇ ਬੂਟੇ ਨੂੰ ਤੋੜ ਦਿੰਦੇ। ਸਾਡੇ ਕਹੇ ਅਨੁਸਾਰ ਕਰਨਾ ਨਾ। ਫਿਰ ਤੁਹਾਡੀ ਸਾਰੀ ਜ਼ਿੰਮੇਦਾਰੀ ਸਾਡੀ। ਬੂਟੇ ਨੂੰ ਸੁੱਟ ਦਿਓ ਉਸ ਵਿੱਚ ਹਰਜ਼ ਨਹੀਂ ਹੈ, ਪਸ਼ਚਾਤਾਪ ਹੋਣਾ ਚਾਹੀਦਾ ਹੈ ਕਿ ਇਹ ਕਿੱਥੋਂ ਆਇਆ ਮੇਰੇ ਹਿੱਸੇ ਵਿੱਚ।

**ਪ੍ਰਸ਼ਨਕਰਤਾ** : ਕਪਾਹ ਵਿੱਚ ਦਵਾਈ ਛਿੜਕਣੀ ਪੈਂਦੀ ਹੈ, ਤਾਂ ਕੀ ਕਰੀਏ ? ਉਸ ਵਿੱਚ ਹਿੰਸਾ ਤਾਂ ਹੁੰਦੀ ਹੀ ਹੈ ਨਾ ?

**ਦਾਦਾਸ਼੍ਰੀ** : ਜ਼ਰੂਰੀ ਤੌਰ 'ਤੇ ਜੋ-ਜੋ ਕੰਮ ਕਰਨੇ ਪੈਣ, ਉਹ ਪ੍ਰਤੀਕ੍ਰਮਣ ਕਰਨ ਦੀ ਸ਼ਰਤ 'ਤੇ ਕਰਨੇ ਚਾਹੀਦੇ ਹਨ। ਤੁਹਾਨੂੰ ਇਸ ਸੰਸਾਰ ਵਿਹਾਰ ਵਿੱਚ ਕਿਵੇਂ ਚੱਲਣਾ ਹੈ, ਉਹ ਨਹੀਂ ਆਉਂਦਾ ਹੈ। ਉਹ ਅਸੀਂ ਤੁਹਾਨੂੰ ਸਿਖਾਵਾਂਗੇ, ਤਾਂ ਕਿ ਨਵੇਂ ਪਾਪ ਨਾ ਬੰਨ੍ਹੇ ਜਾਣ।

ਖੇਤੀਬਾੜੀ ਵਿੱਚ ਜੀਵ-ਜੰਤੂ ਮਰਦੇ ਹਨ, ਉਸਦਾ ਦੋਸ਼ ਤਾਂ ਲੱਗੇਗਾ ਹੀ ਨਾ ? ਇਸ ਲਈ ਖੇਤੀਬਾੜੀ ਵਾਲਿਆਂ ਨੂੰ ਹਰ ਰੋਜ਼ ਪੰਜ-ਦਸ ਮਿੰਟ ਭਗਵਾਨ ਨੂੰ

ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਇਹ ਦੋਸ਼ ਹੋਏ, ਉਹਨਾਂ ਦੀ ਮਾਫ਼ੀ ਮੰਗਦਾ ਹਾਂ। ਕਿਸਾਨ ਹੋਵੇ ਉਸਨੂੰ ਕਹਿੰਦੇ ਹਾਂ ਕਿ ਤੂੰ ਇਹ ਧੰਦਾ ਕਰਦਾ ਹੈਂ, ਉਸ ਵਿੱਚ ਜੀਵ ਮਰਦੇ ਹਨ। ਉਸਦਾ ਇਸ ਤਰ੍ਹਾਂ ਪ੍ਰਤੀਕ੍ਰਮਣ ਕਰਨਾ।

## ਸੌ ਪ੍ਰਤੀਸ਼ਤ ਧੋਤੇ ਜਾਣ ਪਾਪ

**ਪ੍ਰਸ਼ਨਕਰਤਾ** : ਅਰਥਾਤ ਕੀ ਮਾਫ਼ੀ ਮੰਗਣ ਨਾਲ ਆਪਣੇ ਪਾਪਾਂ ਦਾ ਨਿਵਾਰਣ ਹੋ ਜਾਂਦਾ ਹੈ ?

**ਦਾਦਾਸ਼੍ਰੀ** : ਉਸ ਨਾਲ ਹੀ ਪਾਪਾਂ ਦਾ ਨਿਵਾਰਣ ਹੋ ਜਾਂਦਾ ਹੈ ਹੋਰ ਕੋਈ ਦੂਸਰਾ ਰਸਤਾ ਹੀ ਨਹੀਂ ਹੈ।

**ਪ੍ਰਸ਼ਨਕਰਤਾ** : ਤਾਂ ਫਿਰ ਵਾਰ-ਵਾਰ ਮਾਫ਼ੀ ਮੰਗੇ ਅਤੇ ਵਾਰ-ਵਾਰ ਪਾਪ ਕਰਦੇ ਰਹੀਏ ?

**ਦਾਦਾਸ਼੍ਰੀ** : ਵਾਰ-ਵਾਰ ਮਾਫ਼ੀ ਮੰਗਣ ਦੀ ਛੋਟ ਹੈ। ਵਾਰ-ਵਾਰ ਮਾਫ਼ੀ ਮੰਗਣੀ ਪਵੇਗੀ। ਹਾਂ, ਸੌ ਪ੍ਰਤੀਸ਼ਤ ਛੁੱਟਣ ਦਾ ਰਸਤਾ ਇਹੀ ਹੈ! ਮਾਫ਼ੀ ਮੰਗਣ ਤੋਂ ਇਲਾਵਾ ਹੋਰ ਕਿਸੇ ਰਸਤੇ ਛੁੱਟ ਹੀ ਨਹੀਂ ਸਕਦੇ ਇਸ ਜਗਤ ਵਿੱਚੋਂ। ਪ੍ਰਤੀਕ੍ਰਮਣ ਨਾਲ ਸਾਰੇ ਪਾਪ ਧੋਤੇ ਜਾਂਦੇ ਹਨ।

**ਪ੍ਰਸ਼ਨਕਰਤਾ** : ਪ੍ਰਤੀਕ੍ਰਮਣ ਕਰਨ ਨਾਲ ਪਾਪ ਨਾਸ਼ ਹੁੰਦੇ ਹਨ। ਉਸਦੇ ਪਿੱਛੇ ਸਾਇੰਸ ਕੀ ਹੈ ?

**ਦਾਦਾਸ਼੍ਰੀ** : ਅਤੀਕ੍ਰਮਣ ਨਾਲ ਪਾਪ ਹੁੰਦੇ ਹਨ ਅਤੇ ਪ੍ਰਤੀਕ੍ਰਮਣ ਨਾਲ ਪਾਪਾਂ ਦਾ ਨਾਸ਼ ਹੁੰਦਾ ਹੈ। ਵਾਪਸ ਮੁੜਨ ਨਾਲ ਪਾਪਾਂ ਦਾ ਨਾਸ਼ ਹੁੰਦਾ ਹੈ।

**ਪ੍ਰਸ਼ਨਕਰਤਾ** : ਤਾਂ ਫਿਰ ਕਰਮ ਦਾ ਨਿਯਮ ਕਿੱਥੇ ਲਾਗੂ ਹੁੰਦਾ ਹੈ ? ਅਸੀਂ ਮਾਫ਼ੀ ਮੰਗੀਏ ਅਤੇ ਕਰਮ ਵਿੱਚੋਂ ਛੁੱਟ ਜਾਈਏ ਤਾਂ ਫਿਰ ਉਸ ਵਿੱਚ ਕਰਮ ਦਾ ਨਿਯਮ ਨਹੀਂ ਰਿਹਾ ਨਾ ?

**ਦਾਦਾਸ਼੍ਰੀ** : ਇਹੀ ਕਰਮ ਦਾ ਨਿਯਮ ਹੈ! ਮਾਫ਼ੀ ਮੰਗਣੀ ਇਹੀ ਕਰਮ ਦਾ ਨਿਯਮ ਹੈ!!

**ਪ੍ਰਸ਼ਨਕਰਤਾ** : ਫਿਰ ਤਾਂ ਸਾਰੇ ਪਾਪ ਕਰਦੇ ਜਾਣ ਅਤੇ ਮਾਫ਼ੀ ਮੰਗਦੇ ਜਾਣ।

**ਦਾਦਾਸ਼੍ਰੀ** : ਹਾਂ, ਪਾਪ ਕਰਦੇ ਜਾਣਾ ਅਤੇ ਮਾਫ਼ੀ ਮੰਗਦੇ ਜਾਣਾ ਹੈ, ਇਹੀ ਭਗਵਾਨ ਨੇ ਕਿਹਾ ਹੈ।

**ਪ੍ਰਸ਼ਨਕਰਤਾ** : ਪਰੰਤੂ ਸੱਚੇ ਮਨ ਨਾਲ ਮਾਫ਼ੀ ਮੰਗਣੀ ਹੈ ਨਾ ?

**ਦਾਦਾਸ਼੍ਰੀ** : ਮਾਫ਼ੀ ਮੰਗਣ ਵਾਲਾ ਸੱਚੇ ਮਨ ਨਾਲ ਹੀ ਮਾਫ਼ੀ ਮੰਗਦਾ ਹੈ ਅਤੇ ਖੋਟੇ ਮਨ ਨਾਲ ਮਾਫ਼ੀ ਮੰਗੇਗਾ ਤਾਂ ਵੀ ਚੱਲੇਗਾ। ਫਿਰ ਵੀ ਮਾਫ਼ੀ ਮੰਗਣਾ।

**ਪ੍ਰਸ਼ਨਕਰਤਾ** : ਫਿਰ ਤਾਂ ਉਸਨੂੰ ਆਦਤ ਪੈ ਜਾਵੇਗੀ ?

**ਦਾਦਾਸ਼੍ਰੀ** : ਆਦਤ ਪੈ ਜਾਵੇ ਤਾਂ ਬੇਸ਼ੱਕ ਪੈ ਜਾਵੇ ਪਰ ਮਾਫ਼ੀ ਮੰਗਣਾ। ਮਾਫ਼ੀ ਮੰਗੇ ਬਿਨਾਂ ਤਾਂ ਬਣ ਆਈ ਸਮਝੋ। ਮਾਫ਼ੀ ਦਾ ਅਰਥ ਕੀ ਹੈ ? ਉਸਨੂੰ ਪ੍ਰਤੀਕ੍ਰਮਣ ਕਿਹਾ ਜਾਂਦਾ ਹੈ ਅਤੇ ਦੋਸ਼ਾਂ ਨੂੰ ਕੀ ਕਿਹਾ ਜਾਂਦਾ ਹੈ ? ਅਤੀਕ੍ਰਮਣ।

ਕਰਮ ਦਾ ਨਿਯਮ ਕੀ ਹੈ ? ਅਤੀਕ੍ਰਮਣ ਕਰੋ ਤਾਂ ਉਸਦਾ ਪ੍ਰਤੀਕ੍ਰਮਣ ਕਰੋ। ਸਮਝ ਵਿੱਚ ਆਇਆ ਤੁਹਾਨੂੰ ?

**ਪ੍ਰਸ਼ਨਕਰਤਾ** : ਹਾਂ।

**ਦਾਦਾਸ਼੍ਰੀ** : ਇਸ ਲਈ ਮਾਫ਼ੀ ਜ਼ਰੂਰ ਮੰਗੋ ਅਤੇ ਇਹ ਅਕਲਮੰਦ, ਜ਼ਰੂਰਤ ਤੋਂ ਜ਼ਿਆਦਾ ਅਕਲਮੰਦ ਦੀ ਗੱਲ ਜਾਣ ਦਿਓ! ਕੋਈ ਗਲਤ ਕਰਦਾ ਹੋਵੇ ਅਤੇ ਮਾਫ਼ੀ ਮੰਗਦਾ ਹੋਵੇ ਤਾਂ ਮੰਗਣ ਦਿਓ ਨਾ! 'ਦਿਸ ਇਜ਼ ਕੰਪਲੀਟ ਲਾਅ' (ਇਹ ਪੂਰਾ ਕਾਨੂੰਨ ਹੈ)।

## ਪਸ਼ਚਾਤਾਪ ਦਾ ਸਰਵਸ੍ਰੇਸ਼ਠ ਸਾਬਣ

**ਪ੍ਰਸ਼ਨਕਰਤਾ** : ਪਾਪ ਦੂਰ ਕਰਨ ਲਈ ਕੀ ਪ੍ਰਾਯਸ਼ਚਿਤ ਤੋਂ ਇਲਾਵਾ ਦੂਸਰਾ ਕੋਈ ਹੋਰ ਉਪਾਅ ਹੈ ?

**ਦਾਦਾਸ਼੍ਰੀ** : ਪਾਪ ਦੂਰ ਕਰਨ ਲਈ ਪ੍ਰਾਯਸ਼ਚਿਤ ਤੋਂ ਇਲਾਵਾ ਦੂਸਰਾ ਕੋਈ ਉਪਾਅ ਨਹੀਂ ਹੈ। ਇਹ ਸਾਰੇ ਪਾਪ, ਉਹ ਕੀ ਹਨ ? ਇਹ ਪਾਪ ਜੋ ਹਨ ਨਾ, ਅਸੀਂ ਕਿਸ ਨੂੰ ਪਾਪ ਕਹਿੰਦੇ ਹਾਂ ? ਤਾਂ ਕਹੀਏ ਕਿ, ਜੋ ਤੁਸੀਂ ਇਹ ਸਭ ਕਰਦੇ ਹੋ, ਉਹ ਕਰਨ ਵਿੱਚ ਹਰਜ਼ ਨਹੀਂ ਹੈ। ਇਹ ਸਭ ਬੈਠੇ ਹਨ। ਕਿਸੇ ਨੂੰ ਹਰਜ਼ ਨਹੀਂ ਹੈ। ਉਸ ਵਿੱਚੋਂ ਕੋਈ ਇੱਕ ਆਦਮੀ ਕਹੇ ਕਿ, 'ਤੁਸੀਂ ਕਿਉਂ ਦੇਰ ਨਾਲ ਆਏ ਹੋ ?' ਸਾਨੂੰ ਇੰਝ ਕਹੇ, ਤਾਂ ਉਸਨੇ ਅਤੀਕ੍ਰਮਣ ਕੀਤਾ, ਇੰਝ ਕਿਹਾ ਜਾਵੇਗਾ। ਜੋ ਲੋਕਾਂ ਨੂੰ ਪਸੰਦ ਨਾ ਆਵੇ ਕਿ ਇੰਝ ਕਿਉਂ ਬੋਲਦਾ ਹੈ ? ਉਹ ਅਤੀਕ੍ਰਮਣ ਕੀਤਾ ਕਹਾਉਂਦਾ ਹੈ। ਉਹ ਅਤੀਕ੍ਰਮਣ ਕਰਦਾ ਹੈ, ਇਸ ਲਈ ਹੀ ਭਗਵਾਨ ਨੇ ਪ੍ਰਤੀਕ੍ਰਮਣ ਕਰਨ ਨੂੰ ਕਿਹਾ ਹੈ। ਅਰਥਾਤ ਪਸ਼ਚਾਤਾਪ ਕਿੰਨਿਆਂ ਦਾ ਕਰਨਾ ਹੈ ?

ਕਿ ਜਿਸ ਨਾਲ ਲੋਕਾਂ ਨੂੰ ਦੁੱਖ ਹੋਵੇ, ਇਹੋ ਜਿਹੀਆਂ ਗੱਲਾਂ ਲਈ ਪਸ਼ਚਾਤਾਪ ਕਰਨਾ ਹੈ। ਕੀ ਕਹਿੰਦੇ ਹੋ ? ਪਸੰਦ ਆਵੇ ਉਸਦੇ ਲਈ ਨਹੀਂ। ਯਾਨੀ ਪ੍ਰਾਯਸ਼ਚਿਤ ਕਰਨਾ ਪਵੇਗਾ। ਤੂੰ ਕਰਦਾ ਹੈਂ ?

**ਪ੍ਰਸ਼ਨਕਰਤਾ** : ਹਾਂ।

**ਦਾਦਾਸ਼੍ਰੀ** : ਦਾਦਾ ਭਗਵਾਨ ਦੇ ਨਾਮ ਨਾਲ ਪ੍ਰਤੀਕ੍ਰਮਣ ਕਰਦਾ ਹੈ ਜਾਂ ਨਹੀਂ ਕਰਦਾ ?

**ਪ੍ਰਸ਼ਨਕਰਤਾ** : ਉਹ ਕਿਤਾਬ ਦਿੱਤੀ ਹੈ ਨਾ ? ਉਸ ਵਿੱਚ ਕਹੇ ਅਨੁਸਾਰ ਕਰਦਾ ਹਾਂ। ਨੌਂ ਕਲਮਾਂ ਕਰਦਾ ਹਾਂ।

**ਦਾਦਾਸ਼੍ਰੀ** : ਕਰਦਾ ਹੈ ਨਾ ? ਉਹ ਪ੍ਰਤੀਕ੍ਰਮਣ ਹੀ ਹੈ। ਸਭ ਤੋਂ ਵੱਡਾ ਪ੍ਰਤੀਕ੍ਰਮਣ, ਦਾਦਾ ਭਗਵਾਨ ਦੀਆਂ ਨੌਂ ਕਲਮਾਂ ਰੱਖੀਆਂ ਹਨ ਨਾ, ਉਹ ਪੂਰੇ ਜਗਤ ਲਈ ਕਲਿਆਣਕਾਰੀ ਪ੍ਰਤੀਕ੍ਰਮਣ ਹੈ।

**ਪ੍ਰਸ਼ਨਕਰਤਾ** : ਇਹ ਗੱਲ ਸੱਚ ਹੈ ਕਿ ਪਸ਼ਚਾਤਾਪ ਦੇ ਘੜੇ ਵਿੱਚ ਚਾਹੇ ਕਿਹੋ ਜਿਹਾ ਵੀ ਪਾਪ ਹੋਵੇ ਤਾਂ ਵੀ...

**ਦਾਦਾਸ਼੍ਰੀ** : ਹਲਕਾ ਹੋ ਜਾਂਦਾ ਹੈ, ਪਸ਼ਚਾਤਾਪ ਦੇ ਕਾਰਣ।

**ਪ੍ਰਸ਼ਨਕਰਤਾ** : ਪੂਰੀ ਤਰ੍ਹਾਂ ਜਲ਼ ਕੇ ਖਾਕ ਨਹੀਂ ਹੋ ਜਾਂਦੇ ?

**ਦਾਦਾਸ਼੍ਰੀ** : ਪੂਰੀ ਤਰ੍ਹਾਂ ਜਲ਼ ਵੀ ਜਾਂਦੇ ਹਨ। ਇਹੋ ਜਿਹੇ ਕਿੰਨੇ ਹੀ ਪਾਪ ਜਲ਼ ਜਾਂਦੇ ਹਨ ਖਤਮ ਹੋ ਜਾਂਦੇ ਹਨ। ਪਸ਼ਚਾਤਾਪ ਦਾ ਸਾਬਣ ਇਹੋ ਜਿਹਾ ਹੈ ਕਿ ਜ਼ਿਆਦਾਤਰ ਕੱਪੜਿਆਂ 'ਤੇ ਕੰਮ ਕਰਦਾ ਹੈ।

**ਪ੍ਰਸ਼ਨਕਰਤਾ** : ਅਤੇ ਉਹ ਵੀ ਤੁਹਾਡੀ ਸਾਕਸ਼ੀ ਵਿੱਚ ਕਰੀਏ, ਇਸ ਲਈ ਫਿਰ ਕੀ ਬਾਕੀ ਰਿਹਾ ?

**ਦਾਦਾਸ਼੍ਰੀ** : ਕਲਿਆਣ ਹੋ ਜਾਵੇ। ਇਸ ਲਈ ਪਸ਼ਚਾਤਾਪ ਦੇ ਸਾਬਣ ਦੇ ਸਮਾਨ ਦੁਨੀਆ ਵਿੱਚ ਹੋਰ ਕੋਈ ਸਾਬਣ ਨਹੀਂ ਹੈ।

## ਨਹੀਂ ਹੈ ਨਿਵਰਿਤੀ (ਛੁਟਕਾਰਾ) ਪਾਪ-ਪੁੰਨ ਤੋਂ...

**ਪ੍ਰਸ਼ਨਕਰਤਾ** : ਸਾਰੇ ਆਮ ਮਨੁੱਖ ਜਾਣਦੇ ਹਨ ਕਿ ਪਾਪ ਕੀ ਹੈ ਅਤੇ ਪੁੰਨ ਕੀ ਹੈ, ਫਿਰ ਵੀ ਉਹਨਾਂ ਤੋਂ ਨਿਵਰਿਤੀ ਕਿਉਂ ਨਹੀਂ ਹੋ ਸਕਦੀ ?

**ਦਾਦਾਸ਼੍ਰੀ** : ਹਾਂ, ਇਹੀ ਪ੍ਰਸ਼ਨ ਦੁਰਯੋਧਨ ਨੇ ਕ੍ਰਿਸ਼ਨ ਭਗਵਾਨ ਨੂੰ ਕੀਤਾ ਸੀ ਕਿ ਪਾਪ ਨੂੰ ਜਾਣਦਾ ਹਾਂ ਅਤੇ ਪੁੰਨ ਨੂੰ ਵੀ ਜਾਣਦਾ ਹਾਂ ਅਰਥਾਤ ਅਧਰਮ ਨੂੰ ਜਾਣਦਾ ਹਾਂ ਅਤੇ ਧਰਮ ਨੂੰ ਵੀ ਜਾਣਦਾ ਹਾਂ, ਪਰੰਤੂ ਅਧਰਮ ਤੋਂ ਨਿਵਰਿਤੀ (ਛੁਟਕਾਰਾ) ਹੁੰਦੀ ਨਹੀਂ ਅਤੇ ਧਰਮ ਵਿੱਚ ਪ੍ਰਵਰਿਤੀ ਹੁੰਦੀ ਨਹੀਂ।

**ਪ੍ਰਸ਼ਨਕਰਤਾ** : ਉਹ ਕਿਸ ਲਈ ਨਹੀਂ ਹੁੰਦੀ ?

**ਦਾਦਾਸ਼੍ਰੀ** : ਉਸਨੇ ਉਸ ਅਧਰਮ ਨੂੰ ਜਾਣਿਆ ਹੀ ਨਹੀਂ ਹੈ। ਪਹਿਲਾਂ ਜਾਣਨਾ ਚਾਹੀਦਾ ਹੈ ਕਿ, 'ਮੈਂ ਕੌਣ ਹਾਂ ?' ਇਹ ਸਭ ਕਿਸ ਲਈ ਹੈ ? ਕਿਸ ਲਈ ਇਹ ਭਰਾ ਮੇਰੇ 'ਤੇ ਫ਼ਣ ਫੈਲਾਉਂਦਾ ਹੈ, ਅਤੇ ਮੈਨੂੰ ਦੂਸਰਾ ਭਰਾ ਕਿਉਂ ਨਹੀਂ ਮਿਲਿਆ ? ਇਹ ਰੋਜ਼ ਗਾਲ੍ਹਾਂ ਸੁਣਾਉਂਦਾ ਹੈ, ਇਹੋ ਜਿਹਾ ਭਰਾ ਕਿਉਂ ਮਿਲਿਆ ? ਉਸਨੂੰ ਤਾਂ ਬਹੁਤ ਚੰਗਾ ਭਰਾ ਮਿਲਿਆ ਹੈ, ਇਹਨਾਂ ਸਭ ਦੇ ਪਿੱਛੇ ਕਾਰਣ ਕੀ ਹੈ ? ਇਹ ਸਭ ਸਮਝਣਾ ਨਹੀਂ ਪਵੇਗਾ ?

**ਪ੍ਰਸ਼ਨਕਰਤਾ** : ਇਹ ਕਿਸ ਤਰ੍ਹਾਂ ਸਮਝਣਾ ਚਾਹੀਦਾ ਹੈ ?

**ਦਾਦਾਸ਼੍ਰੀ** : ਉਹ ਪਿਛਲੇ ਜਨਮ ਦੇ ਆਪਣੇ ਕਰਮਾਂ ਦਾ ਹਿਸਾਬ ਹੈ, ਕਿਸੇ ਭਗਵਾਨ ਨੇ ਇਸ ਵਿੱਚ ਹੱਥ ਨਹੀਂ ਪਾਇਆ ਹੈ। ਇਹ ਤਾਂ ਹਰ ਇੱਕ ਦੇ ਕਰਮਾਂ ਦੇ ਹਿਸਾਬ ਨਾਲ ਸਾਰੇ ਫ਼ਾਇਦੇ-ਨੁਕਸਾਨ ਹਨ। ਉਸ ਵਿੱਚ ਅਹੰਕਾਰ ਕਰਦਾ ਹੈ, ਇਸ ਲਈ ਨਿਰੇ ਪਾਪ-ਪੁੰਨ ਬੰਨ੍ਹਦੇ ਹਨ। ਉਹਨਾਂ ਨੂੰ ਫਿਰ ਤੋਂ ਭੋਗਣ ਲਈ ਜਾਣਾ ਪੈਂਦਾ ਹੈ। ਇਸ ਲਈ ਇਹਨਾਂ ਗਤੀਆਂ ਵਿੱਚ ਭਟਕਣਾ ਪੈਂਦਾ ਹੈ। ਜੇਲ੍ਹ ਹੈ ਸਭ। ਉਹ ਜੇਲ੍ਹ ਭੋਗ ਕੇ ਆ ਜਾਂਦਾ ਹੈ ਅਤੇ ਵਾਪਸ ਜਿਵੇਂ ਦਾ ਸੀ ਓਵੇਂ ਦਾ ਹੀ। ਫਿਰ ਵਾਪਸ ਅਹੰਕਾਰ ਨਾ ਕਰੇ ਤਾਂ ਛੁਟਕਾਰਾ ਹੋਵੇਗਾ। ਇਸ ਲਈ ਮੋਕਸ਼ ਵਿੱਚ ਜਾਣਾ ਹੋਵੇ ਤਾਂ ਛੁਟਕਾਰਾ ਪਾ ਲਓ। ਉਸ ਵਿੱਚ 'ਮੈਂ ਕੌਣ ਹਾਂ' ਦੀ ਖੋਜ ਕਰੇ ਅਤੇ ਉਸਨੂੰ ਜਾਣੇ ਤਾਂ ਛੁਟਕਾਰਾ ਹੋਵੇ।

## ਨ.ਫਾ-ਨੁਕਸਾਨ ਦਾ ਆਧਾਰ ?

ਪੰਜ ਇੰਦਰੀਆਂ ਦੇ ਨਾਲ ਜੋ-ਜੋ ਅਨੁਭਵ ਵਿੱਚ ਆਉਂਦਾ ਹੈ ਉਹ ਸਾਰਾ ਹੀ 'ਡਿਸਚਾਰਜ' ਹੈ। ਇਹ ਤਾਂ ਪੁੰਨ ਦੇ ਆਧਾਰ 'ਤੇ ਖੁਦ ਦੀ ਧਾਰਨਾ ਦੇ ਅਨੁਸਾਰ ਹੁੰਦਾ ਹੈ ਉਦੋਂ ਅਹੰਕਾਰ ਕਰਦਾ ਹੈ ਕਿ 'ਮੈਂ ਕੀਤਾ' ਅਤੇ ਫਿਰ ਜਦੋਂ ਪਾਪ ਦਾ ਉਦੈ ਹੁੰਦਾ ਹੈ ਅਤੇ ਨੁਕਸਾਨ ਹੁੰਦਾ ਹੈ, ਤਾਂ 'ਭਗਵਾਨ ਨੇ ਕੀਤਾ' ਕਹਿੰਦੇ ਹਨ! ਨਹੀਂ

ਤਾਂ ਕਹਿੰਦੇ ਹਨ ਕਿ ਮੇਰੇ ਗ੍ਰਹਿ ਖਰਾਬ ਹਨ!!! ਅਤੇ ਕਮਾਈ, ਉਹ ਤਾਂ ਸਹਿਜ ਕਮਾਈ ਹੈ। ਕੋਈ ਮਨੁੱਖ ਕਮਾ ਨਹੀਂ ਸਕਦਾ। ਜੇ ਮਿਹਨਤ ਨਾਲ ਕਮਾਇਆ ਜਾ ਸਕਦਾ ਤਾਂ ਮਜ਼ਦੂਰ ਹੀ ਕਮਾਉਂਦੇ! ਇਹ ਤਾਂ ਤੁਹਾਡਾ ਪੁੰਨ ਕਮਾਉਂਦਾ ਹੈ ਅਤੇ ਖੁਦ ਅਹੰਕਾਰ ਕਰਦੇ ਹੋ, 'ਮੈਂ ਕਮਾਇਆ, ਮੈਂ ਕਮਾਇਆ।' ਉਹ ਦਸ ਲੱਖ ਕਮਾਵੇ ਉਦੋਂ ਤੱਕ ਇੰਝ ਛਾਤੀ ਚੌੜੀ ਕਰਕੇ ਘੁੰਮਦਾ ਫਿਰਦਾ ਹੈ ਅਤੇ ਪੰਜ ਲੱਖ ਦਾ ਨੁਕਸਾਨ ਹੋਇਆ, ਤਾਂ ਅਸੀਂ ਪੁੱਛੀਏ, 'ਸੇਠ ਇਵੇਂ ਕਿਉਂ ?' ਤਾਂ ਕਹੇਗਾ, 'ਭਗਵਾਨ ਰੁੱਸੇ ਹਨ।' ਦੇਖੋ ਉਸਨੂੰ ਕੋਈ ਮਿਲਿਆ ਵੀ ਨਹੀਂ ਫਿਰ। ਦੂਸਰਾ ਕੋਈ ਮਿਲਦਾ ਨਹੀਂ। ਭਗਵਾਨ ਵਿਚਾਰੇ ਦੇ ਸਿਰ 'ਤੇ ਪਾ ਦਿੰਦਾ ਹੈ। ਤੁਹਾਡਾ ਮਨਚਾਹਾ (ਧਾਰਨਾ ਦੇ ਅਨੁਸਾਰ) ਹੀ ਹੋਵੇ, ਉਹ ਪੁੰਨ ਦਾ ਫ਼ਲ ਹੈ ਅਤੇ ਉਸ ਤੋਂ ਉਲਟਾ ਹੋਵੇ, ਉਹ ਸਭ ਪਾਪ ਦਾ ਫ਼ਲ ਹੈ। ਇਸ ਜਗਤ ਵਿੱਚ ਖੁਦ ਦੀ ਧਾਰਨਾ ਚੱਲੇ ਅਜਿਹਾ ਹੈ ਹੀ ਨਹੀਂ। ਆਪਣੀ ਧਾਰਨਾ ਦੇ ਅਨੁਸਾਰ ਫ਼ਲ ਆਵੇ ਤਾਂ ਉਹ ਪੁੰਨ ਦਾ ਪ੍ਰਾਰਬੱਧ ਹੈ, ਧਾਰਨਾ ਦੇ ਅਨੁਸਾਰ ਨਾ ਆਵੇ ਤਾਂ ਪਾਪ ਦਾ ਪ੍ਰਾਰਬੱਧ ਹੈ।

## ਅਹੰਕਾਰ ਨਾਲ ਬੰਨ੍ਹੇ ਪਾਪ-ਪੁੰਨ

**ਪ੍ਰਸ਼ਨਕਰਤਾ** : ਜੇ ਮੈਨੂੰ ਅਹੰਕਾਰ ਵੀ ਨਾ ਹੋਵੇ ਅਤੇ ਮਮਤਾ ਵੀ ਨਾ ਹੋਵੇ, ਜਾਂ ਫਿਰ ਦੋਨਾਂ ਵਿੱਚੋਂ ਇੱਕ ਵਸਤੂ ਨਾ ਹੋਵੇ ਤਾਂ ਮੈ ਕਿਹੜਾ ਕਰਮ ਕਰਾਂ ?

**ਦਾਦਾਸ਼੍ਰੀ** : ਅਹੰਕਾਰ ਹੈ ਤਾਂ ਪਾਪ-ਪੁੰਨ ਹੁੰਦੇ ਹਨ। ਅਹੰਕਾਰ ਗਿਆ ਮਤਲਬ ਪਾਪ-ਪੁੰਨ ਗਏ ਅਤੇ ਅਹੰਕਾਰ ਲੋਕ ਘੱਟ ਕਰਦੇ ਹਨ ਨਾ, ਉਸਦਾ ਫ਼ਲ ਭੌਤਿਕ ਸੁੱਖ ਮਿਲਦਾ ਹੈ। ਅਹੰਕਾਰ ਘੱਟ ਕੀਤਾ ਉਸ ਨਾਲ ਕਰਮ ਬੰਨ੍ਹਿਆ। ਉਸਦਾ ਫ਼ਲ ਭੌਤਿਕ ਸੁੱਖ ਮਿਲਦਾ ਹੈ। ਅਹੰਕਾਰ ਜ਼ਿਆਦਾ ਕੀਤਾ ਉਸਦਾ ਕਰਮ ਬੰਨ੍ਹਿਆ, ਉਸ ਨਾਲ ਭੌਤਿਕ ਦੁੱਖ ਆਉਂਦੇ ਹਨ। ਅਹੰਕਾਰ ਘੱਟ ਕਰਨ ਨਾਲ ਅਹੰਕਾਰ ਜਾਂਦਾ ਨਹੀਂ ਹੈ, ਪਰ ਉਹ ਭੌਤਿਕ ਸੁੱਖ ਦੇਣ ਵਾਲਾ ਹੈ। ਜਿੱਥੇ ਗਿਆਨੀ ਹੋਣ ਤਾਂ ਹੀ ਅਹੰਕਾਰ ਜਾਂਦਾ ਹੈ, ਨਹੀਂ ਤਾਂ ਅਹੰਕਾਰ ਜਾਂਦਾ ਨਹੀਂ।

ਕੁੱਝ ਹੱਦ ਤੱਕ ਹੀ ਅਹੰਕਾਰ ਘੱਟ ਹੋ ਸਕਦਾ ਹੈ, ਉਸਨੂੰ ਸੰਸਾਰ ਵਿੱਚ ਅੜਚਨ ਨਹੀਂ ਪੈਂਦੀ। ਮਹਾਵੀਰ ਭਗਵਾਨ ਦੀ ਆਗਿਆ ਵਿੱਚ ਰਹੇ, ਤਾਂ ਕੁੱਝ ਹੱਦ ਤੱਕ ਅਹੰਕਾਰ ਜ਼ਰੂਰ ਘੱਟ ਹੋ ਸਕਦਾ ਹੈ ਪਰ ਨਾਰਮਲ ਰਹਿੰਦਾ ਹੈ। ਨਾਰਮਲ ਅਹੰਕਾਰ ਰਹੇ ਤਾਂ ਸੰਸਾਰ ਵਿੱਚ ਕਲ਼ੇਸ਼ ਨਹੀਂ ਹੁੰਦਾ। ਘਰ ਵਿੱਚ ਥੋੜ੍ਹਾ ਵੀ ਕਲ਼ੇਸ਼

ਜਾਂ ਅੰਤਰਕਲ਼ੇਸ਼ ਨਹੀਂ ਹੁੰਦਾ। ਉਸ ਤਰ੍ਹਾਂ ਅਜੇ ਵੀ ਆਪਣੇ ਕ੍ਰਮਿਕ ਮਾਰਗ ਵਿੱਚ ਹੈ। ਇੰਨਾ ਵੀ ਉਹ ਕਿਸੇ ਨੂੰ ਹੀ ਹੋਵੇਗਾ। ਥੋੜ੍ਹੇ ਲੋਕਾਂ ਨੂੰ ਕਲ਼ੇਸ਼ ਨਹੀਂ ਹੁੰਦਾ, ਅੰਤਰ ਕਲ਼ੇਸ਼ ਨਹੀਂ ਹੁੰਦਾ। ਪਰ ਉਹ ਅਹੰਕਾਰ ਵੀ, ਮੋਕਸ਼ ਪ੍ਰਾਪਤ ਕਰਨ ਲਈ ਕੱਢਣਾ ਪਵੇਗਾ।

ਅਤੇ ਉਹ ਅਹੰਕਾਰ ਜਾਵੇ ਅਤੇ 'ਮੈਂ' ਜੋ ਹਾਂ ਉਹ ਰੀਅਲਾਈਜ਼ (ਭਾਨ) ਤਾਂ ਹੋ ਚੁੱਕਿਆ, ਫਿਰ ਕਰਮ ਨਹੀਂ ਬੰਨ੍ਹੇ ਜਾਣਗੇ। ਫਿਰ ਜੱਜ ਹੋਵੇ ਤਾਂ ਵੀ ਕਰਮ ਨਹੀਂ ਬੰਨ੍ਹੇ ਜਾਣਗੇ। ਦਾਨੇਸ਼ਵਰੀ ਹੋਵੇ ਤਾਂ ਵੀ ਕਰਮ ਨਹੀਂ ਬੰਨ੍ਹੇ ਜਾਣਗੇ। ਸਾਧੂ ਹੋਵੇ ਤਾਂ ਵੀ ਕਰਮ ਨਹੀਂ ਬੰਨ੍ਹੇ ਜਾਣਗੇ ਅਤੇ ਕਸਾਈ ਹੋਵੇ ਤਾਂ ਵੀ ਕਰਮ ਨਹੀਂ ਬੰਨ੍ਹੇ ਜਾਣਗੇ। ਕੀ ਕਿਹਾ ਮੈਂ ? ਕਿਉਂ ਚੌਂਕ ਗਏ ? ਕਸਾਈ ਕਿਹਾ ਇਸ ਲਈ ? ਕਸਾਈ ਨੂੰ ਪੁੱਛੋ ਨਾ ਤਾਂ ਉਹ ਕਹੇਗਾ, ਸਾਹਿਬ ਮੇਰੇ ਬਾਪ-ਦਾਦਾ ਤੋਂ ਚੱਲਿਆ ਆਇਆ ਵਪਾਰ ਹੈ!

**ਪ੍ਰਸ਼ਨਕਰਤਾ** : ਅਹੰਕਾਰ ਕਰਦਾ ਹੈ, ਤਾਂ ਹੀ ਪੁੰਨ ਸ਼ਬਦ ਦਾ ਪ੍ਰਯੋਗ ਹੁੰਦਾ ਹੈ ਅਤੇ ਅਹੰਕਾਰ ਕਰਦਾ ਹੈ, ਤਾਂ ਹੀ ਪਾਪ ਸ਼ਬਦ ਦਾ ਪ੍ਰਯੋਗ ਹੁੰਦਾ ਹੈ।

**ਦਾਦਾਸ਼੍ਰੀ** : ਉਹ ਠੀਕ ਹੈ। ਅਹੰਕਾਰ ਕਰਦਾ ਹੈ ਤਾਂ ਹੀ ਪਾਪ-ਪੁੰਨ ਸ਼ਬਦ ਦਾ ਪ੍ਰਯੋਗ ਹੁੰਦਾ ਹੈ। ਪਰ ਅਹੰਕਾਰ ਇਸ ਨੂੰ ਥੋੜ੍ਹਾ ਬਦਲ ਦਿੰਦਾ ਹੈ, ਦੂਸਰਾ ਇਸ ਵਿੱਚ ਕੁੱਝ ਵੱਡਾ ਫ਼ਰਕ ਨਹੀਂ ਲਿਆਉਂਦਾ। ਉਹ ਤਾਂ ਹੋ ਚੁੱਕੀ ਹੈ ਉਹ ਚੀਜ਼ ਹੈ। ਉਹ ਇੱਟ ਹੈਪਨਸ ਹੈ ਅਤੇ ਨਵਾਂ ਵਾਪਸ ਹੋ ਰਿਹਾ ਹੈ। ਨਵੀਂ ਫ਼ਿਲਮ ਬਣ ਰਹੀ ਹੈ ਅਤੇ ਪੁਰਾਣੀ ਫ਼ਿਲਮ ਤਾਂ ਖੁੱਲ੍ਹ ਰਹੀ ਹੈ।

ਜਦੋਂ ਤੱਕ ਅਹੰਕਾਰ ਹੈ ਉਦੋਂ ਤੱਕ ਨਵਾਂ ਚਿੱਤਰਣ ਕੀਤੇ ਬਿਨਾਂ ਰਹਿੰਦਾ ਹੀ ਨਹੀਂ ਨਾ! ਅਸੀਂ ਚਾਹੇ ਜਿੰਨਾ ਸਮਝਾਈਏ ਪਰ ਨਵਾਂ ਚਿੱਤਰਣ ਕੀਤੇ ਬਿਨਾਂ ਰਹਿੰਦਾ ਹੀ ਨਹੀਂ ਨਾ। ਅਹੰਕਾਰ ਕੀ ਨਹੀਂ ਕਰਦਾ ? ਅਹੰਕਾਰ ਨਾਲ ਹੀ ਇਹ ਸਭ ਖੜ੍ਹਾ ਹੋਇਆ ਹੈ। ਜੇ ਅਹੰਕਾਰ ਵਿਲੀਨ ਹੋ ਜਾਵੇ ਤਾਂ ਮੁਕਤੀ ਹੈ।

## ਸਬੰਧ, ਪੁੰਨ ਅਤੇ ਆਤਮਾ ਦਾ...

**ਪ੍ਰਸ਼ਨਕਰਤਾ** : ਆਤਮਾ ਦਾ ਪੁੰਨ ਨਾਲ ਕੋਈ ਸਬੰਧ ਹੈ ?

**ਦਾਦਾਸ਼੍ਰੀ** : ਕੋਈ ਸਬੰਧ ਨਹੀਂ ਹੈ। ਪਰ ਜਦੋਂ ਤੱਕ ਬਿਲੀਫ਼ ਇਸ ਤਰ੍ਹਾਂ ਦੀ ਹੈ ਕਿ 'ਇਹ ਮੈਂ ਕਰ ਰਿਹਾ ਹਾਂ', ਉਦੋਂ ਤੱਕ ਸਬੰਧ ਹੈ। ਜਿੱਥੇ 'ਮੈਂ ਨਹੀਂ ਕਰਦਾ ਹਾਂ'

ਇਹ ਰਾਈਟ ਬਿਲੀਫ਼ ਬੈਠ ਜਾਵੇ ਉਸ ਤੋਂ ਬਾਅਦ ਫਿਰ ਆਤਮਾ ਅਤੇ ਪੁੰਨ ਦਾ ਕੋਈ ਸਬੰਧ ਨਹੀਂ ਹੈ। 'ਮੈਂ ਦਾਨ ਕਰਦਾ ਹਾਂ', 'ਮੈਂ ਚੋਰੀ ਕਰਦਾ ਹਾਂ' ਦੋਵੇਂ ਹੀ ਈਗੋਇਜ਼ਮ ਹਨ। ਜਿੱਥੇ ਕੁੱਝ ਵੀ ਕੀਤਾ ਜਾਂਦਾ ਹੈ, ਉੱਥੇ ਪੁੰਨ ਬੰਨ੍ਹਦਾ ਹੈ ਜਾਂ ਪਾਪ ਬੰਨ੍ਹਦਾ ਹੈ।

## ਅਗਿਆਨਤਾ ਵਿੱਚ ਬੰਨ੍ਹੇ ਪਾਪ-ਪੁੰਨ, ਕਰਮ

**ਪ੍ਰਸ਼ਨਕਰਤਾ** : ਪਾਪ ਨਾਲ ਜਾਂ ਪੁੰਨ ਨਾਲ ਜਾਂ ਫਿਰ ਦੋਨਾਂ ਦਾ ਮਿਸ਼ਰਣ ਹੁੰਦਾ ਹੈ ਤਾਂ ਕਿਹੜੀ ਯੋਨੀ ਵਿੱਚ ਆਪਣਾ ਜਨਮ ਹੁੰਦਾ ਹੈ ?

**ਦਾਦਾਸ਼੍ਰੀ** : ਜਨਮ ਅਤੇ ਪਾਪ-ਪੁੰਨ ਨੂੰ ਲੈਣਾ-ਦੇਣਾ ਨਹੀਂ ਹੈ। ਜਨਮ ਹੋਣ ਤੋਂ ਬਾਅਦ ਪਾਪ-ਪੁੰਨ ਉਸਨੂੰ ਫ਼ਲ ਦਿੰਦੇ ਹਨ। ਯੋਨੀ ਕਿਸ ਆਧਾਰ 'ਤੇ ਮਿਲਦੀ ਹੈ ? ਕਿ 'ਮੈਂ ਚੰਦੂਭਾਈ ਹੀ ਹਾਂ ਅਤੇ ਇਹ ਮੈਂ ਕੀਤਾ' ਇੰਝ ਬੋਲੇ ਨਾ, ਉਸਦੇ ਨਾਲ ਹੀ ਯੋਨੀ ਵਿੱਚ ਬੀਜ ਪਿਆ।

ਹੁਣ ਕਰਤਾਪਨ ਕਿਉਂ ਹੈ ? ਤਾਂ ਕਹੀਏ, 'ਕਰਦਾ ਹੈ ਕੋਈ ਹੋਰ ਅਤੇ, ਪਰ-ਸ਼ਕਤੀ ਕੰਮ ਕਰ ਰਹੀ ਹੈ ਅਤੇ ਖੁਦ ਇੰਝ ਮੰਨਦਾ ਹੈ ਕਿ ਮੈਂ ਕਰਦਾ ਹਾਂ।' ਪਰ-ਸ਼ਕਤੀ ਦਾ ਪ੍ਰਤੱਖ ਪ੍ਰਮਾਣ ਕੀ ਹੈ ? ਤਾਂ ਕਹੀਏ, 'ਇਸ ਜਗਤ ਵਿੱਚ ਕੋਈ ਇਹੋ ਜਿਹਾ ਜੰਮਿਆ ਨਹੀਂ ਹੈ ਕਿ ਜਿਸਨੂੰ ਸੰਡਾਸ ਜਾਣ ਦੀ ਸੁਤੰਤਰ ਸ਼ਕਤੀ ਹੋਵੇ। ਉਹ ਤਾਂ ਪਰ-ਸ਼ਕਤੀ ਕਰਵਾਉਂਦੀ ਹੈ ਤਾਂ ਹੁੰਦਾ ਹੈ।'

ਹੁਣ ਇਹ ਪਰ-ਸ਼ਕਤੀ ਕਿਵੇਂ ਉਤਪੰਨ ਹੋ ਗਈ ? ਤਾਂ ਕਹਿੰਦੇ ਹਨ, ਹਰ ਇੱਕ ਜੀਵ ਅਗਿਆਨਤਾ ਵਿੱਚ ਪੁੰਨ ਅਤੇ ਪਾਪ ਦੋ ਹੀ ਕਰ ਸਕਦਾ ਹੈ, ਉਹ ਜੋ ਪਾਪ-ਪੁੰਨ ਕਰਦਾ ਹੈ, ਉਸਦੇ ਫ਼ਲਸਰੂਪ ਕਰਮ ਦੇ ਉਦੈ ਆਉਂਦੇ ਹਨ। ਉਹਨਾਂ ਉਦੈ ਨਾਲ ਫਿਰ ਕਰਮ ਲਿਪਟਦੇ ਹਨ। 'ਹੁਣ ਪਾਪ-ਪੁੰਨ ਬੰਨ੍ਹਣ ਦਾ ਮੂਲ ਕਾਰਣ ਕੀ ਹੈ ? ਉਹ ਨਾ ਬੰਨ੍ਹੇ ਜਾਣ ਕੀ ਇਹੋ ਜਿਹਾ ਕੋਈ ਉਪਾਅ ਹੈ ?' ਤਾਂ ਕਹਿੰਦੇ ਹਨ, 'ਕਰਤਾਪਨ ਨਾ ਹੋਵੇ ਤਾਂ ਪਾਪ-ਪੁੰਨ ਨਹੀਂ ਬੰਨ੍ਹਦੇ।' 'ਕਰਤਾਪਨ ਕਿਸ ਤਰ੍ਹਾਂ ਨਹੀਂ ਹੋਵੇਗਾ ?' ਤਾਂ ਕਹਿੰਦੇ ਹਨ, "ਜਦੋਂ ਤੱਕ ਅਗਿਆਨ ਹੈ, ਉਦੋਂ ਤੱਕ 'ਮੈਂ ਕਰਦਾ ਹਾਂ' ਉਹ ਭਾਨ ਹੈ। ਹੁਣ ਅਸਲ ਵਿੱਚ 'ਕੌਣ ਕਰ ਰਿਹਾ ਹੈ ?' ਉਹ ਜਾਣੇ ਤਾਂ ਕਰਤਾਪਨ ਨਹੀਂ ਹੋਵੇਗਾ।" ਪਾਪ-ਪੁੰਨ ਦੀ ਜੋ ਯੋਜਨਾ ਹੈ, ਉਹ ਇਹ ਸਭ

ਕਰਦੀ ਹੈ ਅਤੇ ਅਸੀਂ ਮੰਨਦੇ ਹਾਂ, 'ਮੈਂ ਕੀਤਾ'। ਫ਼ਾਇਦਾ ਤਾਂ ਸਾਨੂੰ ਉਹੀ ਕਰਵਾਉਂਦਾ ਹੈ। ਪੁੰਨ ਦੇ ਆਧਾਰ 'ਤੇ ਫ਼ਾਇਦਾ ਹੁੰਦਾ ਹੈ, ਤਾਂ ਅਸੀਂ ਸਮਝਦੇ ਹਾਂ ਕਿ 'ਓ..ਹੋ..ਹੋ.! ਮੈਂ ਕਮਾਇਆ।' ਅਤੇ ਜਦੋਂ ਪਾਪ ਦੇ ਅਧੀਨ ਹੁੰਦਾ ਹੈ, ਤਾਂ ਨੁਕਸਾਨ ਹੁੰਦਾ ਹੈ, ਫਿਰ ਪਤਾ ਚੱਲਦਾ ਹੈ ਕਿ ਇਹ ਤਾਂ ਮੇਰੇ ਅਧੀਨ ਨਹੀਂ ਹੈ। ਪਰ ਵਾਪਸ ਦੂਸਰੀ ਵਾਰ ਖੁਦ ਦੇ ਪੁੰਨ ਦੇ ਅਧੀਨ ਹੋਵੇ ਨਾ ਉਦੋਂ ਭੁੱਲ ਜਾਂਦਾ ਹੈ। ਇਸ ਲਈ ਫਿਰ ਤੋਂ ਕਰਤਾ ਬਣ ਜਾਂਦਾ ਹੈ।

ਇਹਨਾਂ ਪੰਜ ਇੰਦਰੀਆਂ ਨਾਲ ਜੋ ਕੁੱਝ ਕੀਤਾ ਜਾਂਦਾ ਹੈ, ਪੰਜ ਇੰਦਰੀਆਂ ਨਾਲ ਜੋ ਕੁੱਝ ਅਨੁਭਵ ਵਿੱਚ ਆਉਂਦਾ ਹੈ, ਇਹ ਜਗਤ ਜੋ ਚੱਲ ਰਿਹਾ ਹੈ ਉਹ ਸਾਰੀ ਹੀ ਪਰਸੱਤਾ ਹੈ ਅਤੇ ਉਸ ਵਿੱਚ ਇਹ ਲੋਕ ਕਹਿੰਦੇ ਹਨ ਕਿ 'ਇਹ ਮੈਂ ਕੀਤਾ'। ਉਹ ਕਰਮ ਦਾ ਕਰਤਾ ਬਣਿਆ, ਉਹੀ ਅਧਿਕਰਣ ਕਿਰਿਆ ਹੈ। ਇਸ ਲਈ ਫਿਰ ਭੋਗਤਾ ਹੋਣਾ ਪੈਂਦਾ ਹੈ।

ਹੁਣ ਕਰਤਾਪਨ ਕਿਵੇਂ ਮਿਟੇ ? ਤਾਂ ਕਹਿੰਦੇ ਹਨ, ਜਦੋਂ ਤੱਕ ਆਰੋਪਿਤ ਭਾਵ ਹੈ ਉਦੋਂ ਤੱਕ ਕਰਤਾਪਨ ਮਿਟੇਗਾ ਹੀ ਨਹੀਂ। ਖੁਦ ਖੁਦ ਦੇ ਮੂਲ ਸਰੂਪ ਵਿੱਚ ਆ ਜਾਵੇ ਤਾਂ ਕਰਤਾਪਨ ਮਿਟੇਗਾ। ਉਹ ਮੂਲ ਸਰੂਪ ਕਿਹੋ ਜਿਹਾ ਹੈ ? ਤਾਂ ਕਹੀਏ, 'ਕਿਰਿਆਕਾਰੀ ਨਹੀਂ ਹੈ। ਉਹ ਖੁਦ ਕਿਰਿਆਕਾਰੀ ਹੀ ਨਹੀਂ ਹੈ ਇਸ ਲਈ ਉਹ ਕਰਤਾ ਹੋਵੇਗਾ ਹੀ ਨਹੀਂ ਨਾ!' ਪਰ ਇਹ ਤਾਂ ਅਗਿਆਨਤਾ ਨਾਲ ਫੜ ਕੇ ਬੈਠਾ ਹੈ ਕਿ 'ਇਹ ਮੈਂ ਹੀ ਕਰ ਰਿਹਾ ਹਾਂ'। ਇਹੋ ਜਿਹੀ ਉਸਨੂੰ ਬੇਸੁਧੀ ਰਹਿੰਦੀ ਹੈ ਅਤੇ ਉਹੀ ਆਰੋਪਿਤ ਭਾਵ ਹੈ।

## ਅੰਤ ਵਿੱਚ ਤਾਂ ਪਰੇ ਹੋਣਾ ਹੈ ਪਾਪ-ਪੁੰਨ ਤੋਂ...

ਪੁੰਨ, ਉਹ ਕਿਰਿਆ ਦਾ ਫ਼ਲ ਹੈ, ਪਾਪ ਵੀ ਕਿਰਿਆ ਦਾ ਫ਼ਲ ਹੈ ਅਤੇ ਮੋਕਸ਼ 'ਅਕਿਰਿਅਤਾ' ਦਾ ਫ਼ਲ ਹੈ! ਜਿੱਥੇ ਕੋਈ ਵੀ ਕਿਰਿਆ ਹੈ, ਉੱਥੇ ਬੰਧ (ਕਰਮਬੰਧਨ) ਹੈ। ਉਹ ਫਿਰ ਪੁੰਨ ਦਾ ਹੋਵੇ ਜਾਂ ਪਾਪ ਦਾ, ਪਰ ਬੰਧ ਹੈ! ਅਤੇ 'ਜਾਣੇ' ਉਹ ਮੁਕਤੀ ਹੈ। 'ਵਿਗਿਆਨ' ਜਾਣਨ ਨਾਲ ਮੁਕਤੀ ਹੈ। ਇਹ ਸਭ ਜੋ-ਜੋ ਤਿਆਗੋਗੇ, ਉਸਦਾ ਫ਼ਲ ਭੋਗਣਾ ਪਵੇਗਾ। ਤਿਆਗ ਕਰਨਾ ਆਪਣੇ ਹੱਥ ਦੀ ਸੱਤਾ ਹੈ ? ਗ੍ਰਹਿਣ ਕਰਨਾ ਆਪਣੀ ਸੱਤਾ ਹੈ ? ਉਹ ਸੱਤਾ ਤਾਂ ਪਾਪ-ਪੁੰਨ ਦੇ ਅਧੀਨ ਹੈ।

# ਅੰਦਰ ਪ੍ਰੇਰਕ ਕੌਣ ਹੈ ?

ਅੰਦਰ ਤੋਂ ਜੋ ਪਤਾ ਚੱਲਦਾ ਹੈ, ਇਨਫਰਮੇਸ਼ਨ (ਸੂਚਨਾ) ਮਿਲਦੀ ਹੈ, ਉਹ ਪਾਪ-ਪੁੰਨ ਦੱਸਦੀ ਹੈ। ਅੰਦਰ ਸਾਰਾ ਹੀ ਗਿਆਨ-ਦਰਸ਼ਨ ਹੈ। ਅੰਦਰ ਤੋਂ ਸਾਰੀ ਖਬਰ ਮਿਲਦੀ ਹੈ। ਪਰ ਉਹ ਕਦੋਂ ਤੱਕ ਮਿਲਦੀ ਹੈ ਕਿ ਜਦੋਂ ਤੱਕ ਤੁਸੀਂ ਰੋਕੋ ਨਾ। ਉਸਦਾ ਉਲੰਘਣ ਕਰੋ ਤਾਂ ਇਨਫਰਮੇਸ਼ਨ ਆਉਣੀ ਬੰਦ ਹੋ ਜਾਵੇਗੀ।

ਆਤਮਾ ਪਰਮਾਤਮਾ ਸਰੂਪ ਹੈ। ਉਹ ਗਲਤ ਵੀ ਨਹੀਂ ਸੁਝਾਉਂਦਾ ਅਤੇ ਸਹੀ ਵੀ ਨਹੀਂ ਸੁਝਾਉਂਦਾ। ਉਹ ਤਾਂ ਪਾਪ ਦਾ ਉਦੈ ਆਵੇ ਤਾਂ ਗਲਤ ਸੁੱਝਦਾ ਹੈ ਅਤੇ ਪੁੰਨ ਦਾ ਉਦੈ ਆਉਣ 'ਤੇ ਸਹੀ ਦਿਸਦਾ ਹੈ। ਇਸ ਵਿੱਚ ਆਤਮਾ ਕੁੱਝ ਵੀ ਨਹੀਂ ਕਰਦਾ। ਉਹ ਤਾਂ ਸਿਰਫ਼ ਸਪੰਦਨਾਂ ਨੂੰ ਦੇਖਿਆ ਹੀ ਕਰਦਾ ਹੈ! ਇਕਾਗਰਤਾ ਤਾਂ ਅੰਦਰ ਤੋਂ ਆਪਣੇ ਕਰਮ ਦੇ ਉਦੈ ਸਾਥ ਦੇਣ ਤਾਂ ਹੁੰਦੀ ਹੈ। ਉਦੈ ਸਾਥ ਨਾ ਦੇਣ ਤਾਂ ਨਹੀਂ ਹੁੰਦੀ। ਪੁੰਨ ਦਾ ਉਦੈ ਹੋਵੇ ਤਾਂ ਇਕਾਗਰਤਾ ਹੁੰਦੀ ਹੈ, ਪਾਪ ਦਾ ਉਦੈ ਹੋਵੇ ਤਾਂ ਇਕਾਗਰਤਾ ਨਹੀਂ ਹੁੰਦੀ।

# 'ਗਿਆਨੀ' ਨਿਮਿਤ, ਆਤਮ ਪ੍ਰਾਪਤੀ ਦੇ

**ਪ੍ਰਸ਼ਨਕਰਤਾ** : ਕੀ ਆਤਮਾ ਨੂੰ ਪਹਿਚਾਨਣ ਲਈ ਨਿਮਿਤ ਦੀ ਜ਼ਰੂਰਤ ਹੈ ?

**ਦਾਦਾਸ਼੍ਰੀ** : ਨਿਮਿਤ ਦੇ ਬਿਨਾਂ ਤਾਂ ਕੁੱਝ ਵੀ ਨਹੀਂ ਹੁੰਦਾ।

**ਪ੍ਰਸ਼ਨਕਰਤਾ** : ਨਿਮਿਤ ਪੁੰਨ ਨਾਲ ਮਿਲਦਾ ਹੈ ਜਾਂ ਪੁਰਸ਼ਾਰਥ ਨਾਲ ?

**ਦਾਦਾਸ਼੍ਰੀ** : ਪੁੰਨ ਨਾਲ। ਬਾਕੀ, ਪੁਰਸ਼ਾਰਥ ਕਰੇ ਨਾ, ਇਸ ਉਪਾਸ਼ਰਿਆ ਤੋਂ ਉਸ ਉਪਾਸ਼ਰਿਆ ਦੌੜਦਾ ਫਿਰੇ, ਇਸ ਤਰ੍ਹਾਂ ਅਨੰਤ ਜਨਮਾਂ ਤੱਕ ਭਟਕਦਾ ਰਹੇ ਤਾਂ ਵੀ ਨਿਮਿਤ ਪ੍ਰਾਪਤ ਨਹੀਂ ਹੋਵੇਗਾ ਅਤੇ ਆਪਣਾ ਪੁੰਨ ਹੋਵੇ ਤਾਂ ਰਸਤੇ ਵਿੱਚ ਮਿਲ ਜਾਣਗੇ। ਉਸਦੇ ਲਈ ਪੁੰਨਿਆਨੁਬੰਧੀ ਪੁੰਨ ਚਾਹੀਦਾ ਹੈ।

**ਪ੍ਰਸ਼ਨਕਰਤਾ** : 'ਗਿਆਨੀ ਪੁਰਖ' ਕਿਹੜੇ ਪੁੰਨ ਦੇ ਆਧਾਰ 'ਤੇ ਮਿਲਦੇ ਹਨ ?

**ਦਾਦਾਸ਼੍ਰੀ** : ਪੁੰਨਿਆਨੁਬੰਧੀ ਪੁੰਨ ਦੇ ਆਧਾਰ 'ਤੇ! ਇਹ ਇੱਕ ਹੀ ਸਾਧਨ ਹੈ ਕਿ ਜਿਸਦੇ ਕਾਰਣ ਮੇਰੇ ਨਾਲ ਭੇਂਟ (ਮੁਲਾਕਾਤ) ਹੋਵੇਗੀ। ਕੋਟਿ ਜਨਮਾਂ ਦੇ ਪੁੰਨ ਜਾਗਣ, ਤਾਂ ਗਿਆਨੀ ਪੁਰਖ ਦਾ ਯੋਗ ਪ੍ਰਾਪਤ ਹੁੰਦਾ ਹੈ।

# ਪੁੰਨ ਰੂਪੀ ਸਾਥ ਮੋਕਸ਼ ਦਾ...

**ਪ੍ਰਸ਼ਨਕਰਤਾ** : ਕੀ ਪੁੰਨ ਦੇ ਭਾਵ ਆਤਮਾਰਥ ਦੇ ਲਈ ਹਿੱਤਕਾਰੀ ਹਨ ?

**ਦਾਦਾਸ਼੍ਰੀ** : ਉਹ ਆਤਮਾ ਲਈ ਹਿੱਤਕਾਰੀ ਇਸ ਲਈ ਹਨ ਕਿ ਜੇ ਉਹ ਪੁੰਨ ਹੋਣ ਨਾ, ਤਾਂ ਇੱਥੇ ਸਤਿਸੰਗ ਵਿੱਚ ਗਿਆਨੀ ਪੁਰਖ ਕੋਲ ਆਇਆ ਜਾਂਦਾ ਹੈ ਨਾ! ਨਹੀਂ ਤਾਂ ਇਹਨਾਂ ਮਜ਼ਦੂਰਾਂ ਦੇ ਪਾਪ ਹਨ, ਇਸ ਲਈ ਉਸ ਵਿਚਾਰੇ ਤੋਂ ਇੱਥੇ ਆਇਆ ਕਿਵੇਂ ਜਾਵੇ ? ਸਾਰਾ ਦਿਨ ਮਿਹਨਤ ਕਰੇ, ਤਾਂ ਸ਼ਾਮ ਨੂੰ ਖਾਣੇ ਦੇ ਪੈਸੇ ਮਿਲਦੇ ਹਨ। ਇਸ ਪੁੰਨ ਦੇ ਆਧਾਰ 'ਤੇ ਤਾਂ ਤੁਹਾਨੂੰ ਘਰ ਬੈਠੇ ਖਾਣ ਨੂੰ ਮਿਲਦਾ ਹੈ ਅਤੇ ਥੋੜ੍ਹਾ-ਬਹੁਤ ਖਾਲੀ ਸਮਾਂ ਮਿਲਦਾ ਹੈ। ਇਸ ਲਈ ਪੁੰਨ ਤਾਂ ਆਤਮਾਰਥ ਦੇ ਲਈ ਹਿੱਤਕਾਰੀ ਹੈ। ਪੁੰਨ ਹੋਵੇ ਤਾਂ ਫੁਰਸਤ ਮਿਲਦੀ ਹੈ। ਸਾਨੂੰ ਇਹੋ ਜਿਹੇ ਸੰਜੋਗ ਮਿਲ ਜਾਂਦੇ ਹਨ, ਥੋੜ੍ਹੀ ਮਿਹਨਤ ਨਾਲ ਪੈਸਾ ਮਿਲਦਾ ਹੈ ਅਤੇ ਪੁੰਨ ਹੋਵੇ ਤਾਂ ਦੂਸਰੇ ਪੁੰਨਸ਼ਾਲੀ ਲੋਕ ਮਿਲ ਜਾਂਦੇ ਹਨ, ਨਹੀਂ ਤਾਂ ਨਲਾਇਕ ਮਿਲਦੇ ਹਨ।

**ਪ੍ਰਸ਼ਨਕਰਤਾ** : ਕੀ ਆਤਮਾ ਲਈ ਉਹ ਜ਼ਿਆਦਾ ਹਿੱਤਕਾਰੀ ਹੈ ?

**ਦਾਦਾਸ਼੍ਰੀ** : ਜ਼ਿਆਦਾ ਹਿੱਤਕਾਰੀ ਨਹੀਂ ਹੈ, ਪਰ ਉਹ ਜ਼ਰੂਰਤ ਤਾਂ ਹੈ ਨਾ ? ਕਿਸੇ ਸਮੇਂ ਐਕਸੈਪਸ਼ਨਲ (ਅਪਵਾਦ) ਕੇਸ ਵਿੱਚ ਪਾਪ ਹੋਵੇ ਤਾਂ ਬਹੁਤ ਹਿੱਤਕਾਰੀ ਹੋ ਜਾਂਦਾ ਹੈ, ਪਰੰਤੂ ਪੁੰਨਿਆਨੁਬੰਧੀ ਪਾਪ ਹੋਣਾ ਚਾਹੀਦਾ ਹੈ। ਪੁੰਨਿਆਨੁਬੰਧੀ ਪਾਪ ਹੋਵੇ ਨਾ, ਤਾਂ ਜ਼ਿਆਦਾ ਹਿੱਤਕਾਰੀ ਹੋ ਜਾਂਦਾ ਹੈ।

# ਪਾਪ-ਪੁੰਨ, ਦੋਵੇਂ ਭਰਮ ?

**ਪ੍ਰਸ਼ਨਕਰਤਾ** : ਪੁੰਨਸ਼ਾਲੀ ਹੋਵੇ ਉਸਨੂੰ ਸਾਰੇ 'ਆਓ, ਬੈਠੋ' ਕਰਨ, ਤਾਂ ਉਸ ਨਾਲ ਉਸਦਾ ਅਹਿਮ ਨਹੀਂ ਵਧੇਗਾ ?

**ਦਾਦਾਸ਼੍ਰੀ** : ਇਸ ਤਰ੍ਹਾਂ ਹੈ ਨਾ, ਕਿ ਇਹ ਗੱਲ ਜਿਨ੍ਹਾਂ ਨੂੰ ਗਿਆਨ ਹੈ ਉਹਨਾਂ ਲਈ ਨਹੀਂ ਹੈ। ਇਹ ਤਾਂ ਸੰਸਾਰੀ ਗੱਲ ਹੈ, ਜਿਸਦੇ ਕੋਲ 'ਗਿਆਨ' ਹੈ ਉਸਨੂੰ ਤਾਂ ਪੁੰਨ ਵੀ ਨਹੀਂ ਰਿਹਾ ਅਤੇ ਪਾਪ ਵੀ ਨਹੀਂ ਰਿਹਾ! ਉਸਨੂੰ ਤਾਂ ਦੋਨਾਂ ਦਾ 'ਨਿਕਾਲ' ਹੀ ਕਰਨਾ ਬਾਕੀ ਰਿਹਾ। ਕਿਉਂਕਿ ਪੁੰਨ ਅਤੇ ਪਾਪ ਦੋਵੇਂ ਭ੍ਰਾਂਤੀਆਂ (ਭਰਮ) ਹਨ। ਪਰ ਜਗਤ ਨੇ ਉਸਨੂੰ ਬਹੁਤ ਕੀਮਤੀ ਮੰਨਿਆ ਹੈ! ਇਸ ਲਈ ਇਹ ਤਾਂ ਜਗਤ

ਦੀ ਗੱਲ ਕਰਦੇ ਹਾਂ। ਪਰ ਇਸ ਜਗਤ ਵਿੱਚ ਲੋਕ ਬਿਨਾਂ ਗੱਲ ਦੇ ਛਟਪਟਾ (ਤੜਫ਼) ਰਹੇ ਹਨ।

## ਬਹੁਤ ਪੁੰਨ, ਵਧਾਵੇ ਅਹੰਕਾਰ...

ਇਸ ਤਰ੍ਹਾਂ ਹੈ ਨਾ, ਇਹ ਕਲਯੁਗ ਹੈ, ਉਸ ਵਿੱਚ ਜੋ ਇੱਛਾਵਾਂ ਹੋਣ ਅਤੇ ਉਹਨਾਂ ਦੀ ਪ੍ਰਾਪਤੀ ਹੋ ਜਾਵੇ ਤਾਂ ਉਸਦਾ ਅਹੰਕਾਰ ਵੱਧ ਜਾਂਦਾ ਹੈ ਅਤੇ ਫਿਰ ਗੱਡੀ ਉਲਟੀ ਚੱਲਦੀ ਹੈ। ਇਸ ਕਲਯੁਗ ਵਿੱਚ ਉਸਨੂੰ ਠੋਕਰ ਲੱਗੇ ਨਾ ਤਾਂ ਚੰਗਾ ਹੈ। ਅਰਥਾਤ ਹਰ ਇੱਕ ਯੁੱਗ ਵਿੱਚ ਇਹ ਵਾਕ ਅਲੱਗ-ਅਲੱਗ ਤਰ੍ਹਾਂ ਹੁੰਦਾ ਹੈ। ਇਸ ਲਈ ਇਸ ਯੁੱਗ ਦਾ ਅਨੁਸਰਣ ਕਰਕੇ ਇਸ ਤਰ੍ਹਾਂ ਕਹਿ ਸਕਦੇ ਹਾਂ। ਹੁਣ ਤਾਂ ਇੱਛਾ ਦੇ ਅਨੁਸਾਰ ਮਿਲ ਜਾਵੇ ਤਾਂ ਉਸਦਾ ਅਹੰਕਾਰ ਵੱਧ ਜਾਵੇ, ਮਿਲਦਾ ਹੈ ਸਭ ਪੁੰਨ ਦੇ ਹਿਸਾਬ ਨਾਲ ਅਤੇ ਵੱਧਦਾ ਕੀ ਹੈ ? ਅਹੰਕਾਰ, 'ਮੈਂ ਹਾਂ'। ਇਸ ਲਈ ਇਹ ਜਿੰਨੀਆਂ ਇੱਛਾਵਾਂ ਹੁੰਦੀਆਂ ਹਨ, ਉਹਨਾਂ ਦੇ ਅਨੁਸਾਰ ਨਾ ਹੋਵੇ, ਤਾਂ ਉਸਦਾ ਅਹੰਕਾਰ ਟਿਕਾਣੇ 'ਤੇ ਰਹਿੰਦਾ ਹੈ ਅਤੇ ਗੱਲ ਨੂੰ ਸਮਝਣ ਲੱਗਦਾ ਹੈ। ਠੋਕਰ ਲੱਗੇ ਤਾਂ ਸਮਝ ਵਿੱਚ ਆਉਂਦਾ ਹੈ, ਨਹੀਂ ਤਾਂ ਸਮਝ ਵਿੱਚ ਹੀ ਨਹੀਂ ਆਉਂਦਾ ਨਾ! ਇੱਛਾ ਹੋਵੇ ਅਤੇ ਮਿਲ ਜਾਵੇ, ਉਸ ਨਾਲ ਤਾਂ ਇਹ ਲੋਕ ਉੱਚੇ ਚੜ੍ਹ ਗਏ ਹਨ। ਇੱਛਾ ਦੇ ਅਨੁਸਾਰ ਮਿਲਿਆ, ਇਸ ਲਈ ਇਹ ਦਸ਼ਾ ਹੋਈ ਵਿਚਾਰਿਆਂ ਦੀ। ਜੋ ਪੁੰਨ ਸੀ ਉਹ ਖਰਚ ਹੋ ਗਏ ਅਤੇ ਉਲਟੇ ਫਸ ਗਏ ਅਤੇ ਅਹੰਕਾਰ ਗਾੜ੍ਹਾ ਹੋ ਗਿਆ! ਅਹੰਕਾਰ ਵੱਧਦੇ ਦੇਰ ਨਹੀਂ ਲੱਗਦੀ। ਫ਼ਲ ਕੌਣ ਦਿੰਦਾ ਹੈ ? ਪੁੰਨ ਦਿੰਦਾ ਹੈ ਅਤੇ ਮਨ ਵਿੱਚ ਕੀ ਸਮਝਦਾ ਹੈ ਕਿ 'ਮੈਂ ਹੀ ਕਰਦਾ ਹਾਂ।' ਇਸ ਲਈ ਅਹੰਕਾਰੀ ਨੂੰ ਤਾਂ ਮਾਰ ਪਵੇ ਉਹੀ ਚੰਗਾ। ਇੱਛਾ ਹੋਈ ਅਤੇ ਤੁਰੰਤ ਮਿਲ ਗਿਆ ਫਿਰ ਘਰ ਵਿੱਚ ਲੱਤ ਤਾਂ ਉੱਚੀ ਹੀ ਰੱਖਦਾ ਹੈ। ਬਾਪ ਨੂੰ ਵੀ ਕੁੱਝ ਨਹੀਂ ਮੰਨਦਾ ਅਤੇ ਕਿਸੇ ਨੂੰ ਵੀ ਕੁੱਝ ਨਹੀਂ ਸਮਝਦਾ। ਇਸ ਲਈ ਇੱਛਾ ਹੋਈ ਅਤੇ ਮਿਲੇ ਤਾਂ ਸਮਝਣਾ ਕਿ ਅਧੋਗਤੀ ਵਿੱਚ ਜਾਣ ਵਾਲਾ ਹੈ, ਉਸਦਾ ਦਿਮਾਗ ਵੱਧਦੇ-ਵੱਧਦੇ ਚਕ੍ਰਮ ਹੋ ਜਾਂਦਾ ਹੈ। ਥੋੜ੍ਹੇ-ਬਹੁਤ ਲੋਕਾਂ ਨੂੰ ਹੁਣ ਇੱਛਾ ਦੇ ਅਨੁਸਾਰ ਮਿਲਿਆ ਹੈ, ਉਹ ਤਾਂ ਹੁਣ ਲੱਖਾਂ ਦੇ ਫਲੈਟ ਵਿੱਚ ਰਹਿੰਦੇ ਹਨ ਅਤੇ ਉਹਨਾਂ ਸਭ ਦੀ ਜਾਨਵਰ ਵਰਗੀ ਦਸ਼ਾ ਹੋ ਗਈ ਹੈ। ਫਲੈਟ ਹੋਵੇਗਾ ਲੱਖਾਂ ਦਾ, ਪਰ ਉਹ ਉਸਦੇ ਲਈ ਹਿੱਤਕਾਰੀ ਨਹੀਂ ਹੈ, ਪਰ ਇਹ ਤਾਂ ਉਹਨਾਂ ਉੱਤੇ ਦਇਆ ਰੱਖਣ ਵਰਗੀ ਸਥਿਤੀ ਹੈ।

# ਪੁੰਨ ਨਾਲ ਵੀ ਵਧੇ ਸੰਸਾਰ...

**ਪ੍ਰਸ਼ਨਕਰਤਾ** : ਪੁੰਨ ਦੇ ਬੰਧਨ ਨਾਲ ਸੰਸਾਰ ਤਾਂ ਵਧਦਾ ਹੈ, ਇਹੋ ਭਾਵਾਰਥ ਹੋਇਆ ਨਾ ?

**ਦਾਦਾਸ਼੍ਰੀ** : ਪੁੰਨ ਇੰਝ ਹਿੱਤਕਾਰੀ ਨਹੀਂ ਹੈ। ਪੁੰਨ ਤਾਂ ਇੱਕ ਤਰ੍ਹਾਂ ਹੈਲਪ ਕਰਦਾ ਹੈ। ਪਾਪ ਹੋਵੇ, ਤਾਂ ਗਿਆਨੀ ਪੁਰਖ ਮਿਲਣ ਹੀ ਨਾ। ਗਿਆਨੀ ਪੁਰਖ ਨੂੰ ਮਿਲਣਾ ਹੋਵੇ, ਪਰ ਪੂਰਾ ਦਿਨ ਮਿੱਲ ਵਿੱਚ ਨੌਕਰੀ ਕਰ ਰਿਹਾ ਹੋਵੇ ਤਾਂ ਕਿਸ ਤਰ੍ਹਾਂ ਮਿਲੇ ? ਇਸ ਲਈ ਇਸ ਤਰ੍ਹਾਂ ਪੁੰਨ ਹੈਲਪ ਕਰਦਾ ਹੈ ਅਤੇ ਉਹ ਵੀ ਪੁੰਨਿਆਨੁਬੰਧੀ ਪੁੰਨ ਹੋਵੇ, ਉਹੀ ਹੈਲਪ ਕਰਦਾ ਹੈ।

**ਪ੍ਰਸ਼ਨਕਰਤਾ** : ਜਿਸ ਤਰ੍ਹਾਂ ਪਾਪ ਨਾਲ ਸੰਸਾਰ ਵਧਦਾ ਹੈ, ਉਸੇ ਤਰ੍ਹਾਂ ਪੁੰਨ ਨਾਲ ਵੀ ਸੰਸਾਰ ਵਧਦਾ ਹੈ ਨਾ ?

**ਦਾਦਾਸ਼੍ਰੀ** : ਪੁੰਨ ਨਾਲ ਵੀ ਸੰਸਾਰ ਤਾਂ ਵਧਦਾ ਹੈ, ਪਰ ਇੱਥੋਂ ਜੋ ਮੋਕਸ਼ ਵਿੱਚ ਗਏ ਹਨ ਨਾ, ਉਹ ਜ਼ਬਰਦਸਤ ਪੁੰਨਸ਼ਾਲੀ ਸਨ। ਉਹਨਾਂ ਦੇ ਆਸਪਾਸ ਜੇ ਰਾਣੀਆਂ ਦੇਖਣ ਜਾਈਏ ਤਾਂ ਦੋ ਸੌ-ਪੰਜ ਸੌ ਤਾਂ ਰਾਣੀਆਂ ਹੁੰਦੀਆਂ ਸਨ ਅਤੇ ਰਾਜ ਤਾਂ ਬਹੁਤ ਵੱਡਾ ਹੁੰਦਾ ਸੀ। ਖੁਦ ਨੂੰ ਪਤਾ ਵੀ ਨਹੀਂ ਹੁੰਦਾ ਸੀ ਕਿ ਕਦੋਂ ਸੂਰਜ ਨਿਕਲਿਆ ਅਤੇ ਕਦੋਂ ਅਸਤ ਹੋ ਗਿਆ, ਪੁੰਨਸ਼ਾਲੀ ਤਾਂ ਇਹੋ ਜਿਹੇ ਵੈਭਵ ਵਿੱਚ ਜਨਮੇ ਹੁੰਦੇ ਹਨ! ਰਾਣੀਆਂ ਬਹੁਤ ਸਾਰੀਆਂ ਹੁੰਦੀਆਂ ਸਨ। ਵੈਭਵ ਹੋਵੇ ਤਾਂ ਵੀ ਉਹ ਅੱਕ ਜਾਂਦੇ ਸਨ ਕਿ ਇਸ ਸੰਸਾਰ ਵਿੱਚ ਕੀ ਸੁੱਖ ਹੈ ? ਪੰਜ ਸੌ ਰਾਣੀਆਂ ਵਿੱਚੋਂ ਪੰਜਾਹ ਰਾਣੀਆਂ ਉਹਨਾਂ ਉੱਤੇ ਖੁਸ਼ ਹੁੰਦੀਆਂ ਸਨ, ਬਾਕੀ ਦੀਆਂ ਮੂੰਹ ਚੜ੍ਹਾ ਕੇ ਫਿਰਦੀਆਂ ਰਹਿੰਦੀਆਂ ਸਨ। ਕਿੰਨੀਆਂ ਤਾਂ ਰਾਜੇ ਨੂੰ ਮਰਵਾਉਣ ਲਈ ਫਿਰਦੀਆਂ ਰਹਿੰਦੀਆਂ ਸਨ। ਅਰਥਾਤ ਇਹ ਜਗਤ ਤਾਂ ਮਹਾਮੁਸ਼ਕਿਲ ਵਾਲਾ ਹੈ। ਇਸ ਵਿੱਚੋਂ ਪਾਰ ਨਿਕਲਣਾ ਤਾਂ ਬਹੁਤ ਮੁਸ਼ਕਿਲ ਹੈ। ਗਿਆਨੀ ਪੁਰਖ ਮਿਲਣ ਤਾਂ ਉਹੀ ਛੁਟਕਾਰਾ ਦਿਵਾ ਸਕਦੇ ਹਨ, ਬਾਕੀ ਕੋਈ ਛੁਟਕਾਰਾ ਨਹੀਂ ਦਿਵਾ ਸਕਦਾ। ਗਿਆਨੀ ਪੁਰਖ ਬੰਧਨ ਮੁਕਤ ਹੋ ਗਏ ਹਨ, ਇਸ ਲਈ ਸਾਨੂੰ ਮੁਕਤੀ ਦਿਵਾ ਸਕਦੇ ਹਨ। ਉਹ ਤਰਣਤਾਰਣ ਹੋਏ ਹਨ, ਇਸ ਲਈ ਉਹ ਛੁਡਵਾ ਸਕਦੇ ਹਨ।

# ਹੱਤ ਪੁੰਨਸ਼ਾਲੀ, ਨਹੀਂ ਪਾਉਂਦੇ ਗਿਆਨੀ ਨੂੰ

**ਪ੍ਰਸ਼ਨਕਰਤਾ** : ਅਸੀਂ ਬਹੁਤ ਲੋਕਾਂ ਨੂੰ ਸਮਝਾਉਂਦੇ ਹਾਂ ਕਿ 'ਦਾਦਾ' ਦੇ ਕੋਲ ਆਓ, ਪਰ ਉਹ ਨਹੀਂ ਆਉਂਦੇ।

**ਦਾਦਾਸ਼੍ਰੀ** : ਪਰ ਆਉਣਾ ਆਸਾਨ ਨਹੀਂ ਹੈ। ਉਹ ਤਾਂ ਬਹੁਤ ਪੁੰਨ ਚਾਹੀਦਾ ਹੈ। ਜ਼ਬਰਦਸਤ ਪੁੰਨ ਹੋਵੇ ਤਾਂ ਮਿਲ ਸਕਦਾ ਹੈ। ਪੁੰਨ ਤੋਂ ਬਿਨਾਂ ਮਿਲੇ ਕਿੱਥੋਂ ? ਤੁਸੀਂ ਕਿੰਨੇ ਪੁੰਨ ਕੀਤੇ ਸਨ, ਤਾਂ ਮੈਨੂੰ ਮਿਲੇ ਹੋ। ਅਰਥਾਤ ਪੁੰਨ ਕੱਚਾ ਪੈ ਜਾਂਦਾ ਹੈ ਜਿਸ ਕਾਰਣ ਉਹ ਹੁਣ ਤੱਕ ਮਿਲ ਨਹੀਂ ਸਕਦੇ ਹਨ।

**ਪ੍ਰਸ਼ਨਕਰਤਾ** : ਲੋਕਾਂ ਦੇ ਪੁੰਨ ਕਦੋਂ ਜਾਗਣਗੇ ? ਨਿਮਿਤ ਤਾਂ ਉਤਕ੍ਰਿਸ਼ਟ (ਬਹੁਤ ਉੱਚਾ) ਹੈ।

**ਦਾਦਾਸ਼੍ਰੀ** : ਹਾਂ, ਪਰ ਪੁੰਨ ਜਾਗਣਾ ਇੰਨੀ ਆਸਾਨ ਗੱਲ ਨਹੀਂ ਹੈ ਨਾ। ਪੁੰਨਸ਼ਾਲੀ ਹੋਣਗੇ, ਉਹਨਾਂ ਦਾ ਪੁੰਨ ਜਾਗੇ ਬਗੈਰ ਰਹਿਣ ਵਾਲਾ ਨਹੀਂ ਹੈ। ਹੁਣ ਵੀ ਜੋ ਪੁੰਨਸ਼ਾਲੀ ਹੋਣਗੇ, ਉਹਨਾਂ ਦਾ ਜਾਗੇਗਾ ਹੀ।

# ਅਕ੍ਰਮ ਮਾਰਗ ਦੀ ਲਾਟਰੀ ਦੇ ਵਿਜੇਤਾ...

ਜਦੋਂ ਇਹਨਾਂ ਪੁੰਨਿਆਨੁਬੰਧੀ ਪੁੰਨਸ਼ਾਲੀਆਂ ਲਈ ਇਹੋ ਜਿਹਾ ਮਾਰਗ ਨਿਕਲਦਾ ਹੈ ਨਾ! ਪ੍ਰਤੱਖ ਦੇ ਬਿਨਾਂ ਕੁੱਝ ਵੀ ਨਹੀਂ ਹੋ ਸਕਦਾ। 'ਵੀਤਰਾਗ ਵਿਗਿਆਨ' ਪ੍ਰਤੱਖ ਦੇ ਬਿਨਾਂ ਕੰਮ ਆਏ ਅਜਿਹਾ ਨਹੀਂ ਹੈ ਅਤੇ ਇਹ ਤਾਂ 'ਅਕ੍ਰਮ ਵਿਗਿਆਨ' ਇਸ ਵਿੱਚ ਤਾਂ ਕੈਸ਼ ਡਿਪਾਰਟਮੈਂਟ (ਰੋਕੜ ਖਾਤਾ), ਕੈਸ਼ ਬੈਂਕ (ਰੋਕੜ ਬੈਂਕ) ਅਤੇ ਕ੍ਰਮਿਕ ਵਿੱਚ ਤਾਂ ਤਿਆਗ ਕਰਦੇ ਹਨ, ਪਰੰਤੂ ਕੈਸ਼ ਫ਼ਲ ਨਹੀਂ ਆਉਂਦਾ ਅਤੇ ਇਹ ਤਾਂ ਕੈਸ਼ ਫ਼ਲ!

ਇਹੋ ਜਿਹਾ ਗਿਆਨ ਇਹ ਸਾਢੇ ਤਿੰਨ ਅਰਬ ਦੀ ਜਨਸੰਖਿਆ ਵਿੱਚ ਕਿਸ ਨੂੰ ਨਹੀਂ ਚਾਹੀਦਾ ? ਸਭ ਨੂੰ ਚਾਹੀਦਾ ਹੈ। ਪਰ ਇਹ ਗਿਆਨ ਸਭ ਲਈ ਨਹੀਂ ਹੈ। ਇਹ ਤਾਂ ਮਹਾਪੁੰਨਸ਼ਾਲੀਆਂ ਲਈ ਹੈ। ਇਹ 'ਅਕ੍ਰਮ ਗਿਆਨ' ਪ੍ਰਗਟ ਹੋਇਆ ਹੈ, ਉਸ ਵਿੱਚ ਲੋਕਾਂ ਦੇ ਕੁੱਝ ਪੁੰਨ ਹੋਣਗੇ ਨਾ! ਸਿਰਫ਼ ਇੱਕ ਭਗਵਾਨ ਉੱਪਰ ਆਸਰਾ ਰੱਖਣ ਵਾਲੇ ਘੁੰਮਦੇ, ਭਟਕਣ ਵਾਲੇ, ਭਗਤਾਂ ਲਈ ਅਤੇ ਜਿਨ੍ਹਾਂ ਦੇ ਪੁੰਨ ਹੋਣਗੇ ਨਾ ਉਹਨਾਂ ਦੇ ਲਈ 'ਇਹ ਮਾਰਗ' ਨਿਕਲਿਆ ਹੈ। ਇਹ ਤਾਂ

ਬਹੁਤ ਪੁੰਨਸ਼ਾਲੀਆਂ ਲਈ ਹੈ ਅਤੇ ਇੱਥੇ ਸਹਿਜ ਹੀ ਆ ਜਾਵੇ ਅਤੇ ਸੱਚੀ ਭਾਵਨਾ ਨਾਲ ਮੰਗੇ ਉਹਨਾਂ ਨੂੰ ਦੇ ਦਿੰਦੇ ਹਾਂ। ਪਰ ਲੋਕਾਂ ਨੂੰ ਇਸਦੇ ਲਈ ਕੁੱਝ ਜਾ ਕੇ ਕਹਿਣਾ ਨਹੀਂ ਹੁੰਦਾ। ਇਹਨਾਂ 'ਦਾਦਾ' ਦੀ ਅਤੇ ਉਹਨਾਂ ਦੇ ਮਹਾਤਮਾਵਾਂ ਦੀ ਹਵਾ ਨਾਲ ਹੀ ਜਗਤ ਦਾ ਕਲਿਆਣ ਹੋ ਜਾਵੇਗਾ। ਮੈਂ ਨਿਮਿਤ ਹਾਂ, ਕਰਤਾ ਨਹੀਂ। ਇੱਥੇ ਜਿਸ ਨੂੰ ਭਾਵਨਾ ਹੋਈ ਅਤੇ 'ਦਾਦਾ' ਦੇ ਦਰਸ਼ਨ ਕੀਤੇ ਤਾਂ ਉਹ ਦਰਸ਼ਨ ਠੇਠ ਤੱਕ ਪਹੁੰਚਦੇ ਹਨ। 'ਦਾਦਾ' ਉਹ ਤਾਂ ਇਸ ਦੇਹ ਦੇ ਨੇੜੇ ਦੇ ਗੁਆਂਢੀ ਦੀ ਤਰ੍ਹਾਂ ਰਹਿੰਦੇ ਹਨ ਅਤੇ ਇਹ ਬੋਲ ਰਹੇ ਹਨ ਇਹ ਰਿਕਾਰਡ ਹੈ। ਇਹ 'ਅਕ੍ਰਮ ਗਿਆਨ' ਤਾਂ ਕੁੱਝ ਹੀ, ਬਹੁਤ ਪੁੰਨਸ਼ਾਲੀ ਹੋਣਗੇ, ਉਹਨਾਂ ਦੇ ਲਈ ਹੈ, ਇੱਥੇ ਤਾਂ ਜੋ 'ਸਹਿਜ' ਹੀ ਆ ਜਾਵੇ ਅਤੇ ਆਪਣਾ ਪੁੰਨ ਦਾ ਪਾਸਪੋਰਟ ਲੈ ਆਵੇ, ਉਸਨੂੰ ਅਸੀਂ ਗਿਆਨ ਦਿੰਦੇ ਹਾਂ। 'ਦਾਦਾ' ਦੀ ਕਿਰਪਾ ਪ੍ਰਾਪਤ ਕਰ ਗਿਆ, ਉਸਦਾ ਕੰਮ ਹੋ ਗਿਆ!

ਇੱਥੇ ਆਏ ਹੋਏ ਸਭ ਲੋਕ ਪੁੰਨ ਕਿੰਨੇ ਵਧੀਆ ਲੈ ਕੇ ਆਏ ਹਨ! 'ਦਾਦਾ' ਦੀ ਲਿਫ਼ਟ ਵਿੱਚ ਬੈਠ ਕੇ ਮੋਕਸ਼ ਵਿੱਚ ਜਾਣਾ ਹੈ। ਕੋਟਿ ਜਨਮਾਂ ਦਾ ਪੁੰਨ ਜਮ੍ਹਾ ਹੋਵੇ, ਉਦੋਂ 'ਦਾਦਾ' ਮਿਲਦੇ ਹਨ! ਅਤੇ ਫਿਰ ਚਾਹੇ ਕਿਹੋ ਜਿਹਾ ਵੀ ਡਿਪ੍ਰੈਸ਼ਨ ਹੋਵੇਗਾ ਉਹ ਚਲਾ ਜਾਵੇਗਾ। ਹਰ ਪਾਸੇ ਤੋਂ ਫਸਿਆ ਹੋਇਆਂ ਲਈ 'ਇਹ' ਸਥਾਨ ਹੈ। ਆਪਣੇ ਇੱਥੇ ਤਾਂ ਕ੍ਰੋਨਿਕ (ਪੁਰਾਣੇ) ਰੋਗ ਮਿਟ ਗਏ ਹਨ।

## ਵਿਸ਼ਵ ਵਿੱਚ ਅਰਬਪਤੀ ਕਿੰਨੇ ?

ਇੱਕ ਮਹਾਰਾਜ ਕਿਤੇ ਆਏ ਸਨ, ਉੱਥੇ ਲੱਖਾਂ ਲੋਕ ਇਕੱਠੇ ਹੋਏ ਸਨ। ਜਦੋਂ ਕਿ ਆਪਣੇ ਇੱਥੇ ਤਾਂ ਦੋ ਸੌ-ਤਿੰਨ ਸੌ ਲੋਕ ਇਕੱਠੇ ਹੋਏ। ਸੰਭਵ ਹੋਵੇ ਉਦੋਂ ਤੱਕ ਆਖ਼ਰੀ ਸਟੇਸ਼ਨ ਦਾ ਟਿਕਟ ਕੌਣ ਲਏਗਾ ? ਇਹੋ ਜਿਹੇ ਲੋਕ ਘੱਟ ਹੁੰਦੇ ਹਨ ਅਤੇ ਵਿਚਾਲੇ ਦੇ ਸਟੇਸ਼ਨ ਦੀ ਟਿਕਟ ਤਾਂ ਸਾਰੇ ਲੈਂਦੇ ਹਨ। ਇਸ ਲਈ ਇੱਕ ਆਦਮੀ ਮੈਨੂੰ ਕਹਿੰਦਾ ਹੈ ਕਿ, 'ਅਜਿਹਾ ਕਿਉਂ ?' ਤਾਂ ਮੈਂ ਕਿਹਾ, 'ਪੂਰੀ ਦੁਨੀਆ ਵਿੱਚ ਅਰਬਪਤੀਆਂ ਦੇ ਨਾਮ ਗਿਣਨ ਜਾਈਏ ਤਾਂ ਕਿੰਨੇ ਹੋਣਗੇ ?' ਤਾਂ ਕਹਿੰਦਾ, 'ਉਹ ਤਾਂ ਬਹੁਤ ਥੋੜ੍ਹੇ ਹੋਣਗੇ।' ਮੈਂ ਕਿਹਾ, 'ਅਤੇ ਆਮ ਲੋਕ ?' ਤਾਂ ਬੋਲਿਆ, 'ਉਹ ਤਾਂ ਬਹੁਤ ਸਾਰੇ ਹੋਣਗੇ।' ਤਾਂ ਇਹ ਜੋ ਧਰਮ ਵਿੱਚ ਮਹਾਪੁੰਨਸ਼ਾਲੀ ਹੋਣਗੇ, ਉਹ ਸਾਨੂੰ ਮਿਲਣਗੇ, ਅਤੇ ਪੈਸੇ ਦੇ ਪੁੰਨਸ਼ਾਲੀ ਹੋਣਗੇ ਉਹ ਤਾਂ ਅਰਬਪਤੀ

ਹੋਣਗੇ ਅਤੇ ਅਰਬਪਤੀ ਤੋਂ ਵੀ ਜ਼ਿਆਦਾ ਉੱਚਾ ਪੁੰਨ ਹੈ ਇਹ ਤਾਂ! ਉਸ ਤਰ੍ਹਾਂ ਦੇ ਤਾਂ ਬਹੁਤ ਘੱਟ ਹੁੰਦੇ ਹਨ।

ਪੁੰਨਿਆਨੁਬੰਧੀ ਪੁੰਨ 'ਗਿਆਨੀ ਪੁਰਖ' ਨਾਲ ਭੇਂਟ ਕਰਵਾ ਦਿੰਦਾ ਹੈ! ਹੁਣ ਉਹ ਪੁੰਨਿਆਨੁਬੰਧੀ ਪੁੰਨ ਕਿਸ ਨੂੰ ਕਿਹਾ ਜਾਂਦਾ ਹੈ ? ਕਿ ਜਿਨ੍ਹਾਂ ਨੂੰ 'ਦਾਦਾ ਭਗਵਾਨ' ਮਿਲ ਜਾਣ। ਕਰੋੜਾਂ ਜਨਮਾਂ ਤੱਕ ਨਹੀਂ ਮਿਲੇ ਇਹੋ ਜਿਹੇ 'ਦਾਦਾ', ਉਹ ਬਸ ਇੱਕ ਘੰਟੇ ਵਿੱਚ ਸਾਨੂੰ ਮੋਕਸ਼ ਦੇ ਦਿੰਦੇ ਹਨ। ਮੋਕਸ਼ ਦਾ ਸੁੱਖ ਚਖਾਉਂਦੇ ਹਨ, ਅਨੁਭੂਤੀ ਕਰਵਾ ਦਿੰਦੇ ਹਨ, ਕਦੇ ਹੀ ਉਹ ਦਾਦਾ ਭਗਵਾਨ ਮਿਲਦੇ ਹਨ, ਮੈਨੂੰ ਵੀ ਮਿਲ ਗਏ ਹਨ ਅਤੇ ਤੁਹਾਨੂੰ ਵੀ ਮਿਲ ਗਏ, ਦੇਖੋ ਨਾ!

**ਪ੍ਰਸ਼ਨਕਰਤਾ :** ਅਸੀਂ ਕਿੱਥੇ ਕੁੱਝ ਕਮਾ ਕੇ ਲਿਆਏ ਹਾਂ ? ਇਹ ਤਾਂ ਤੁਹਾਡੀ ਕਿਰਪਾ ਹੈ।

**ਦਾਦਾਸ਼੍ਰੀ :** ਪੁੰਨ ਅਰਥਾਤ ਕੀ, ਕਿ ਤੁਸੀਂ ਮੈਨੂੰ ਮਿਲ ਗਏ, ਉਹ ਤੁਹਾਡਾ ਕੋਈ ਹਿਸਾਬ ਸੀ ਉਸ ਆਧਾਰ 'ਤੇ! ਨਹੀਂ ਤਾਂ ਮੈਨੂੰ ਮਿਲਣਾ, ਉਹ ਬਹੁਤ ਮੁਸ਼ਕਿਲ ਹੈ। ਇਸ ਲਈ ਮਿਲਣਾ ਉਹ ਤੁਹਾਡਾ ਪੁੰਨ ਹੈ ਇੱਕ ਪ੍ਰਕਾਰ ਦਾ, ਅਤੇ ਮਿਲਣ ਤੋਂ ਬਾਅਦ ਆਉਣ ਅਤੇ, ਟਿਕੇ ਰਹਿਣ, ਤਾਂ ਬਹੁਤ ਉੱਚੀ ਗੱਲ ਹੈ।

## ਪੁੰਨ ਦੇ ਨਾਲ ਚਾਹੀਦੀ ਹੈ ਕਸ਼ਾਏ ਮੰਦਤਾ

**ਪ੍ਰਸ਼ਨਕਰਤਾ :** ਸਮਕਿਤ ਦੇ ਲਈ ਯਤਨ ਜ਼ਰੂਰੀ ਨਹੀਂ ਹੈ ?

**ਦਾਦਾਸ਼੍ਰੀ :** ਨਹੀਂ, ਯਤਨ ਤਾਂ ਆਪਣੇ ਆਪ, ਸਹਿਜ ਯਤਨ ਹੋਣਾ ਚਾਹੀਦਾ ਹੈ। ਇਹ ਤਾਂ ਖੇਤ ਜੋਤਦੇ ਹਨ ਇਹ ਲੋਕ! ਅਰਥਾਤ ਆਉਣ ਵਾਲੇ ਭਵ (ਜਨਮ) ਵਿੱਚ ਫ਼ਲ ਲੈਣ ਲਈ। ਸਮਕਿਤ ਵਿੱਚ ਫ਼ਲ ਰਹਿਤ ਵਾਲਾ ਹੋਣਾ ਚਾਹੀਦਾ ਹੈ। ਇਹ ਤਾਂ ਜਪ-ਤਪ ਆਦਿ ਜੋ-ਜੋ ਕਰਦੇ ਹਨ ਨਾ, ਉਸਦਾ ਪੁੰਨ ਬੰਨ੍ਹਦਾ ਹੈ ਅਤੇ ਉਸਦਾ ਫ਼ਲ ਮਿਲਦਾ ਹੈ।

**ਪ੍ਰਸ਼ਨਕਰਤਾ :** ਉਸਦਾ ਜੋ ਵੀ ਫ਼ਲ ਮਿਲੇ ਤਾਂ ਉਹ ਸਮਕਿਤ ਦੇ ਰੂਪ ਵਿੱਚ ਹੀ ਮਿਲਣਾ ਚਾਹੀਦਾ ਹੈ ਨਾ ?

**ਦਾਦਾਸ਼੍ਰੀ :** ਨਹੀਂ, ਨਹੀਂ। ਸਮਕਿਤ ਅਤੇ ਇਸਦਾ ਲੈਣਾ-ਦੇਣਾ ਨਹੀਂ ਹੈ। ਸਾਰੇ ਫ਼ਲ ਭੌਤਿਕ ਮਿਲਦੇ ਹਨ। ਦੇਵਗਤੀ ਮਿਲਦੀ ਹੈ, ਸਮਕਿਤ ਤਾਂ ਅਲੱਗ ਹੀ ਚੀਜ਼ ਹੈ।

# ਉਹ ਤਿੰਨ ਨਿਯਮ ਪੁੰਨਿਆਨੁਬੰਧੀ ਪੁੰਨ ਦੇ

ਸਮਕਿਤ ਪ੍ਰਾਪਤੀ ਲਈ ਪੁੰਨਿਆਨੁਬੰਧੀ ਪੁੰਨ ਚਾਹੀਦਾ ਹੈ। ਮੋਹ ਹੈ, ਉਹ ਟੁੱਟਣਾ ਚਾਹੀਦਾ ਹੈ, ਕ੍ਰੋਧ-ਮਾਨ-ਮਾਇਆ-ਲੋਭ ਘਟਣੇ ਚਾਹੀਦੇ ਹਨ ਤਾਂ ਉਹ ਸਮਕਿਤ ਵੱਲ ਜਾਵੇਗਾ। ਨਹੀਂ ਤਾਂ ਫਿਰ ਸਮਕਿਤ ਹੋਵੇਗਾ ਹੀ ਕਿਸ ਤਰ੍ਹਾਂ ? ਇਹਨਾਂ ਲੋਕਾਂ ਦੀਆਂ ਤਾਂ ਕ੍ਰੋਧ-ਮਾਨ-ਮਾਇਆ-ਲੋਭ ਵੱਧਣ ਇਹੋ ਜਿਹੀਆਂ ਕਿਰਿਆਵਾਂ ਹਨ, ਸਾਰੀਆਂ।

**ਪ੍ਰਸ਼ਨਕਰਤਾ** : ਕ੍ਰੋਧ-ਮਾਨ-ਮਾਇਆ-ਲੋਭ ਕਿਵੇਂ ਘੱਟ ਹੁੰਦੇ ਹਨ ਅਤੇ ਪੁੰਨਿਆਨੁਬੰਧੀ ਪੁੰਨ ਕਿਵੇਂ ਬੰਨ੍ਹਦੇ ਹਨ ?

**ਦਾਦਾਸ਼੍ਰੀ** : ਸਾਨੂੰ ਸਿਰਫ਼ ਮੋਕਸ਼ ਜਾਣ ਦੀ ਇੱਛਾ ਹੋਣੀ ਚਾਹੀਦੀ ਹੈ ਅਤੇ ਉਸ ਇੱਛਾ ਲਈ ਜੋ-ਜੋ ਕੀਤਾ ਜਾਵੇ, ਉਹ ਕਿਰਿਆ ਪੁੰਨਿਆਨੁਬੰਧੀ ਪੁੰਨ ਬੰਨ੍ਹਦੀ ਹੈ, ਕਿਉਂਕਿ ਹੇਤੂ ਮੋਕਸ਼ ਦਾ ਹੈ ਇਸ ਲਈ।

ਫਿਰ ਆਪਣੇ ਕੋਲ ਜੋ ਆਇਆ ਹੋਵੇ ਉਹ ਹੋਰਾਂ ਲਈ ਲੁਟਾ ਦੇਵੇ! ਉਸਨੂੰ ਜੀਵਨ ਜਿਊਣਾ ਆਇਆ ਕਿਹਾ ਜਾਂਦਾ ਹੈ। ਪਾਗਲਪਨ ਨਾਲ ਨਹੀਂ, ਸਮਝਦਾਰੀ ਨਾਲ ਲੁਟਾ ਦੇਵੇ। ਪਾਗਲਪਨ ਨਾਲ ਸ਼ਰਾਬ ਪੀਂਦਾ ਹੋਵੇ, ਉਸ ਨਾਲ ਕੁੱਝ ਭਲਾ ਨਹੀਂ ਹੁੰਦਾ। ਕਦੇ ਵੀ ਨਸ਼ਾ ਨਾ ਕਰੇ ਅਤੇ ਹੋਰਾਂ ਲਈ ਲੁਟਾਏ, ਉਹ ਪੁੰਨਿਆਨੁਬੰਧੀ ਪੁੰਨ ਕਹਾਉਂਦਾ ਹੈ।

ਉਸ ਤੋਂ ਅੱਗੇ ਪੁੰਨਿਆਨੁਬੰਧੀ ਪੁੰਨ ਕਿਹੜਾ ਹੈ ? ਕਿਸੇ ਵੀ ਕਿਰਿਆ ਵਿੱਚ ਬਦਲੇ ਦੀ ਆਸ਼ਾ ਨਾ ਰੱਖੇ, ਸਾਹਮਣੇ ਵਾਲੇ ਨੂੰ ਸੁੱਖ ਦਿੰਦੇ ਸਮੇਂ ਕਿਸੇ ਵੀ ਤਰ੍ਹਾਂ ਦੇ ਬਦਲੇ ਦੀ ਇੱਛਾ ਨਾ ਰੱਖੇ, ਉਹ ਪੁੰਨਿਆਨੁਬੰਧੀ ਪੁੰਨ ਹੈ!

# ਗਿਆਨ ਹੀ ਛੁਡਾਵੇ ਭਟਕਣ ਵਿੱਚੋਂ

ਲੋਕਾਂ ਨੇ ਜੋ ਜਾਣਿਆ ਹੈ, ਉਹ ਲੌਕਿਕ ਗਿਆਨ ਹੈ। ਸੱਚਾ ਗਿਆਨ ਤਾਂ ਵਾਸਤਵਿਕ ਹੁੰਦਾ ਹੈ ਅਤੇ ਵਾਸਤਵਿਕ ਗਿਆਨ ਹੋਵੇ, ਉਹ ਕਿਸੇ ਵੀ ਪ੍ਰਕਾਰ ਦਾ ਅਜੰਪਾ (ਬੇਚੈਨੀ) ਹੋਣ ਨਹੀਂ ਦਿੰਦਾ। ਉਹ ਅੰਦਰ ਕਿਸੇ ਵੀ ਤਰ੍ਹਾਂ ਦਾ ਪਜ਼ਲ ਖੜ੍ਹਾ ਹੋਣ ਨਹੀਂ ਦਿੰਦਾ। ਇਸ ਭ੍ਰਾਂਤੀ ਗਿਆਨ ਨਾਲ ਤਾਂ ਨਿਰੇ ਪਜ਼ਲ ਹੀ ਖੜ੍ਹੇ ਹੁੰਦੇ ਰਹਿੰਦੇ ਹਨ, ਅਤੇ ਉਹ ਪਜ਼ਲ ਫਿਰ ਸੌਲਵ ਨਹੀਂ ਹੁੰਦੇ। ਗੱਲ ਸੱਚੀ ਹੈ, ਪਰ ਉਹ ਸਮਝ ਵਿੱਚ ਆਉਣੀ ਚਾਹੀਦੀ ਹੈ ਨਾ ? ਮਤਲਬ ਸਮਝ ਵਿੱਚ ਫਿੱਟ ਹੋਏ

ਬਿਨਾਂ ਕਦੇ ਵੀ ਹੱਲ ਨਹੀਂ ਆਉਂਦਾ। ਸਮਝ ਵਿੱਚ ਫਿੱਟ ਹੋਣਾ ਚਾਹੀਦਾ ਹੈ। ਸਮਝ ਵਿੱਚ ਆ ਸਕੇ ਉਸਦੇ ਲਈ ਪਾਪ ਧੋਣੇ ਪੈਂਦੇ ਹਨ। ਪਾਪ ਨਹੀਂ ਧੋਤੇ ਉਦੋਂ ਤੱਕ ਟਿਕਾਣੇ ਨਹੀਂ ਆਉਂਦਾ। ਪਾਪ ਹੀ ਉਲਝਾਉਂਦੇ ਹਨ। ਪਾਪ ਰੂਪੀ ਅਤੇ ਪੁੰਨ ਰੂਪੀ ਪੱਚਰ (ਰੁਕਾਵਟ) ਹੈ ਵਿਚਾਲੇ। ਉਹੀ ਮਨੁੱਖ ਨੂੰ ਉਲਝਾਉਂਦੇ ਰਹਿੰਦੇ ਹਨ ਨਾ!

ਅਨੰਤ ਜਨਮਾਂ ਤੋਂ ਭਟਕਦੇ-ਭਟਕਦੇ ਇਸ ਭੌਤਿਕ ਦੇ ਹੀ ਪਿੱਛੇ ਪਏ ਹੋਏ ਹਾਂ। ਇਸ ਭੌਤਿਕ ਵਿੱਚ ਅੰਤਰ ਸ਼ਾਂਤੀ ਨਹੀਂ ਹੁੰਦੀ। ਰੁਪਇਆਂ ਦਾ ਬਿਸਤਰ ਵਿਛਾ ਦੇਵੇ ਤਾਂ ਕੀ ਨੀਂਦ ਆਵੇਗੀ ? ਇਸ ਵਿੱਚ ਤਾਂ ਖੁਦ ਦੀਆਂ ਸਾਰੀਆਂ ਅਨੰਤ ਸ਼ਕਤੀਆਂ ਵਿਅਰਥ ਹੋ ਗਈਆਂ!

ਗਿਆਨੀ ਪੁਰਖ ਪਾਪ ਧੋ ਦਿੰਦੇ ਹਨ। ਕ੍ਰਿਸ਼ਨ ਭਗਵਾਨ ਨੇ ਗੀਤਾ ਵਿੱਚ ਕਿਹਾ ਹੈ, ਗਿਆਨੀ ਪੁਰਖ ਪਾਪ ਦੀ ਪੋਟਲੀ ਬਣਾ ਕੇ ਨਸ਼ਟ ਕਰ ਦਿੰਦੇ ਹਨ। ਉਸ ਪਾਪ ਦਾ ਨਾਸ਼ ਹੋ ਜਾਵੇ ਤਾਂ ਆਤਮਾ ਪ੍ਰਗਟ ਹੁੰਦਾ ਹੈ, ਨਹੀਂ ਤਾਂ ਕਿਸੇ ਵੀ ਤਰ੍ਹਾਂ ਨਾਲ ਆਤਮਾ ਪ੍ਰਗਟ ਨਹੀਂ ਹੁੰਦਾ। ਖੁਦ ਕਿਸ ਤਰ੍ਹਾਂ ਪਾਪ ਦਾ ਨਾਸ਼ ਕਰ ਸਕੇਗਾ ? ਨਵਾਂ ਪੁੰਨ ਜ਼ਰੂਰ ਬੰਨ੍ਹ ਸਕਦਾ ਹੈ, ਪਰੰਤੂ ਪੁਰਾਣੇ ਪਾਪਾਂ ਦਾ ਨਾਸ਼ ਨਹੀਂ ਕਰ ਸਕਦਾ। ਗਿਆਨੀ ਪੁਰਖ ਦਾ ਗਿਆਨ ਹੀ ਪਾਪਾਂ ਦਾ ਨਾਸ਼ ਕਰ ਸਕਦਾ ਹੈ।

ਬਾਕੀ, ਪੁੰਨ ਅਤੇ ਪਾਪ, ਪਾਪ ਅਤੇ ਪੁੰਨ, ਉਹਨਾਂ ਦੇ ਅਨੁਬੰਧ ਵਿੱਚ ਹੀ ਮਨੁੱਖ ਮਾਤਰ ਭਟਕਦਾ ਰਹਿੰਦਾ ਹੈ। ਉਸਨੂੰ ਕਦੇ ਵੀ ਉਸ ਵਿੱਚੋਂ ਮੁਕਤੀ ਨਹੀਂ ਮਿਲਦੀ। ਬਹੁਤ ਪੁੰਨ ਕਰੇ ਤਾਂ ਜ਼ਿਆਦਾ ਹੋਇਆ ਤਾਂ ਦੇਵਗਤੀ ਮਿਲਦੀ ਹੈ, ਪਰ ਮੋਕਸ਼ ਤਾਂ ਮਿਲਦਾ ਹੀ ਨਹੀਂ। ਮੋਕਸ਼ ਤਾਂ ਗਿਆਨੀ ਪੁਰਖ ਮਿਲਣ, ਅਤੇ ਤੁਹਾਡੇ ਅਨੰਤ ਕਾਲ ਦੇ ਪਾਪਾਂ ਨੂੰ ਭਸਮੀਭੂਤ ਕਰਕੇ ਤੁਹਾਡੇ ਹੱਥ ਵਿੱਚ ਸ਼ੁੱਧਾਤਮਾ ਦੇ ਦੇਣ, ਉਦੋਂ ਹੋਵੇਗਾ। ਉਦੋਂ ਤੱਕ ਚੁਰਾਸੀ ਲੱਖ ਯੋਨੀਆਂ ਵਿੱਚ ਭਟਕਦੇ ਹੀ ਰਹਿਣਾ ਹੈ।

'ਅਸੀਂ' ਗਿਆਨ ਦਿੰਦੇ ਹਾਂ, ਉਦੋਂ ਚਿਤ ਸ਼ੁੱਧ ਕਰ ਦਿੰਦੇ ਹਾਂ। ਪਾਪ ਦਾ ਨਾਸ਼ ਕਰਦੇ ਹਾਂ ਅਤੇ ਦਿਵਯ ਚਕਸ਼ੂ ਦੇ ਦਿੰਦੇ ਹਾਂ, ਸਭ ਪ੍ਰਕਾਰ ਤੋਂ ਉਸਦੇ ਆਤਮਾ ਅਤੇ ਅਨਾਤਮਾ ਨੂੰ ਅਲੱਗ ਕਰ ਦਿੰਦੇ ਹਾਂ!

## ਵੀਜ਼ਾ, ਮਹਾਵਿਦੇਹ ਖੇਤਰ ਦਾ

**ਪ੍ਰਸ਼ਨਕਰਤਾ** : ਮਹਾਵਿਦੇਹ ਖੇਤਰ ਵਿੱਚ ਕਿਸ ਤਰ੍ਹਾਂ ਜਾਇਆ ਜਾ ਸਕਦਾ ਹੈ ? ਪੁੰਨ ਨਾਲ ?

**ਦਾਦਾਸ਼੍ਰੀ** : ਇਹ ਗਿਆਨ ਮਿਲਣ ਤੋਂ ਬਾਅਦ ਸਾਡੀਆਂ ਪੰਜ ਆਗਿਆਵਾਂ ਪਾਲੇ, ਤਾਂ ਉਸ ਨਾਲ ਇਸ ਭਵ ਵਿੱਚ ਪੁੰਨ ਬੰਧ ਹੀ ਰਹੇ ਹਨ, ਉਹ ਮਹਾਵਿਦੇਹ ਖੇਤਰ ਵਿੱਚ ਲੈ ਜਾਂਦੇ ਹਨ। ਆਗਿਆ ਪਾਲਣ ਨਾਲ ਧਰਮ ਧਿਆਨ ਹੁੰਦਾ ਹੈ। ਉਹ ਸਾਰਾ ਫ਼ਲ ਦੇਵੇਗਾ। ਅਸੀਂ ਮੋਕਸ਼ ਵਿੱਚ ਜਾਣਾ ਹੈ, ਉੱਥੇ ਮੋਕਸ਼ ਵਿੱਚ ਜਾਇਆ ਜਾਵੇ, ਓਨਾ ਪੁੰਨ ਚਾਹੀਦਾ ਹੈ। ਇੱਥੇ ਤੁਸੀਂ ਸੀਮੰਧਰ ਸੁਆਮੀ ਦਾ ਜਿੰਨਾ ਕਰੋਗੇ (ਭਗਤੀ-ਅਰਾਧਨਾ), ਓਨਾ ਸਭ ਤੁਹਾਡਾ ਆ ਗਿਆ।

ਤੁਸੀਂ ਸੀਮੰਧਰ ਸੁਆਮੀ ਦਾ ਨਾਮ ਤਾਂ ਸੁਣਿਆ ਹੈ ਨਾ ? ਉਹ ਹੁਣ ਤੀਰਥੰਕਰ ਹਨ, ਮਹਾਵਿਦੇਹ ਖੇਤਰ ਵਿੱਚ ਅੱਜ ਉਹਨਾਂ ਦੀ ਹਾਜ਼ਰੀ ਹੈ।

ਸੀਮੰਧਰ ਸੁਆਮੀ ਦੀ ਉਮਰ ਕਿੰਨੀ, 60-70 ਸਾਲ ਦੀ ਹੋਵੇਗੀ ? ਪੌਣੇ ਦੋ ਲੱਖ ਸਾਲ ਦੀ ਉਮਰ ਹੈ! ਅਜੇ ਸਵਾ ਲੱਖ ਸਾਲ ਜਿਊਣ ਵਾਲੇ ਹਨ! ਅਸੀਂ ਉਹਨਾਂ ਦੇ ਨਾਲ ਤਾਰ ਜੋੜਦੇ ਹਾਂ। ਕਿਉਂਕਿ ਉੱਥੇ ਜਾਣਾ ਹੈ। ਇੱਥੋਂ ਹੀ ਸਿੱਧਾ ਮੋਕਸ਼ ਹੋਣ ਵਾਲਾ ਨਹੀਂ ਹੈ। ਅਜੇ ਇੱਕ ਜਨਮ ਬਾਕੀ ਰਹੇਗਾ। ਉਹਨਾਂ ਦੇ ਕੋਲ ਬੈਠਣਾ ਹੈ ਇਸ ਲਈ ਤਾਰ ਜੋੜ ਦਿੰਦਾ ਹਾਂ।

ਅਤੇ ਇਹ ਭਗਵਾਨ ਪੂਰੇ ਵਰਲਡ ਦਾ ਕਲਿਆਣ ਕਰਨਗੇ। ਪੂਰੇ ਵਰਲਡ ਦਾ ਕਲਿਆਣ ਹੋਵੇਗਾ ਉਹਨਾਂ ਦੇ ਨਿਮਿਤ ਨਾਲ। ਕਿਉਂਕਿ ਉਹ ਜੀਵਤ (ਜਿਊਂਦੇ) ਹਨ। ਜੋ ਮੋਕਸ਼ ਵਿੱਚ ਜਾ ਚੁੱਕੇ ਹੋਣ, ਉਹਨਾਂ ਤੋਂ ਕੁੱਝ ਹੋ ਨਹੀਂ ਸਕਦਾ, ਉਹਨਾਂ ਦੀ ਭਗਤੀ ਨਾਲ ਸਿਰਫ਼ ਪੁੰਨ ਬੰਨ੍ਹਦਾ ਹੈ, ਜੋ ਸੰਸਾਰ ਫ਼ਲ ਦਿੰਦਾ ਹੈ!

## ਉੱਥੇ ਪੁੰਨ ਅਤੇ ਪਾਪ ਦੋਵੇਂ ਨਿਕਾਲੀ...

ਧਰਮ ਦੋ ਤਰ੍ਹਾਂ ਦੇ ਹਨ-ਇੱਕ ਸੁਭਾਵਿਕ ਧਰਮ, ਉਸਨੂੰ ਰੀਅਲ ਧਰਮ ਕਹਿੰਦੇ ਹਨ ਅਤੇ ਦੂਸਰਾ ਵਿਭਾਵਿਕ ਧਰਮ, ਜੋ ਰਿਲੇਟਿਵ ਧਰਮ ਕਹਾਉਂਦਾ ਹੈ। ਜਦੋਂ 'ਸ਼ੁੱਧਾਤਮਾ' ਪ੍ਰਾਪਤ ਹੋ ਜਾਵੇ, ਉਦੋਂ ਸੁਭਾਵਿਕ ਧਰਮ ਵਿੱਚ ਆਉਂਦੇ ਹਨ। ਸੁਭਾਵਿਕ ਧਰਮ ਹੀ ਖਰਾ ਧਰਮ ਹੈ, ਉਸ ਧਰਮ ਵਿੱਚ ਚੰਗਾ-ਮਾੜਾ ਕੁੱਝ ਵੀ ਚੁਣਨਾ ਹੈ ਹੀ ਨਹੀਂ। ਵਿਭਾਵਿਕ ਧਰਮ ਵਿੱਚ ਸਭ ਕੁੱਝ ਚੁਣਨਾ ਹੈ।

ਦਾਨ ਕਰਨਾ, ਲੋਕਾਂ 'ਤੇ ਉਪਕਾਰ ਕਰਨਾ, ਓਬਲਾਇਜ਼ਿੰਗ ਨੇਚਰ ਰੱਖਣਾ, ਲੋਕਾਂ ਦੀ ਸੇਵਾ ਕਰਨਾ, ਉਹਨਾਂ ਸਭ ਨੂੰ ਰਿਲੇਟਿਵ ਧਰਮ ਕਿਹਾ ਹੈ। ਉਸ ਨਾਲ

ਪੁੰਨ ਬੰਨ੍ਹਦਾ ਹੈ ਅਤੇ ਗਾਲ੍ਹਾਂ ਕੱਢਣ ਨਾਲ, ਮਾਰ-ਕੁੱਟ ਕਰਨ ਨਾਲ, ਲੁੱਟ ਲੈਣ ਨਾਲ ਪਾਪ ਬੰਨ੍ਹਦੇ ਹਨ। ਪੁੰਨ ਅਤੇ ਪਾਪ ਜਿੱਥੇ ਹੈ, ਉੱਥੇ ਰੀਅਲ ਧਰਮ ਨਹੀਂ ਹੈ। ਰੀਅਲ ਧਰਮ ਪਾਪ-ਪੁੰਨ ਤੋਂ ਰਹਿਤ ਹੈ। ਜਿੱਥੇ ਪਾਪ-ਪੁੰਨ ਨੂੰ ਹੇਯ ਮੰਨਿਆ ਜਾਂਦਾ ਹੈ ਅਤੇ ਖੁਦ ਦਾ ਆਤਮ ਸਵਰੂਪ ਉਪਾਦੇਯ (ਗ੍ਰਹਣੀਯ) ਮੰਨਿਆ ਜਾਂਦਾ ਹੈ, ਉੱਥੇ 'ਰੀਅਲ ਧਰਮ' ਹੈ। ਇਸ ਤਰ੍ਹਾਂ ਇਹ 'ਰੀਅਲ' ਅਤੇ 'ਰਿਲੇਟਿਵ' ਦੋਵੇਂ ਅਲੱਗ ਧਰਮ ਹਨ।

ਜਦੋਂ ਤੱਕ 'ਮੈਂ ਕੌਣ ਹਾਂ' ਜਾਣੇਗਾ ਨਹੀਂ, ਉਦੋਂ ਤੱਕ ਪੁੰਨ ਉਪਾਦੇਯ ਰੂਪ ਵਿੱਚ ਹੀ ਹੁੰਦਾ ਹੈ ਅਤੇ ਪਾਪ ਹੇਯ ਰੂਪ ਵਿੱਚ ਹੁੰਦਾ ਹੈ। ਪਾਪ-ਪੁੰਨ ਹੇਯ ਹੋ ਗਏ, ਉੱਥੇ ਸਮਕਿਤ! ਭਗਵਾਨ ਨੇ ਕਿਹਾ ਹੈ ਕਿ ਪਾਪ-ਪੁੰਨ ਦੋਨਾਂ ਦੇ ਉੱਪਰ ਜਿਸਨੂੰ ਦਵੇਸ਼ ਜਾਂ ਰਾਗ ਨਹੀਂ ਹੈ ਉਹ 'ਵੀਤਰਾਗ' ਹੈ!

**- ਜੈ ਸੱਚਿਦਾਨੰਦ**

## ਦਾਦਾ ਭਗਵਾਨ ਫਾਊਂਡੇਸ਼ਨ ਦੁਆਰਾ ਪ੍ਰਕਾਸ਼ਿਤ ਪੰਜਾਬੀ ਪੁਸਤਕਾਂ

1. ਆਤਮ ਸਾਖ਼ਸ਼ਾਤਕਾਰ
2. ਮੌਤ ਸਮੇਂ, ਪਹਿਲਾਂ ਅਤੇ ਬਾਅਦ
3. ਭਾਵਨਾ ਨਾਲ ਸੁਧਰੇ ਜਨਮੋਂ-ਜਨਮ
4. ਦਾਨ
5. ਤ੍ਰਿਮੰਤਰ
6. ਕਰਮ ਦਾ ਸਿਧਾਂਤ
7. ਪ੍ਰਤੀਕ੍ਰਮਣ (ਸੰਖੇਪ ਗ੍ਰੰਥ)
8. ਹੋਇਆ ਸੋ ਨਿਆਂ
9. ਭੁਗਤੇ ਉਸੇ ਦੀ ਭੁੱਲ
10. ਅੰਤਹਕਰਣ ਦਾ ਸਰੂਪ
11. ਮੈਂ ਕੌਣ ਹਾਂ ?
12. ਮਾਨਵ ਧਰਮ
13. ਟਕਰਾਵ ਟਾਲੋ
14. ਚਿੰਤਾ
15. ਸੇਵਾ-ਪਰਉਪਕਾਰ
16. ਪਾਪ-ਪੁੰਨ
17. ਪੈਸਿਆਂ ਦਾ ਵਿਹਾਰ (ਸੰਖੇਪ ਗ੍ਰੰਥ)
18. ਜਗਤ ਕਰਤਾ ਕੌਣ ?
19. ਕਰੋਧ
20. ਐਡਜਸਟ ਐਵਰੀਵੇਅਰ

## दादा भगवान फाउन्डेशन के द्वारा प्रकाशित हिन्दी पुस्तकें

1. ज्ञानी पुरुष की पहचान
2. सर्व दु:खों से मुक्ति
3. आत्मबोध
4. दादा भगवान कौन ?
5. चमत्कार
6. प्रेम
7. समझ से प्राप्त ब्रह्मचर्य (सं, पू, उ)
8. निजदोष दर्शन से... निर्दोष
9. पति-पत्नी का दिव्य व्यवहार (सं)
10. क्लेश रहित जीवन
11. गुरु-शिष्य
12. अहिंसा
13. सत्य-असत्य के रहस्य
14. वर्तमान तीर्थंकर श्री सीमंधर स्वामी
15. माता-पिता और बच्चों का व्यवहार
16. वाणी, व्यवहार में... (सं)
17. कर्म का विज्ञान
18. सहजता
19. आप्तवाणी-1
20. आप्तवाणी-2
21. आप्तवाणी-3
22. आप्तवाणी-4
23. आप्तवाणी-5
24. आप्तवाणी-6
25. आप्तवाणी-7
26. आप्तवाणी-8
27. आप्तवाणी-9
28. आप्तवाणी-13 (पू, उ)
29. आप्तवाणी-14 (भाग-1, भाग-2)
30. ज्ञानी पुरुष (भाग-1)

**( सं - संक्षिप्त, ग्रं - ग्रंथ, पू - पूर्वार्ध, उ - उत्तरार्ध )**

- दादा भगवान फाउन्डेशन के द्वारा गुजराती भाषा में भी कई पुस्तकें प्रकाशित हुई हैं। वेबसाइट www.dadabhagwan.org पर से भी आप ये पुस्तकें प्राप्त कर सकते हैं।
- दादा भगवान फाउन्डेशन के द्वारा हर महीने हिन्दी, गुजराती तथा अंग्रेज़ी भाषा में ''दादावाणी'' मैगज़ीन प्रकाशित होती हैं।

# ਸੰਪਰਕ ਸੂਤਰ

## ਦਾਦਾ ਭਗਵਾਨ ਪਰਿਵਾਰ

**ਅਡਾਲਜ** : **ਤ੍ਰਿਮੰਦਰ**, ਸੀਮੰਧਰ ਸਿਟੀ, ਅਹਿਮਦਾਬਾਦ-ਕਲੋਲ ਹਾਈਵੇ,
ਪੋਸਟ : ਅਡਾਲਜ, ਜ਼ਿਲ੍ਹਾ - ਗਾਂਧੀਨਗਰ,
ਗੁਜਰਾਤ - 382421
**ਫੋਨ** : 9328661166, 9328661177
E-mail : info@dadabhagwan.org

**ਮੁੰਬਈ** : ਤ੍ਰਿਮੰਦਰ, ਰਿਸ਼ੀਵਨ, ਕਾਜੁਪਾਡਾ, ਬੋਰੀਵਲੀ (E)
ਫੋਨ : 9323528901

| | | | |
|---|---|---|---|
| **ਦਿੱਲੀ** | : 9810098564 | **ਬੰਗਲੁਰੂ** | : 9590979099 |
| **ਕੋਲਕਾਤਾ** | : 9830080820 | **ਹੈਦਰਾਬਾਦ** | : 9885058771 |
| **ਚੇਨੱਈ** | : 7200740000 | **ਪੁਣੇ** | : 7218473468 |
| **ਜੈਪੁਰ** | : 8890357990 | **ਜਲੰਧਰ** | : 9814063043 |
| **ਭੋਪਾਲ** | : 6354602399 | **ਚੰਡੀਗੜ੍ਹ** | : 9780732237 |
| **ਇੰਦੌਰ** | : 6354602400 | **ਕਾਨਪੁਰ** | : 9452525981 |
| **ਰਾਏਪੁਰ** | : 9329644433 | **ਸਾਂਗਲੀ** | : 9423870798 |
| **ਪਟਨਾ** | : 7352723132 | **ਭੁਵਨੇਸ਼ਵਰ** | : 8763073111 |
| **ਅਮਰਾਵਤੀ** | : 9422915064 | **ਵਾਰਾਣਸੀ** | : 9795228541 |

**U.S.A.** : **DBVI Tel. :** +1 877-505-DADA (3232),
**Email :** info@us.dadabhagwan.org
**U.K.** : +44 330-111-DADA (3232)
**Kenya** : +254 722 722 063
**UAE** : +971 557316937
**Dubai** : +971 501364530
**Australia** : +61 421127947
**New Zealand** : +64 21 0376434
**Singapore** : +65 81129229

**www.dadabhagwan.org**



## ਮੋਕਸ਼ ਹੇਤੂ, ਪੁੰਨਿਆਨੁਬੰਧੀ ਪੁੰਨ

ਸਮਕਿਤ ਪ੍ਰਾਪਤੀ ਦੇ ਲਈ ਪੁੰਨਿਆਨੁਬੰਧੀ ਪੁੰਨ ਚਹੀਦਾ ਹੈ। ਕ੍ਰੋਧ-ਮਾਨ-ਮਾਇਆ-ਲੋਭ ਘਟਣੇ ਚਾਹੀਦੇ ਹਨ।

ਉਦੋਂ ਉਹ ਸਮਕਿਤ ਦੇ ਵੱਲ ਜਾਵੇਗਾ। ਸਾਡੀ ਸਿਰਫ਼ ਮੋਕਸ਼ ਵਿੱਚ ਹੀ ਜਾਣ ਦੀ ਇੱਛਾ ਹੋਣੀ ਚਾਹੀਦੀ ਹੈ ਅਤੇ ਉਸ ਇੱਛਾ ਦੇ ਲਈ ਜੋ-ਜੋ ਕੀਤਾ ਜਾਂਦਾ ਹੈ, ਉਹ ਕਿਰਿਆ ਪੁੰਨ ਬੰਨਦੀ ਹੈ। ਕਿਉਂਕਿ ਹੇਤੂ ਮੋਕਸ਼ ਦਾ ਹੈ ਨਾ, ਇਸ ਲਈ।

ਫਿਰ ਖੁਦ ਦੇ ਕੋਲ ਜੋ ਕੁੱਝ ਹੋਵੇ ਉਸਨੂੰ ਲੁਟਾ ਦੇਵੇ! ਪਰਾਇਆ ਦੇ ਲਈ ਲੁਟਾ ਦੇਵੇ, ਉਹ ਪੁੰਨਿਆਨੁਬੰਧੀ ਪੁੰਨ ਕਹਾਉਂਦਾ ਹੈ। ਕਿਸੇ ਵੀ ਕਿਰਿਆ ਵਿੱਚ ਬਦਲੇ ਦੀ ਇੱਛਾ ਨਾ ਰੱਖੇ, ਸਾਹਮਣੇ ਵਾਲੇ ਨੂੰ ਸੁੱਖ ਦਿੰਦੇ ਸਮੇਂ ਕਿਸੇ ਵੀ ਤਰ੍ਹਾਂ ਬਦਲੇ ਦੀ ਇੱਛਾ ਨਾ ਰੱਖੇ, ਉਹ ਪੁੰਨਿਆਨੁਬੰਧੀ ਪੁੰਨ ਕਹਾਉਂਦਾ ਹੈ।

-ਦਾਦਾ ਸ਼੍ਰੀ

मूल दीपक से प्रकटे दीपमाला

dadabhagwan.org

ISBN 978-93-90664-46-7

Printed in India

Price ₹40